# ਆਪਣੇ ਵਿਸ਼ਵਾਸ ਨੂੰ ਬੋਲੋ



ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕੇ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ (ਮਰਕੁਸ 11:23)

ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2024

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - Speak Your Faith)

# ਆਪਣੇ ਵਿਸ਼ਵਾਸ ਨੂੰ ਬੋਲੋ

ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕੇ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ (ਮਰਕੁਸ 11:23)

*ਯਿਸੂ ਨੇ ਉੱਤਰ ਦਿੱਤਾ, "ਜੇਕਰ ਕੋਈ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਅਤੇ ਇਸ ਪਹਾੜ ਨੂੰ ਕਹਿੰਦਾ ਹੈ, 'ਉੱਠ, ਅਤੇ ਸਮੁੰਦਰ ਵਿੱਚ ਜਾ ਪੈ।' ਜੇਕਰ ਉਸ ਦੇ ਦਿਲ ਵਿੱਚ ਕਿਸੇ ਤਰ੍ਹਾਂ ਦੀ ਕੋਈ ਸ਼ੰਕਾ ਨਹੀਂ ਪਰ ਵਿਸ਼ਵਾਸ ਹੈ ਕਿ ਜੋ ਕੁਝ ਉਸ ਨੇ ਕਿਹਾ ਹੈ, ਹੋਵੇਗਾ ਤਾਂ ਉਸ ਲਈ ਉਹ ਹੋ ਜਾਵੇਗਾ।*

*(ਮਰਕੁਸ 11:22,23)*

# ਨਾਈਸੀਨ ਕ੍ਰੀਡ (ਧਰਮ)

ਨਾਈਸੀਨ ਕ੍ਰੀਡ ਇਸ ਗੱਲ ਦੀ ਘੋਸ਼ਣਾ ਹੈ ਕਿ ਸਾਰੀ ਕਲੀਸਿਯਾ ਪਵਿੱਤਰ ਗ੍ਰੰਥਾਂ ਦੇ ਅਧਾਰ ਉੱਤੇ ਮਸੀਹੀ ਧਰਮ ਦੇ ਮਹਾਨ ਸਿਧਾਂਤਾਂ ਬਾਰੇ ਕੀ ਵਿਸ਼ਵਾਸ ਕਰਦੀ ਹੈ। ਇਹ ਸਭ ਤੋਂ ਪਹਿਲੀ ਵਾਰ ਸੰਨ 325 ਈਸਵੀ ਵਿੱਚ ਨਾਈਸੀਆ ਦੀ ਸਭਾ ਵਿੱਚ ਬਿਸ਼ਪਾਂ ਦੇ ਇੱਕ ਇਕੱਠ ਵੱਲੋਂ ਅਪਣਾਈ ਗਈ ਸੀ ਅਤੇ ਸਦੀਆਂ ਤੋਂ ਵਿਸ਼ਵਾਸ ਦੇ ਇੱਕ ਦਲੇਰ ਇਕਰਾਰ ਵਜੋਂ ਵਰਤੀ ਜਾਂਦੀ ਰਹੀ ਹੈ। "ਕ੍ਰੀਡ" (ਧਰਮ) ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ 'ਕ੍ਰੇਡੋ' ਤੋਂ ਲਿਆ ਗਿਆ ਹੈ ਜਿਸ ਦਾ ਅਰਥ "ਮੈਂ ਵਿਸ਼ਵਾਸ ਅਤੇ ਭਰੋਸਾ ਕਰਦਾ ਹਾਂ" ਹੈ।

ਅਸੀਂ ਇੱਕ ਪਰਮੇਸ਼ਰ ਵਿੱਚ ਵਿਸ਼ਵਾਸ ਰੱਖਦੇ ਹਾਂ,
ਜਿਹੜੇ ਪਿਤਾ, ਸਰਬਸ਼ਕਤੀਮਾਨ, ਸਵਰਗ ਅਤੇ ਧਰਤੀ,
ਸਾਰੀਆਂ ਡਿੱਠੀਆਂ ਅਤੇ ਅਣਡਿੱਠੀਆਂ ਵਸਤਾਂ ਦਾ ਸਿਰਜਣਹਾਰ ਹਨ।

ਅਸੀਂ ਇੱਕੋ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਰੱਖਦੇ ਹਾਂ,
ਜਿਹੜੇ ਪਰਮੇਸ਼ਰ ਦੇ ਇਕਲੌਤੇ ਪੁੱਤਰ ਹਨ।
ਉਹ ਆਦ-ਜੁਗਾਦ ਤੋਂ ਪਹਿਲਾਂ ਹੀ ਪਿਤਾ ਤੋਂ ਪੈਦਾ ਹੋਏ ਹਨ ।
ਉਹ ਪਰਮੇਸ਼ਰ ਤੋਂ ਪਰਮੇਸ਼ਰ, ਚਾਨਣ ਤੋਂ ਚਾਨਣ,
ਸੱਚੇ ਪਰਮੇਸ਼ਰ ਤੋਂ ਸੱਚਾ ਪਰਮੇਸ਼ਰ ਹਨ।
ਉਹ ਬਣਾਇਆ ਹੋਏ ਨਹੀਂ ਸਗੋਂ ਪੈਦਾ ਹੋਏ ਹਨ।
ਪਿਤਾ ਅਤੇ ਉਹਨਾਂ ਦਾ ਤੱਤ ਇੱਕ ਹੈ।
ਉਹਨਾਂ ਦੇ ਰਾਹੀਂ ਸਭ ਕੁਝ ਰਚਿਆ ਗਿਆ ਹੈ।
ਸਾਡੇ ਅਤੇ ਸਾਡੀ ਮੁਕਤੀ ਲਈ ਉਹ ਸਵਰਗ ਤੋਂ ਹੇਠਾਂ ਆਏ;
ਅਤੇ ਉਹ, ਪਵਿੱਤਰ ਆਤਮਾ ਦੇ ਰਾਹੀਂ ਕੁਆਰੀ ਮਰਿਯਮ ਤੋਂ ਦੇਹਧਾਰ ਕੇ ਮਨੁੱਖ ਬਣੇ।
ਉਹਨਾਂ ਨੂੰ ਸਾਡੇ ਲਈ ਪੌਂਤੀਅਸ ਪਿਲਾਤੁਸ ਦੇ ਅਧੀਨ ਸਲੀਬ ਉੱਤੇ ਚੜ੍ਹਾਇਆ ਗਿਆ;
ਉਹਨਾਂ ਨੇ ਮੌਤ ਦਾ ਦੁੱਖ ਝੱਲਿਆ ਅਤੇ ਦਫ਼ਨਾਏ ਗਏ।
ਪਵਿੱਤਰ-ਗ੍ਰੰਥ ਦੇ ਅਨੁਸਾਰ ਉਹ ਤੀਜੇ ਦਿਨ ਦੁਬਾਰਾ ਜੀ ਉੱਠੇ;

ਉਹ ਸਵਰਗ ਵਿੱਚ ਉੱਠਾਏ ਗਏ ਅਤੇ ਪਿਤਾ ਦੇ ਸੱਜੇ ਹੱਥ ਵਿਰਾਜਮਾਨ ਹਨ।
ਉਹ ਜਿਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਮਹਿਮਾ
ਨਾਲ ਮੁੜ ਆਉਣਗੇ;
ਉਹਨਾਂ ਦੇ ਰਾਜ ਦਾ ਕੋਈ ਅੰਤ ਨਹੀਂ ਹੋਵੇਗਾ।

ਅਸੀਂ ਪਵਿੱਤਰ ਆਤਮਾ ਵਿੱਚ ਵਿਸ਼ਵਾਸ ਰੱਖਦੇ ਹਾਂ,
ਜਿਹੜਾ ਪ੍ਰਭੂ ਅਤੇ ਜੀਵਨ ਦਾਤਾ ਹੈ,
ਜਿਹੜਾ ਪਿਤਾ ਅਤੇ ਪੁੱਤਰ ਤੋਂ ਨਿਕਲਦਾ ਹੈ,
ਉਸ ਦੀ ਪਿਤਾ ਅਤੇ ਪੁੱਤਰ ਦੇ ਨਾਲ ਉਸਤਤ ਅਤੇ ਵਡਿਆਈ
ਕੀਤੀ ਜਾਂਦੀ ਹੈ,
ਉਹ ਨਬੀਆਂ ਦੇ ਰਾਹੀਂ ਬੋਲਿਆ ਹੈ।
ਅਸੀਂ ਇੱਕ, ਪਵਿੱਤਰ ਕੈਥੋਲਿਕ ਅਤੇ ਰਸੂਲੀ ਕਲੀਸਿਯਾ ਵਿੱਚ
ਵਿਸ਼ਵਾਸ ਰੱਖਦੇ ਹਾਂ।
ਅਸੀਂ ਪਾਪਾਂ ਦੀ ਮਾਫ਼ੀ ਲਈ, ਇੱਕ ਹੀ ਬਪਤਿਸਮੇ ਨੂੰ ਮੰਨਦੇ ਹਾਂ।
ਅਸੀਂ ਮੁਰਦਿਆਂ ਦੇ ਜੀ ਉੱਠਣ ਅਤੇ ਆਉਣ ਵਾਲੇ ਸੰਸਾਰ ਵਿੱਚ ਜੀਵਨ ਦੀ
ਉਡੀਕ ਰੱਖਦੇ ਹਾਂ।
ਆਮੀਨ।।

**ਨੋਟ:** “ਕੈਥੋਲਿਕ” ਸ਼ਬਦ ਦਾ ਅਰਥ “ਪੂਰਾ” ਜਾਂ “ਵਿਸ਼ਵਵਿਆਪੀ” ਹੈ।

# ਸਾਡੀ ਘੋਸ਼ਣਾ

ਇਹ ਸਾਡੀ ਘੋਸ਼ਣਾ ਹੈ ਜਿਹੜੀ ਅਸੀਂ ਆਮ ਤੌਰ ਤੇ ਪਰਮੇਸ਼ਰ ਦਾ ਵਚਨ ਸੁਣਨ ਤੋਂ ਪਹਿਲਾਂ ਸਾਡੀਆਂ ਐਤਵਾਰ ਦੀਆਂ ਸਭਾਵਾਂ ਦੌਰਾਨ ਇੱਕ ਕਲੀਸਿਯਾ ਵਜੋਂ ਕਰਦੇ ਹਾਂ।

ਇਹ ਪਰਮੇਸ਼ਰ ਦਾ ਵਚਨ ਹੈ।

ਇਹ ਪਰਮੇਸ਼ਰ ਹਨ ਜਿਹੜੇ ਮੇਰੇ ਨਾਲ ਗੱਲ ਕਰ ਰਹੇ ਹਨ ।

ਮੈਂ ਉਹ ਹਾਂ ਜੋ ਪਰਮੇਸ਼ਰ ਕਹਿੰਦੇ ਹਨ, ਕਿ ਮੈਂ ਹਾਂ।

ਮੈਂ ਉਹ ਕਰ ਸਕਦਾ ਹਾਂ ਜੋ ਪਰਮੇਸ਼ਰ ਕਹਿੰਦੇ ਹਨ, ਕਿ ਮੈਂ ਕਰ ਸਕਦਾ ਹਾਂ।

ਮੈਂ ਉਹ ਸਭ ਕੁਝ ਬਣ ਜਾਵਾਂਗਾ ਜਿਸ ਦਾ ਪਰਮੇਸ਼ਰ ਨੇ ਵਾਅਦਾ ਕੀਤਾ ਹੈ।

ਮੈਂ ਬਚਾਇਆ ਗਿਆ, ਚੰਗਾ ਕੀਤਾ, ਮੁਕਤ ਕੀਤਾ ਗਿਆ ਅਤੇ ਛੁਟਕਾਰਾ ਪਾਇਆ ਹੋਇਆ ਹਾਂ।

ਮੈਂ ਧੰਨ, ਫ਼ਤਿਹਮੰਦ, ਖੁਸ਼ਹਾਲ, ਜੇਤੂ ਹਾਂ।

ਮੈਂ ਪਰਮੇਸ਼ਰ ਦਾ ਸੇਵਕ ਹਾਂ, ਮਸੀਹ ਦਾ ਇੱਕ ਸੇਵਕ ਹਾਂ ਅਤੇ ਬਹੁਤ ਸਾਰੇ ਲੋਕਾਂ ਲਈ ਉਹਨਾਂ ਦੀ ਬਰਕਤ ਦਾ ਇੱਕ ਰਾਹ ਹਾਂ।

ਮੈਂ ਪਰਮੇਸ਼ਰ ਦੇ ਵਚਨ ਨੂੰ ਲੈਂਦਾ ਹਾਂ, ਮੈਂ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਮੈਂ ਉਹਨਾਂ ਦੇ ਵਚਨ ਦੁਆਰਾ ਜਿਉਂਦਾ ਹਾਂ।

ਮਸੀਹ ਮੇਰੇ ਸੁਆਮੀ ਹਨ ਅਤੇ ਮੈਂ ਆਪਣਾ ਜੀਵਨ ਪੂਰੀ ਤਰ੍ਹਾਂ ਉਹਨਾਂ ਦੇ ਅੱਗੇ ਸੌਂਪਦਾ ਹਾਂ।

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ । ਆਮੀਨ।

# ਮੇਰੇ ਜੀਵਨ ਵਿੱਚ ਪਰਮੇਸ਼ਰ ਦੇ ਵਚਨ ਦੀ ਮੇਰੀ ਘੋਸ਼ਣਾ

ਇਹ ਉਦਾਹਰਨਾਂ ਦਿੱਤੀਆਂ ਗਈਆਂ ਹਨ ਕਿ ਤੁਸੀਂ ਆਪਣੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਪਰਮੇਸ਼ਰ ਦੇ ਵਚਨ ਨੂੰ ਆਪਣੇ ਵਿਸ਼ਵਾਸ ਵਜੋਂ ਕਿਸ ਤਰ੍ਹਾਂ ਘੋਸ਼ਤ ਕਰ ਸਕਦੇ ਹੋ। ਪਰਮੇਸ਼ਰ ਦੇ ਵਚਨ ਉੱਤੇ ਧਿਆਨ ਕਰੋ। ਪਰਮੇਸ਼ਰ ਦਾ ਵਚਨ ਤੁਹਾਡੇ ਦਿਲ ਵਿੱਚ ਵਿਸ਼ਵਾਸ ਨੂੰ ਪੈਦਾ ਕਰਨ ਦਾ ਕਾਰਨ ਬਣੇ। ਫਿਰ ਆਪਣੇ ਵਿਸ਼ਵਾਸ ਦਾ ਇਕਰਾਰ ਕਰੋ।

## ਅਧਿਕਾਰ ਅਤੇ ਪ੍ਰਭੁਤਾ

ਪ੍ਰਭੂ ਯਿਸੂ ਮਸੀਹ ਨੇ ਮੈਨੂੰ ਉਹਨਾਂ ਦੇ ਨਾਮ ਦੀ ਵਰਤੋਂ ਕਰਨ, ਉਹਨਾਂ ਦੇ ਵੱਲੋਂ ਕੰਮ ਕਰਨ ਅਤੇ ਉਹ ਕਰਨ ਦਾ ਅਧਿਕਾਰ ਦਿੱਤਾ ਹੈ ਜਿਹੜਾ ਕੰਮ ਉਹ ਪੂਰਾ ਹੋਇਆ ਦੇਖਣਾ ਚਾਹੁੰਦੇ ਹਨ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਭੂਤਾਂ ਨੂੰ ਕੱਢਦਾ ਅਤੇ ਬਿਮਾਰਾਂ ਨੂੰ ਚੰਗਾ ਕਰਦਾ ਹਾਂ। ਪ੍ਰਭੂ ਯਿਸੂ ਮਸੀਹ ਨੇ ਮੈਨੂੰ ਵੈਰੀ ਦੀ ਸਾਰੀ ਤਾਕ਼ਤ ਉੱਤੇ ਅਧਿਕਾਰ ਦਿੱਤਾ ਹੈ ਅਤੇ ਉਹ ਮੈਨੂੰ ਕੁਝ ਵੀ ਨੁਕਸਾਨ ਨਹੀਂ ਪਹੁੰਚਾਵੇਗਾ। ਮੈਂ ਪ੍ਰਭੂ ਯਿਸੂ ਮਸੀਹ ਵਿੱਚ ਪਿਤਾ ਦੇ ਸੱਜੇ ਹੱਥ, ਪ੍ਰਭੁਤਾ ਅਤੇ ਅਧਿਕਾਰ ਦੇ ਸਥਾਨ ਵਿੱਚ ਬੈਠਾ ਹਾਂ। (ਮਰਕੁਸ 16:17,18; ਲੂਕਾ 10:19; ਅਫ਼ਸੀਆਂ 2:6)।

## ਪ੍ਰਾਰਥਨਾ ਦਾ ਉੱਤਰ

ਪ੍ਰਭੂ ਯਿਸੂ ਮਸੀਹ ਨੇ ਵਾਅਦਾ ਕੀਤਾ ਹੈ ਕਿ ਮੈਂ ਉਹਨਾਂ ਦੇ ਨਾਮ ਵਿੱਚ ਵਿਸ਼ਵਾਸ ਨਾਲ ਜੋ ਕੁਝ ਵੀ ਪਿਤਾ ਕੋਲੋਂ ਮੰਗਾਂਗਾ ਉਹ ਮੈਨੂੰ ਮਿਲੇਗਾ। ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ, ਮੈਂ ਵਿਸ਼ਵਾਸ ਕਰਦਾ ਹਾਂ, ਕਿ ਜੋ ਕੁਝ ਮੈਂ ਮੰਗਦਾ ਹਾਂ ਮੈਂ ਉਹ ਪ੍ਰਾਪਤ ਕਰ ਲਿਆ ਹੈ ਅਤੇ ਮੇਰੇ ਕੋਲ ਉਹ ਹੋਵੇਗਾ। ਮੈਂ ਪਰਮੇਸ਼ਰ ਵਿੱਚ ਰਹਿੰਦਾ ਹਾਂ, ਉਹਨਾਂ ਦਾ ਵਚਨ ਮੇਰੇ ਵਿੱਚ ਰਹਿੰਦਾ ਹੈ ਅਤੇ ਜੋ ਕੁਝ ਮੈਂ ਪ੍ਰਾਰਥਨਾ ਵਿੱਚ ਮੰਗਦਾ ਹਾਂ, ਉਹ ਮੇਰੇ ਲਈ ਕੀਤਾ ਜਾਂਦਾ ਹੈ। (ਯੂਹੰਨਾ 16:23,24; ਮੱਤੀ 21:22; ਮਰਕੁਸ 11:24; ਯੂਹੰਨਾ 15:7)।

## ਮਸਹ ਅਤੇ ਸਮਰੱਥਾ

ਮੈਂ ਸਮਰੱਥਾ ਪ੍ਰਾਪਤ ਕਰ ਲਈ ਹੈ ਕਿਉਂਕਿ ਪਵਿੱਤਰ ਆਤਮਾ ਮੇਰੇ ਉੱਤੇ ਉੱਤਰਿਆ ਹੈ ਅਤੇ ਮੈਂ ਪ੍ਰਭੂ ਯਿਸੂ ਮਸੀਹ ਦਾ ਗਵਾਹ ਹਾਂ। ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ ਅਤੇ ਉਹ ਮੈਨੂੰ ਚੰਗਾ ਕਰਨ, ਆਜ਼ਾਦ ਕਰਨ ਅਤੇ ਬੰਦੀਆਂ ਨੂੰ ਛੁਟਕਾਰਾ ਦੇਣ ਦੀ ਸਮਰੱਥ ਦਿੰਦੇ ਹਨ। ਜਿਹਨਾਂ ਨੇ ਮੈਨੂੰ ਸੱਦਿਆ ਅਤੇ ਉਹਨਾਂ ਨੇ ਮੇਰਾ ਮਸਹ ਕੀਤਾ ਹੈ ਉਹ ਪਰਮੇਸ਼ਰ ਹਨ। ਮੇਰੇ ਜੀਵਨ ਉੱਤੇ ਪਵਿੱਤਰ ਆਤਮਾ ਦਾ ਮਸਹ, ਦੁਸ਼ਟ ਆਤਮਾਵਾਂ ਦੇ ਜੂਲੇ ਦਾ ਨਾਸ਼ ਕਰਦਾ ਅਤੇ ਲੋਕਾਂ ਦੇ ਦੁਸ਼ਟ ਆਤਮਾਵਾਂ ਵਾਲੇ ਬੋਝ ਨੂੰ ਦੂਰ ਕਰਦਾ ਹੈ। (ਰਸੂਲਾਂ ਦੇ ਕਰਤੱਬ 1:8; ਲੂਕਾ 4:18,19; 2 ਕੁਰਿੰਥੀਆਂ 1:21; ਯਸਾਯਾਹ 10:27)।

## ਅਸੀਸਾਂ

ਮੈਂ ਉਸ ਹਰ ਅਸੀਸ ਨਾਲ ਜਿਹੜੀ ਪਰਮੇਸ਼ਰ ਤੋਂ ਪ੍ਰਾਪਤ ਹੁੰਦੀ ਹੈ, ਅਸੀਸਤ ਹਾਂ। ਮੈਂ ਉਹ ਸਾਰੀਆਂ ਅਸੀਸਾਂ ਸਾਂਝੀਆਂ ਕਰਦਾ ਅਤੇ ਉਹਨਾਂ ਦਾ ਆਨੰਦ ਮਾਣਦਾ ਹਾਂ ਜਿਹੜੀਆਂ ਪਰਮੇਸ਼ਰ ਦੇ ਆਪਣੇ ਲੋਕਾਂ ਲਈ ਹਨ। ਮੈਂ ਉਸ ਸਭ ਵਿੱਚ ਅਸੀਸਤ ਹਾਂ ਜਿਸ ਕੰਮ ਵਿੱਚ ਮੈਂ ਆਪਣੇ ਹੱਥਾਂ ਨੂੰ ਪਾਉਂਦਾ ਹਾਂ। ਪ੍ਰਭੂ ਮੈਨੂੰ ਖ਼ੁਸ਼ਹਾਲ ਹੋਣਾ ਸਿਖਾਉਂਦੇ ਹਨ ਅਤੇ ਮੇਰੇ ਰਾਹਾਂ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ। ਮੈਂ ਪਰਮੇਸ਼ਰ ਦੀ ਆਗਿਆਕਾਰੀ ਵਿੱਚ ਚੱਲਦਾ ਹਾਂ ਅਤੇ ਪਰਮੇਸ਼ਰ ਦੀਆਂ ਅਸੀਸਾਂ ਇੱਕ ਨਦੀ ਦੀਆਂ ਧਾਰਾ ਵਾਂਗ ਵਗਦੀਆਂ ਹਨ ਜਿਹੜੀਆਂ ਕਦੇ ਸੁੱਕਦੀਆਂ ਨਹੀਂ ਹਨ। ਜਿੱਤ ਉਹਨਾਂ ਛੱਲਾਂ ਵਾਂਗ ਮੇਰੇ ਕੋਲ ਆਉਂਦੀ ਹੈ ਜਿਹੜੀਆਂ ਸਮੁੰਦਰ ਦੇ ਕੰਢੇ ਉੱਠਦੀਆਂ ਹਨ। (ਅਫ਼ਸੀਆਂ 1:3; ਕੁਲੁੱਸੀਆਂ 1:12; ਬਿਵਸਥਾ ਸਾਰ 28:6; ਯਸਾਯਾਹ 48:17,18)।

## ਹੌਸਲਾ ਅਤੇ ਭਰੋਸਾ

ਮੈਂ ਤਕੜਾ ਅਤੇ ਬਹੁਤ ਹੌਸਲੇ ਵਾਲਾ ਹਾਂ। ਮੈਂ ਸ਼ੇਰ ਦੀ ਤਰ੍ਹਾਂ ਦਲੇਰ ਹਾਂ। ਪਰਮੇਸ਼ਰ ਨੇ ਮੈਨੂੰ ਡਰ ਦਾ ਨਹੀਂ ਸਗੋਂ ਸਮਰੱਥਾ, ਪਿਆਰ ਅਤੇ ਸੰਜਮ ਦਾ ਆਤਮਾ ਦਿੱਤਾ ਹੈ। ਯਹੋਵਾਹ ਮੇਰਾ ਭਰੋਸਾ ਅਤੇ ਸੁਰੱਖਿਆ ਹਨ । (ਯਹੋਸ਼ੁਆ 1:9; ਕਹਾਉਤਾਂ 28:1; 2 ਤਿਮੋਥਿਉਸ 1:7; ਕਹਾਉਤਾਂ 14:26)।

## ਕਾਰਨਾਮੇ

ਮੈਂ ਆਪਣੇ ਪਰਮੇਸ਼ਰ ਨੂੰ ਜਾਣਦਾ ਹਾਂ। ਮੈਂ ਬਲਵੰਤ ਹਾਂ ਅਤੇ ਮੈਂ ਪਰਮੇਸ਼ਰ ਦੇ ਰਾਜ ਲਈ ਵੱਡੇ ਕੰਮ ਕਰਦਾ ਹਾਂ। ਪਰਮੇਸ਼ਰ ਮੇਰੇ ਵਿੱਚ ਕੰਮ ਕਰਦੇ ਹਨ ਅਤੇ ਮੇਰੇ ਦੁਆਰਾ ਉਹਨਾਂ ਸਾਰੇ ਕੰਮਾਂ ਨੂੰ ਜਿਹੜੇ ਮੇਰੀ ਮੰਗ ਜਾਂ ਸੋਚ ਦੀ ਹੱਦ ਤੋਂ ਬਾਹਰ ਹਨ, ਮੇਰੇ ਵਿੱਚ ਆਪਣੀ ਸਮਰੱਥਾ ਦੁਆਰਾ ਪੂਰਾ ਕਰਦੇ ਹਨ। (ਦਾਨੀਏਲ 11:32; ਅਫ਼ਸੀਆਂ 3:20)।

## ਭਵਿੱਖ

ਪਰਮੇਸ਼ਰ ਜਾਣਦੇ ਹਨ ਕਿ ਉਹਨਾਂ ਕੋਲ ਮੇਰੇ ਲਈ ਕਿਹੜੀਆਂ ਯੋਜਨਾਵਾਂ ਹਨ, ਮੈਨੂੰ ਖ਼ੁਸ਼ਹਾਲੀ ਅਤੇ ਉਮੀਦ ਨਾਲ ਭਰਿਆ ਭਵਿੱਖ ਦੇਣ ਦੀਆਂ ਯੋਜਨਾਵਾਂ। ਪਰਮੇਸ਼ਰ ਨੇ ਉਹਨਾਂ ਵਸਤਾਂ ਦੀ ਯੋਜਨਾ ਬਣਾਈ ਹੈ ਜਿਹੜੀਆਂ ਉਹ ਮੇਰੇ ਤੋਂ ਕਰਵਾਉਣਾ ਚਾਹੁੰਦੇ ਹਨ ਅਤੇ ਮੈਂ ਉਹਨਾਂ ਵਿੱਚ ਚੱਲ ਰਿਹਾ ਹਾਂ। ਸਾਰੀਆਂ ਗੱਲਾਂ ਮੇਰੇ ਭਲੇ ਦੇ ਲਈ ਕੰਮ ਕਰ ਰਹੀਆਂ ਹਨ ਕਿਉਂਕਿ ਮੈ ਪਰਮੇਸ਼ਰ ਦੇ ਉਦੇਸ਼ਾਂ ਲਈ ਬੁਲਾਇਆ ਗਿਆ ਹੈ। ਨਾ ਕਿਸੇ ਅੱਖਾਂ ਨੇ ਵੇਖੀਆਂ, ਨਾ ਕਿਸੇ ਕੰਨਾਂ ਨੇ ਸੁਣੀਆਂ, ਅਤੇ ਨਾ ਹੁਣ ਤੱਕ ਉਹ ਵਸਤਾਂ ਦੀ ਕਿਸੇ ਨੇ ਕਲਪਨਾ ਕੀਤੀ ਹੈ, ਜਿਹੜੀਆਂ ਪਰਮੇਸ਼ਰ ਨੇ ਮੇਰੇ ਲਈ ਤਿਆਰ ਕੀਤੀਆਂ ਹਨ ਕਿਉਂਕਿ ਮੈਂ ਪਰਮੇਸ਼ਰ ਨੂੰ ਪਿਆਰ ਕਰਦਾ ਹਾਂ। (ਯਿਰਮਿਯਾਹ 29:11; ਅਫ਼ਸੀਆਂ 2:10; ਰੋਮੀਆਂ 8:28; 1 ਕੁਰਿੰਥੀਆਂ 2:9)।

## ਪਰਿਵਾਰ, ਘਰ ਅਤੇ ਬੱਚੇ

ਪਰਮੇਸ਼ਰ ਨੇ ਮੇਰੇ ਘਰ ਨੂੰ ਅਸੀਸ ਦਿੱਤੀ ਹੈ। ਮੇਰਾ ਘਰ ਇੱਕ ਅਮਨ ਦਾ , ਸ਼ਾਂਤੀ ਦਾ ਅਤੇ ਸੁਰੱਖਿਆ ਦਾ ਸਥਾਨ ਹੈ ਅਤੇ ਇਹ ਚਿੰਤਾਵਾਂ ਤੋਂ ਮੁਕਤ ਹੈ। ਪਰਮੇਸ਼ਰ ਆਪਣਾ ਆਤਮਾ ਅਤੇ ਆਪਣੀ ਅਸੀਸ ਮੇਰੇ ਬੱਚਿਆਂ ਉੱਤੇ ਡੋਲ੍ਹਦੇ ਹਨ । ਮੇਰੇ ਸਾਰੇ ਬੱਚੇ ਪ੍ਰਭੂ ਦੁਆਰਾ ਸਿਖਾਏ ਗਏ ਹਨ ਅਤੇ ਉਹਨਾਂ ਵਿੱਚ ਅਸੀਮ ਸ਼ਾਂਤੀ ਹੈ। (ਕਹਾਉਤਾਂ 3:33; ਜ਼ਬੂਰ 118:15; ਯਸਾਯਾਹ 32:18; ਯਸਾਯਾਹ 44:3; ਯਸਾਯਾਹ 54:13)।

## ਵਿਸ਼ਵਾਸ

ਪਰਮੇਸ਼ਰ ਨੇ ਮੈਨੂੰ ਵਿਸ਼ਵਾਸ ਦਾ ਮਾਪ ਦਿੱਤਾ ਹੈ। ਮੈਂ ਵਿਸ਼ਵਾਸ ਨਾਲ ਜਿਉਂਦਾ ਹਾਂ ਨਾ ਕਿ ਦੇਖਣ ਨਾਲ। ਮੈਂ ਵਿਸ਼ਵਾਸ ਕਰਦਾ ਹਾਂ ਅਤੇ ਮੈਂ ਪਰਮੇਸ਼ਰ ਦੀ ਮਹਿਮਾ ਵੇਖਾਂਗਾ। ਮੇਰੇ ਦਿਲ ਵਿੱਚ ਵਿਸ਼ਵਾਸ ਦੇ ਨਾਲ ਮੈਂ ਪਹਾੜਾਂ ਨੂੰ ਕਹਿੰਦਾ ਹਾਂ ਅਤੇ ਉਹ ਹਟ ਜਾਂਦੇ ਹਨ ਅਤੇ ਮੇਰੇ ਲਈ ਕੁਝ ਵੀ ਅਣਹੋਣਾ ਨਹੀਂ ਹੈ। (ਰੋਮੀਆਂ 12:3; 2 ਕੁਰਿੰਥੀਆਂ 5:7; ਯੂਹੰਨਾ 11:40; ਮੱਤੀ 17:20)।

## ਉਪਕਾਰ ਅਤੇ ਰਿਸ਼ਤੇ

ਪਰਮੇਸ਼ਰ ਮੈਨੂੰ ਇੱਕ ਢਾਲ ਵਾਂਗ ਕਿਰਪਾ ਦੇ ਨਾਲ ਘੇਰ ਲੈਂਦੇ ਹਨ। ਪਰਮੇਸ਼ਰ ਮੇਰੇ ਲਈ ਇੱਜ਼ਤ ਅਤੇ ਉੱਚੇ ਆਦਰ ਮਾਣ ਵਿੱਚ ਰੱਖੇ ਜਾਣ ਦਾ ਕਾਰਨ ਬਣਦੇ ਹਨ। ਮੈਂ ਦਯਾ ਅਤੇ ਨੇਕੀ ਵਿੱਚ ਚੱਲਦਾ ਹਾਂ ਅਤੇ ਮੇਰੇ ਆਲੇ ਦੁਆਲੇ ਦੇ ਲੋਕਾਂ ਨਾਲ ਮੇਰਾ ਪਿਆਰ ਹੈ ਅਤੇ ਉਹਨਾਂ ਵਿੱਚ ਮੇਰੀ ਚੰਗੀ ਸਮਝ ਹੈ। ਪਰਮੇਸ਼ਰ ਮੇਰੇ ਵੈਰੀਆਂ ਨੂੰ ਵੀ ਮੇਰੇ ਨਾਲ ਸ਼ਾਂਤੀ ਵਿੱਚ ਰਹਿਣ ਲਈ ਰਾਜ਼ੀ ਕਰਦੇ ਹਨ। ਜਿਹੜੇ ਲੋਕ ਪ੍ਰਭੂ ਨੂੰ ਪਿਆਰ ਕਰਦੇ ਹਨ ਉਹ ਮੈਨੂੰ ਵੇਖ ਕੇ ਖ਼ੁਸ਼ ਹੁੰਦੇ ਹਨ ਕਿਉਂਕਿ ਮੈਂ ਪ੍ਰਭੂ ਦਾ ਆਦਰ ਕਰਦਾ ਹਾਂ। (ਜ਼ਬੂਰ 5:12; ਕਹਾਉਤਾਂ 22:4; ਕਹਾਉਤਾਂ 3:3,4; ਕਹਾਉਤਾਂ 16:7; ਜ਼ਬੂਰ 119:74)।

## ਮਾਰਗ ਦਰਸ਼ਨ

ਪਵਿੱਤਰ ਆਤਮਾ ਮੇਰੀ ਅਗਵਾਈ ਕਰਦਾ ਹੈ ਅਤੇ ਸਾਰੀ ਸਚਿਆਈ ਵਿੱਚ ਮੇਰਾ ਮਾਰਗ ਦਰਸ਼ਨ ਕਰਦਾ ਹੈ। ਪ੍ਰਭੂ ਮੇਰੀ ਅਗਵਾਈ ਕਰਦੇ ਹਨ ਅਤੇ ਜਿਸ ਰਾਹ ਉੱਤੇ ਮੈਨੂੰ ਚੱਲਣਾ ਚਾਹੀਦਾ ਹੈ ਮੈਨੂੰ ਉਸ ਰਾਹ ਬਾਰੇ ਸਿਖਾਉਂਦੇ ਹਨ। ਉਹ ਆਪਣੀ ਤੇਜ਼ ਨਜ਼ਰ ਨਾਲ ਮੇਰਾ ਮਾਰਗ ਦਰਸ਼ਨ ਕਰਦੇ ਹਨ। ਮੇਰੇ ਪੈਰਾਂ ਨੂੰ ਪਰਮੇਸ਼ਰ ਵੱਲੋਂ ਦ੍ਰਿੜ੍ਹ ਕੀਤਾ ਗਿਆ ਹੈ ਕਿਉਂਕਿ ਉਹ ਮੇਰੇ ਰਾਹਾਂ ਤੋਂ ਪ੍ਰਸੰਨ ਹਨ। ਭਾਵੇਂ ਮੈਂ ਡਿੱਗ ਵੀ ਜਾਵਾਂ ਉਹ ਮੈਨੂੰ ਸੰਭਾਲਦੇ ਹਨ ਅਤੇ ਮੈਨੂੰ ਦੁਬਾਰਾ ਖੜ੍ਹਾ ਕਰਦੇ ਹਨ। ਪਰਮੇਸ਼ਰ ਦਾ ਵਚਨ ਮੇਰੀ ਅਗਵਾਈ ਕਰਨ ਲਈ ਇੱਕ ਦੀਪਕ ਅਤੇ ਮੇਰੇ ਰਾਹ ਲਈ ਇੱਕ ਚਾਨਣ ਹੈ। ਮੈਂ ਉਹਨਾਂ ਦੇ ਵਚਨ ਦੇ ਅਨੁਸਾਰ ਚੱਲਦਾ ਹਾਂ। (ਯੂਹੰਨਾ 16:13; ਜ਼ਬੂਰ 32:8; ਜ਼ਬੂਰ 37:23,24; ਜ਼ਬੂਰ 119:105)।

## ਸਿਹਤ ਅਤੇ ਚੰਗਿਆਈ

ਪ੍ਰਭੂ ਯਿਸੂ ਮਸੀਹ ਨੇ ਆਪ ਮੇਰੀਆਂ ਸਾਰੀਆਂ ਕਮਜ਼ੋਰੀਆਂ ਅਤੇ ਬਿਮਾਰੀਆਂ ਨੂੰ ਸਲੀਬ ਉੱਤੇ ਚੁੱਕ ਲਿਆ ਹੈ। ਮੈਨੂੰ ਉਹਨਾਂ ਦੇ ਜ਼ਖ਼ਮਾਂ ਤੋਂ ਚੰਗਿਆਈ ਮਿਲੀ ਹੈ ਜਿਹੜੇ ਪ੍ਰਭੂ ਯਿਸੂ ਮਸੀਹ ਨੇ ਸਲੀਬ ਉੱਤੇ ਮੇਰੇ ਲਈ ਲਏ ਸਨ। ਮੇਰੇ ਯਹੋਵਾਹ ਪਰਮੇਸ਼ਰ ਯਹੋਵਾਹ ਮੈਨੂੰ ਚੰਗਾ ਕਰਨ ਵਾਲੇ ਹਨ। ਯਹੋਵਾਹ ਮੇਰੀ ਰੋਟੀ ਅਤੇ ਮੇਰੇ ਪਾਣੀ ਨੂੰ ਬਰਕਤ ਦਿੰਦੇ ਅਤੇ ਮੇਰੇ ਵਿੱਚੋਂ ਮੇਰੀਆਂ ਸਾਰੀਆਂ ਬਿਮਾਰੀਆਂ ਕੱਢ ਦਿੰਦੇ ਹਨ। ਉਹ ਮੇਰੇ ਸਾਰੇ ਪਾਪਾਂ ਨੂੰ ਮਾਫ਼ ਕਰਦੇ ਅਤੇ ਮੈਨੂੰ ਮੇਰੀਆਂ ਸਾਰੀਆਂ ਬਿਮਾਰੀਆਂ ਤੋਂ ਚੰਗਾ ਕਰਦੇ ਹਨ। (ਮੱਤੀ 8:17; 1 ਪਤਰਸ 2:24; ਕੂਚ 15:26; ਕੂਚ 23:25; ਜ਼ਬੂਰ 103:3)।

## ਅਨੰਦ

ਪਰਮੇਸ਼ਰ ਦਾ ਆਤਮਾ ਮੈਨੂੰ ਅਨੰਦ ਨਾਲ ਭਰ ਦਿੰਦਾ ਹੈ। ਮੈਂ ਧਾਰਮਿਕਤਾ ਨਾਲ ਪਿਆਰ ਕਰਦਾ ਹਾਂ ਅਤੇ ਬੁਰਾਈ ਦੇ ਨਾਲ ਨਫ਼ਰਤ ਰੱਖਦਾ ਹਾਂ ਅਤੇ ਇਸ ਲਈ ਪਰਮੇਸ਼ਰ ਨੇ ਮੈਨੂੰ ਅਨੰਦ ਅਤੇ ਖੁਸ਼ੀ ਨਾਲ ਮਸਹ ਕੀਤਾ ਹੈ। ਯਹੋਵਾਹ ਦਾ ਅਨੰਦ ਮੈਨੂੰ ਸਮਰੱਥਾ ਪ੍ਰਦਾਨ ਕਰਦਾ ਹੈ ਅਤੇ ਮੈਨੂੰ ਤਾਕਤ ਨਾਲ ਭਰ ਦਿੰਦਾ ਹੈ। ਉਮੀਦ ਦੇ ਪਰਮੇਸ਼ਰ ਮੈਨੂੰ ਅਨੰਦ ਅਤੇ ਸ਼ਾਂਤੀ ਨਾਲ ਭਰਦੇ ਹਨ । ਮੈਂ ਪਵਿੱਤਰ ਆਤਮਾ ਵਿੱਚ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਵਿੱਚ ਚੱਲਦਾ ਹਾਂ। (ਗਲਾਤੀਆਂ 5:22; ਜ਼ਬੂਰ 45:7; ਨਹਮਯਾਹ 8:10; ਰੋਮੀਆਂ 15:13; ਰੋਮੀਆਂ 14:17)।

## ਸਿੱਧ ਠਹਿਰਾਇਆ ਅਤੇ ਨੇਕ

ਮੈਂ ਮਸੀਹ ਵਿੱਚ ਵਿਸ਼ਵਾਸ ਦੁਆਰਾ ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਨੇਕ ਠਹਿਰਾਇਆ ਗਿਆ ਹਾਂ। ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਮੈਂ ਇਸ ਤਰ੍ਹਾਂ ਹਾਂ, "ਜਿਵੇਂ ਮੈਂ ਕਦੇ ਪਾਪ ਕੀਤਾ ਹੀ ਨਹੀਂ ਹੈ" ਕਿਉਂਕਿ ਪ੍ਰਭੂ ਯਿਸੂ ਮਸੀਹ ਦੇ ਲਹੂ ਨੇ ਮੈਨੂੰ ਸਾਰੇ ਪਾਪਾਂ ਤੋਂ ਧੋ ਦਿੱਤਾ ਹੈ। ਮੈਂ ਪਰਮੇਸ਼ਰ ਦੀ ਨੇਕੀ ਨੂੰ ਪਹਿਨਿਆ ਹੋਇਆ ਹੈ ਅਤੇ ਮੈਂ ਬਿਨ੍ਹਾਂ ਕਿਸੇ ਸਜ਼ਾ ਦੇ ਭਰੋਸੇ ਅਤੇ ਪੁਸ਼ਟੀ ਨਾਲ ਪਰਮੇਸ਼ਰ ਦੇ ਅੱਗੇ ਖੜ੍ਹਾ ਹਾਂ। ਪਵਿੱਤਰ ਆਤਮਾ ਮੈਨੂੰ ਇਸ ਪੁਸ਼ਟੀ ਨਾਲ ਭਰਦਾ ਹੈ ਕਿ ਮੈਂ ਪਰਮੇਸ਼ਰ ਦੀ ਸੰਤਾਨ ਹਾਂ ਅਤੇ ਮੈਂ ਪਰਮੇਸ਼ਰ ਨੂੰ "ਅੱਬਾ, ਪਿਤਾ" ਕਹਿ ਕੇ

ਪੁਕਾਰਦਾ ਹਾਂ। (ਰੋਮੀਆਂ 3:22; 1 ਯੂਹੰਨਾ 1:7; 2 ਕੁਰਿੰਥੀਆਂ 5:21; ਰੋਮੀਆਂ 8:1,15)।

## ਪਿਆਰ

ਪਰਮੇਸ਼ਰ ਦੇ ਆਤਮਾ ਨੇ ਮੇਰੇ ਦਿਲ ਦੇ ਵਿੱਚ ਪਰਮੇਸ਼ਰ ਦਾ ਪਿਆਰ ਡੋਲ੍ਹਿਆ ਹੈ। ਮੈਨੂੰ ਪਰਮੇਸ਼ਰ ਦੇ ਪਿਆਰ ਨਾਲ ਲੋਕਾਂ ਨੂੰ ਪਿਆਰ ਕਰਨ ਦਾ ਅਧਿਕਾਰ ਸੌਂਪਿਆ ਗਿਆ ਹੈ। ਮੇਰੇ ਅੰਦਰ ਪਰਮੇਸ਼ਰ ਦਾ ਪਿਆਰ ਮੈਨੂੰ ਧੀਰਜਵਾਨ ਅਤੇ ਕਿਰਪਾਲੂ ਬਣਾਉਂਦਾ ਹੈ ਅਤੇ ਮੈਨੂੰ ਈਰਖਾਲੂ, ਘਮੰਡੀ, ਦੁਰਵਿਵਹਾਰ, ਸੁਆਰਥੀ ਅਤੇ ਚਿੜਚਿੜੇ ਹੋਣ ਤੋਂ ਬਚਾਉਂਦਾ ਹੈ। ਮੈਂ ਆਪਣੇ ਨਾਲ ਕੀਤੇ ਹੋਏ ਗ਼ਲਤ ਕੰਮਾਂ ਦੇ ਲੇਖਾ ਨਹੀਂ ਰੱਖਦਾ ਹਾਂ। (ਰੋਮੀਆਂ 5:5; 1 ਕੁਰਿੰਥੀਆਂ 13:4,5)।

## ਲੰਬੀ ਉਮਰ

ਪਰਮੇਸ਼ਰ ਮੈਨੂੰ ਲੰਬੀ ਉਮਰ ਨਾਲ ਸੰਤੁਸ਼ਟ ਕਰਦੇ ਹਨ। ਪਰਮੇਸ਼ਰ ਮੇਰੇ ਜੀਵਨ ਨੂੰ ਚੰਗੀਆਂ ਚੀਜ਼ਾਂ ਦੇ ਨਾਲ ਭਰਦੇ ਹਨ ਤਾਂ ਜੋ ਮੈਂ ਉਕਾਬ ਦੀ ਤਰ੍ਹਾਂ ਜਵਾਨ ਅਤੇ ਤਕੜਾ ਰਹਾਂ। (ਜ਼ਬੂਰ 91:16; ਕੂਚ 23:26; ਜ਼ਬੂਰ 103:5)।

## ਮਨ ਅਤੇ ਵਿਚਾਰ

ਮੇਰਾ ਮਨ ਪਵਿੱਤਰ ਮੈਦਾਨ ਹੈ। ਮੈਂ ਆਪਣੇ ਮਨ ਵਿੱਚ ਸਿਰਫ਼ ਉਹਨਾਂ ਵਿਚਾਰਾਂ ਨੂੰ ਆਗਿਆ ਦਿੰਦਾ ਹਾਂ ਜਿਹੜੇ ਸ਼ੁੱਧ, ਸ੍ਰੇਸ਼ਠ, ਸਦਾਚਾਰੀ, ਸਹੀ ਅਤੇ ਸਤਿਕਾਰਯੋਗ ਹਨ। ਮੇਰੇ ਕੋਲ ਇੱਕ ਚੰਗਾ ਮਨ, ਇੱਕ ਚੰਗੀ ਯਾਦ, ਇੱਕ ਚੰਗਾ ਧਿਆਨ ਅਤੇ ਇੱਕ ਚੰਗੀ ਸਮਝ ਹੈ। ਮੈਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਇੱਛਾਵਾਂ ਨੂੰ ਪਰਮੇਸ਼ਰ ਲਈ ਪਵਿੱਤਰ ਕਰਦਾ ਹਾਂ ਅਤੇ ਹਰ ਵਿਚਾਰ ਨੂੰ ਮਸੀਹ ਦੀ ਆਗਿਆਕਾਰੀ ਵਿੱਚ ਲੈ ਕੇ ਆਉਂਦਾ ਹਾਂ। (ਫ਼ਿਲਿੱਪੀਆਂ 4:8; 2 ਤਿਮੋਥਿਉਸ 1:7; 2 ਕੁਰਿੰਥੀਆਂ 10:4,5)।

## ਸੰਸਾਰ ਅਤੇ ਸਰੀਰ ਉੱਤੇ ਜਿੱਤ ਪਾਉਣਾ

ਮੈਂ ਪਰਮੇਸ਼ਰ ਤੋਂ ਪੈਦਾ ਹੋਇਆ ਹਾਂ ਅਤੇ ਮੈਂ ਸੰਸਾਰ ਅਤੇ ਜੋ ਕੁਝ ਇਸ ਵਿੱਚ ਹੈ, ਉਸ ਉੱਤੇ ਜਿੱਤ ਪਾਉਂਦਾ ਹਾਂ। ਮੈਂ ਸਰੀਰ ਦੀਆਂ ਪਾਪੀ ਇੱਛਾਵਾਂ, ਅੱਖਾਂ ਦੀਆਂ

ਕਾਮਨਾਵਾਂ ਅਤੇ ਘਮੰਡ ਨੂੰ ਜਿੱਤ ਲੈਂਦਾ ਹਾਂ। ਮੈਂ ਪਰਮੇਸ਼ਰ ਦੇ ਈਸ਼ਵਰੀ ਸੁਭਾਅ ਨੂੰ ਸਾਂਝਾ ਕਰਦਾ ਹਾਂ ਅਤੇ ਮੈਂ ਉਸ ਨੈਤਿਕ ਪਤਨ ਤੋਂ ਦੂਰ ਰਹਿੰਦਾ ਹਾਂ ਜਿਹੜਾ ਸੰਸਾਰ ਵਿੱਚ ਹੈ। ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਮੈਂ ਆਪਣੇ ਸਰੀਰ ਦੇ ਸਾਰੇ ਪਾਪੀ ਕੰਮਾਂ ਦਾ ਅੰਤ ਕਰਦਾ ਹਾਂ। ਮੈਂ ਆਤਮਾ ਵਿੱਚ ਚੱਲਦਾ ਹਾਂ ਅਤੇ ਮੈਂ ਆਪਣੇ ਸਰੀਰ ਦੀਆਂ ਪਾਪੀ ਇੱਛਾਵਾਂ ਦੇ ਅੱਗੇ ਝੁਕਦਾ ਨਹੀਂ ਹਾਂ। (1 ਯੂਹੰਨਾ 5:4; 2 ਪਤਰਸ 1:3,4; ਰੋਮੀਆਂ 8:13; ਗਲਾਤੀਆਂ 5:16)।

## ਸ਼ਾਂਤੀ, ਚੈਨ ਅਤੇ ਅਰਾਮ

ਮੈਂ ਆਪਣੀਆਂ ਸਾਰੀਆਂ ਫ਼ਿਕਰਾਂ ਪ੍ਰਭੂ ਅੱਗੇ ਰੱਖਦਾ ਹਾਂ ਅਤੇ ਪਰਮੇਸ਼ਰ ਦੀ ਸ਼ਾਂਤੀ ਜਿਹੜੀ ਮਨੁੱਖ ਦੀ ਸਮਝ ਤੋਂ ਪਰੇ ਹੈ, ਮੇਰੇ ਮਨ ਅਤੇ ਸੋਚਾਂ ਦੀ ਰਾਖੀ ਕਰਦੀ ਹੈ। ਮੈਂ ਚੈਨ ਅਤੇ ਭਰੋਸੇ ਵਿੱਚ ਚੱਲਣ ਦੀ ਚੋਣ ਕਰਦਾ ਹਾਂ ਅਤੇ ਇਹ ਮੈਨੂੰ ਬਲ ਨਾਲ ਭਰ ਦਿੰਦਾ ਹੈ। ਮੈਂ ਉਸ ਅਰਾਮ ਵਿੱਚ ਚੱਲਦਾ ਹਾਂ ਜਿਹੜਾ ਪ੍ਰਭੂ ਮੈਨੂੰ ਦਿੰਦੇ ਹਨ। (1 ਪਤਰਸ 5:7; ਫ਼ਿਲਿੱਪੀਆਂ 4:7; ਯਸਾਯਾਹ 30:15; ਮੱਤੀ 11:28,29)।

## ਲਹੂ ਦੀ ਸਮਰੱਥਾ

ਪ੍ਰਭੂ ਯਿਸੂ ਮਸੀਹ ਦੇ ਲਹੂ ਨੇ ਮੈਨੂੰ ਖਰੀਦਿਆ ਅਤੇ ਛੁਟਕਾਰਾ ਦਿੱਤਾ, ਮੈਨੂੰ ਸਾਰੇ ਪਾਪਾਂ ਤੋਂ ਸ਼ੁੱਧ ਕੀਤਾ, ਮੈਨੂੰ ਪਵਿੱਤਰ ਕੀਤਾ, ਮੈਨੂੰ ਨੇਕ ਠਹਿਰਾਇਆ, ਮੈਨੂੰ ਪਰਮੇਸ਼ਰ ਦੇ ਨੇੜੇ ਲਿਆਂਦਾ ਅਤੇ ਮੈਨੂੰ ਪਰਮੇਸ਼ਰ ਦੀ ਸਭ ਤੋਂ ਪਵਿੱਤਰ ਹਜ਼ੂਰੀ ਵਿੱਚ ਦਾਖਲ ਹੋਣ ਦੀ ਦਲੇਰੀ ਦਿੱਤੀ। ਮੈਂ ਪ੍ਰਭੂ ਯਿਸੂ ਮਸੀਹ ਦੇ ਲਹੂ ਦੇ ਕਾਰਨ ਢੱਕਿਆ ਗਿਆ ਹਾਂ ਅਤੇ ਸੁਰੱਖਿਅਤ ਹਾਂ। ਪ੍ਰਭੂ ਯਿਸੂ ਮਸੀਹ ਦੇ ਲਹੂ ਦੁਆਰਾ, ਮੈਂ ਪਰਮੇਸ਼ਰ ਨਾਲ ਨੇਮ ਵਿੱਚ ਹਾਂ। ਲਹੂ ਨੇ ਮੇਰੇ ਪੁਰਖਿਆਂ ਦੀਆਂ ਗ਼ਲਤ ਚਾਲਾਂ ਤੋਂ ਮੈਨੂੰ ਆਜ਼ਾਦ ਕਰ ਦਿੱਤਾ ਹੈ। ਮੈਂ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਵੈਰੀ ਉੱਤੇ ਜਿੱਤ ਪਾਉਂਦਾ ਹਾਂ। (ਰਸੂਲਾਂ ਦੇ ਕਰਤੱਬ 20:28; ਅਫ਼ਸੀਆਂ 1:7; 1 ਯੂਹੰਨਾ 1:7; ਇਬਰਾਨੀਆਂ 13:12; ਕੂਚ 12:13; 1 ਪਤਰਸ 1:18-20; ਪਰਕਾਸ਼ ਦੀ ਪੋਥੀ 12:11)।

## ਖ਼ੁਸ਼ਹਾਲੀ ਅਤੇ ਸਫ਼ਲਤਾ

ਮੈਂ ਪਾਣੀ ਦੀਆਂ ਨਦੀਆਂ ਉੱਤੇ ਲੱਗੇ ਹੋਏ ਰੁੱਖ ਵਰਗਾ ਹਾਂ। ਮੈਂ ਰੁੱਤ ਦੇ ਸਮੇਂ

ਆਪਣਾ ਫਲ ਦਿੰਦਾ ਹਾਂ। ਮੇਰੇ ਪੱਤੇ ਮੁਰਝਾਉਂਦੇ ਨਹੀਂ ਅਤੇ ਜੋ ਵੀ ਮੈਂ ਕਰਦਾ ਹਾਂ ਉਹ ਸਫ਼ਲ ਹੁੰਦਾ ਹੈ। ਮੈਂ ਆਪਣੇ ਹੱਥਾਂ ਦੇ ਸਾਰੇ ਕੰਮਾਂ ਵਿੱਚ ਅਸੀਸਤ ਹਾਂ। ਮੈਂ ਪ੍ਰਭੂ, ਉਹਨਾਂ ਦੇ ਵਚਨ ਅਤੇ ਉਹਨਾਂ ਦੇ ਮਾਰਗਾਂ ਦੀ ਪਾਲਣਾ ਕਰਦਾ ਹਾਂ ਅਤੇ ਉਹ ਮੈਨੂੰ ਖ਼ੁਸ਼ਹਾਲ ਬਣਾਉਂਦੇ ਅਤੇ ਮੈਨੂੰ ਸਫ਼ਲਤਾ ਦਿੰਦੇ ਹਨ। ਜਿਸ ਤਰ੍ਹਾਂ ਮੈਂ ਅਧੀਨਗੀ ਨਾਲ ਅਤੇ ਪਰਮੇਸ਼ਰ ਦੇ ਡਰ ਵਿੱਚ ਚੱਲਾਂ ਤਾਂ ਉਹ ਮੈਨੂੰ ਖ਼ੁਸ਼ਹਾਲੀ, ਆਦਰ ਅਤੇ ਲੰਬੀ ਉਮਰ ਦੀ ਅਸੀਸ ਦਿੰਦੇ ਹਨ। (ਜ਼ਬੂਰ 1:1-3; ਬਿਵਸਥਾ ਸਾਰ 28:8; ਯਹੋਸ਼ੁਆ 1:8; ਕਹਾਉਤਾਂ 22:4)।

## ਸੁਰੱਖਿਆ ਅਤੇ ਛੁਟਕਾਰਾ

ਮੈਂ ਯਹੋਵਾਹ ਅੱਤ ਮਹਾਨ ਨੂੰ ਮੇਰਾ ਬਚਾਉਣ ਵਾਲਾ ਅਤੇ ਰਖਵਾਲਾ ਬਣਾਇਆ ਹੈ। ਨਾ ਹੀ ਕੋਈ ਬਿਪਤਾ ਮੇਰੇ ਉੱਤੇ ਆਵੇਗੀ ਅਤੇ ਨਾ ਹੀ ਕੋਈ ਹਿੰਸਾ ਮੇਰੇ ਘਰ ਦੇ ਨੇੜੇ ਆਵੇਗੀ। ਮੁਸੀਬਤ ਵਿੱਚ ਪਰਮੇਸ਼ਰ ਮੇਰੇ ਨਾਲ ਹਨ। ਉਹ ਮੈਨੂੰ ਉੱਤਰ ਦਿੰਦੇ ਅਤੇ ਮੇਰਾ ਛੁਟਕਾਰਾ ਕਰਦੇ ਹਨ। ਪਰਮੇਸ਼ਰ ਦਾ ਦੂਤ ਮੇਰੇ ਦੁਆਲੇ ਡੇਰਾ ਲਾਉਂਦਾ ਹੈ ਅਤੇ ਮੈਨੂੰ ਛੁਟਕਾਰਾ ਦਿੰਦਾ ਹੈ। ਮੇਰੇ ਵਿਰੁੱਧ ਬਣਿਆ ਕੋਈ ਵੀ ਹਥਿਆਰ ਮੈਨੂੰ ਸੱਟ ਨਹੀਂ ਪਹੁੰਚਾ ਸਕੇਗਾ। ਪਰਮੇਸ਼ਰ ਮੇਰੀ ਰਾਖੀ ਕਰਦੇ ਹਨ ਅਤੇ ਮੈਨੂੰ ਜਿੱਤ ਦਿੰਦੇ ਹਨ। ਹਰੇਕ ਜੀਭ ਜਿਹੜੀ ਮੇਰੇ ਵਿਰੁੱਧ ਉੱਠਦੀ ਹੈ, ਯਹੋਵਾਹ ਉਸ ਜੀਭ ਨੂੰ ਮੇਰੇ ਸਾਹਮਣੇ ਝੁਕਾਉਂਦੇ ਹਨ। (ਜ਼ਬੂਰ 91:10,11,15; ਜ਼ਬੂਰ 34:7; ਯਸਾਯਾਹ 54:17)।

## ਤਰੱਕੀ

ਮੇਰੀ ਤਰੱਕੀ, ਵਾਧਾ ਅਤੇ ਉੱਨਤੀ ਪਰਮੇਸ਼ਰ ਵੱਲੋਂ ਹੁੰਦੀ ਹੈ। ਇਹ ਪਰਮੇਸ਼ਰ ਹੀ ਹਨ, ਜਿਹੜੇ ਮੇਰੀ ਤਰੱਕੀ ਲਈ ਥਾਂ ਬਣਾਉਂਦੇ ਹਨ। ਜਿਸ ਤਰ੍ਹਾਂ ਮੈਂ ਪ੍ਰਭੂ ਦੇ ਸਾਹਮਣੇ ਨੀਵਾਂ ਬਣਦਾ ਹਾਂ, ਤਾਂ ਉਹ ਮੈਨੂੰ ਆਪਣੇ ਸਮੇਂ ਅਨੁਸਾਰ ਉੱਚਾ ਕਰਦੇ ਹਨ। ਇਹ ਪਰਮੇਸ਼ਰ ਹੀ ਹਨ, ਜਿਹਨਾਂ ਨੇ ਅਗਵਾਈ, ਅਧਿਕਾਰ ਅਤੇ ਪ੍ਰਭਾਵ ਦੀਆਂ ਥਾਵਾਂ ਵਿੱਚ ਮੇਰੀ ਸਥਾਪਨਾ ਕੀਤੀ ਹੈ। (ਜ਼ਬੂਰ 7:6,7; ਯਾਕੂਬ 4:10; ਬਿਵਸਥਾ ਸਾਰ 28:13)।

## ਪ੍ਰਬੰਧ ਅਤੇ ਪੂਰਤੀ

ਮੇਰੇ ਪਰਮੇਸ਼ਰ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਮੇਰੀਆਂ ਸਾਰੀਆਂ ਲੋੜਾਂ ਦੀ

ਆਪਣੇ ਧਨ ਦੇ ਅਨੁਸਾਰ ਪੂਰਤੀ ਕਰਦੇ ਹਨ। ਯਹੋਵਾਹ ਪਰਮੇਸ਼ਰ ਮੇਰੇ ਚਰਵਾਹਾ ਹਨ ਮੈਨੂੰ ਥੁੜ ਨਹੀਂ ਹੋਵੇਗੀ। ਯਹੋਵਾਹ ਮੇਰੇ ਲਈ ਇੱਕ ਸੂਰਜ ਅਤੇ ਢਾਲ਼ ਹਨ। ਕਿਸੇ ਵੀ ਚੰਗੀ ਚੀਜ਼ ਨੂੰ ਮੇਰੇ ਤੋਂ ਉਹ ਨਹੀਂ ਲਕਾਉਂਦੇ ਹਨ । ਜਿਸ ਦੀ ਮੈਨੂੰ ਲੋੜ ਹੈ ਪਰਮੇਸ਼ਰ ਮੈਨੂੰ ਉਸ ਤੋਂ ਵੀ ਵੱਧ ਕੇ ਦਿੰਦੇ ਹਨ ਕਿ ਮੇਰੇ ਕੋਲ ਹਮੇਸ਼ਾ ਉਹ ਸਭ ਕੁਛ ਹੋਵੇ ਜਿਸ ਦੀ ਮੈਨੂੰ ਆਪਣੇ ਲਈ ਲੋੜ ਹੈ ਅਤੇ ਇੰਨਾਂ ਜ਼ਿਆਦਾ ਕਿ ਮੈਂ ਹੋਰਨਾ ਨੂੰ ਵੀ ਬਰਕਤ ਦੇਵਾਂ। ਇਹ ਪਰਮੇਸ਼ਰ ਹੀ ਹਨ ਜਿਹੜੇ ਮੈਨੂੰ ਧਨ ਕਮਾਉਣ ਦੀ ਯੋਗਤਾ ਦਿੰਦੇ ਹੈ। (ਫ਼ਿਲਿੱਪੀਆਂ 4:19; ਜ਼ਬੂਰ 23:1; ਜ਼ਬੂਰ 84:11; 2 ਕੁਰਿੰਥੀਆਂ 9:8; ਬਿਵਸਥਾ ਸਾਰ 8:18)।

## ਚਿੰਨ੍ਹ, ਕਰਾਮਾਤਾਂ, ਅਤੇ ਚਮਤਕਾਰ

ਮੇਰੇ ਵਿਸ਼ਵਾਸ ਕਰਨ ਦੇ ਨਾਲ ਇਹ ਚਿੰਨ੍ਹ ਮੇਰਾ ਪਿੱਛਾ ਕਰਦੇ ਹਨ - ਪ੍ਰਭੂ ਯਿਸੂ ਦੇ ਨਾਮ ਵਿੱਚ, ਮੈਂ ਨਵੀਆਂ ਨਵੀਆਂ ਭਾਸ਼ਾਵਾਂ ਬੋਲਦਾ ਹਾਂ, ਮੈਂ ਭੂਤਾਂ ਨੂੰ ਕੱਢਦਾ ਹਾਂ ਅਤੇ ਮੈਂ ਬਿਮਾਰਾਂ ਉੱਤੇ ਹੱਥ ਰੱਖਦਾ ਹਾਂ ਤੇ ਉਹ ਚੰਗੇ ਹੋ ਜਾਂਦੇ ਹਨ। ਪਰਮੇਸ਼ਰ ਮੇਰੇ ਨਾਲ ਹਨ, ਮੈਂ ਜੋ ਕੁਛ ਬੋਲਦਾ ਹਾਂ ਉਸ ਦੁਆਰਾ ਅਤੇ ਚਿੰਨ੍ਹ, ਕਰਾਮਾਤਾਂ ਅਤੇ ਚਮਤਕਾਰ ਨਾਲ ਪਰਮੇਸ਼ਰ ਆਪਣੇ ਵਚਨ ਦੀ ਪੁਸ਼ਟੀ ਕਰਦੇ ਹਨ। ਜਿਹੜੇ ਕੰਮ ਪ੍ਰਭੂ ਯਿਸੂ ਮਸੀਹ ਨੇ ਕੀਤੇ, ਉਹਨਾਂ ਤੋਂ ਵੀ ਹੋਰ ਵੱਡੇ ਕੰਮ ਮੈਂ ਕਰਾਂਗਾ ਕਿਉਂਕਿ ਪ੍ਰਭੂ ਯਿਸੂ ਮਸੀਹ ਪਿਤਾ ਕੋਲ ਚਲੇ ਗਏ ਹਨ। ਜਿਸ ਤਰ੍ਹਾਂ ਕਿ ਮੈਂ ਪ੍ਰਭੂ ਯਿਸੂ ਮਸੀਹ ਦੀ ਖੁਸ਼ਖ਼ਬਰੀ ਨੂੰ ਵੰਡਦਾ ਹਾਂ, ਪਰਮੇਸ਼ਰ ਆਪ ਚਿੰਨ੍ਹਾਂ, ਅਚਰਜ਼ ਕੰਮਾਂ, ਚਮਤਕਾਰਾਂ ਨਾਲ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਦੁਆਰਾ ਗਵਾਹੀ ਦਿੰਦੇ ਹਨ। (ਮਰਕੁਸ 16:17,18; ਮਰਕੁਸ 16:20; ਯੂਹੰਨਾ 14:12; ਇਬਰਾਨੀਆਂ 2:3,4)।

## ਨੀਂਦ

ਪਰਮੇਸ਼ਰ ਮੈਨੂੰ ਗੂੜ੍ਹੀ ਨੀਂਦ ਦਿੰਦੇ ਹਨ। ਮੈਂ ਲੇਟਦਾ ਹਾਂ ਅਤੇ ਮੈਨੂੰ ਡਰ ਨਹੀਂ ਲੱਗਦਾ ਹੈ। ਮੈਂ ਲੰਮਾ ਪੈ ਜਾਂਦਾ ਹਾਂ ਅਤੇ ਮੇਰੀ ਨੀਂਦ ਮਿੱਠੀ ਹੁੰਦੀ ਹੈ। ਮੇਰੇ ਜਾਗਣ ਤੇ ਮੈਂ ਬਹਾਲ ਅਤੇ ਤਾਜ਼ਾ ਹੁੰਦਾ ਹਾਂ। (ਜ਼ਬੂਰ 127:2; ਜ਼ਬੂਰ 4:8; ਕਹਾਉਤਾਂ 3:24; ਜ਼ਬੂਰ 3:5)।

## ਮੇਰੇ ਜੀਵਨ ਵਿੱਚ ਪਰਮੇਸ਼ਰ ਦਾ ਆਤਮਾ

ਮੈਂ ਪਵਿੱਤਰ ਆਤਮਾ ਦੀ ਹੈਕਲ ਹਾਂ। ਪਰਮੇਸ਼ਰ ਦਾ ਆਤਮਾ ਮੇਰੇ ਵਿੱਚ ਵੱਸਦਾ ਹੈ। ਉਹ ਮੇਰੀ ਅਗਵਾਈ ਅਤੇ ਮੇਰਾ ਮਾਰਗ ਦਰਸ਼ਨ ਕਰਦਾ ਹੈ। ਉਹ ਮੈਨੂੰ ਸਾਰੀਆਂ ਗੱਲਾਂ ਦੇ ਬਾਰੇ ਸਿੱਖਿਆ ਦਿੰਦਾ ਹੈ। ਜਿਵੇਂ ਹੀ ਮੈਂ ਆਤਮਾ ਦੁਆਰਾ ਚੱਲਦਾ ਹਾਂ, ਮੈਂ ਸਰੀਰ ਦੀਆਂ ਕਾਮਨਾਵਾਂ ਦੀ ਅਧੀਨਗੀ ਨਹੀਂ ਕਰਦਾ ਹਾਂ। ਉਹ ਮੇਰੇ ਉੱਤੇ ਹੈ ਅਤੇ ਮੈਨੂੰ ਸਮਰੱਥਾ ਵਾਲਾ ਬਣਾਉਂਦਾ ਹੈ। ਉਸ ਦੀ ਹਜ਼ੂਰੀ ਅਤੇ ਸਮਰੱਥਾ ਨਦੀਆਂ ਵਾਂਗ ਮੇਰੇ ਵਿੱਚੋਂ ਵਗਦੀ ਹੈ ਅਤੇ ਮੇਰੇ ਆਲੇ ਦੁਆਲੇ ਦੇ ਲੋਕਾਂ ਨੂੰ ਬਰਕਤ, ਚੰਗਿਆਈ ਅਤੇ ਛੁਟਕਾਰਾ ਦਿੰਦੀ ਹੈ। (1 ਕੁਰਿੰਥੀਆਂ 3:16; ਰੋਮੀਆਂ 8:14; 1 ਯੂਹੰਨਾ 2:27; ਗਲਾਤੀਆਂ 5:16; ਯੂਹੰਨਾ 7:38,39)।

## ਸਫ਼ਲਤਾ ਅਤੇ ਜਿੱਤ

ਪਰਮੇਸ਼ਰ ਸਾਰੀਆਂ ਚੀਜ਼ਾਂ ਵਿੱਚ ਹਮੇਸ਼ਾ ਮੇਰੀ ਜਿੱਤ ਦਾ ਕਾਰਨ ਬਣਦੇ ਹਨ। ਜਿਹੜੀ ਜਿੱਤ ਪ੍ਰਭੂ ਯਿਸੂ ਮਸੀਹ ਨੇ ਮੇਰੇ ਲਈ ਸਲੀਬ ਤੋਂ ਪ੍ਰਾਪਤ ਕੀਤੀ ਹੈ ਮੈਂ ਉਸ ਜਿੱਤ ਵਿੱਚ ਚੱਲਦਾ ਹਾਂ। ਮੇਰੇ ਪਰਮੇਸ਼ਰ ਦੇ ਰਾਹੀਂ, ਮੈਂ ਜਿੱਤਦਾ ਹਾਂ। (2 ਕੁਰਿੰਥੀਆਂ 2:14; ਕੁਲੁੱਸੀਆਂ 2:14; ਯਸਾਯਾਹ 53:12; ਜ਼ਬੂਰ 60:12)।

## ਬੁੱਧ, ਸਮਝ ਅਤੇ ਪ੍ਰੇਰਨਾ

ਮਸੀਹ ਮੇਰੀ ਬੁੱਧ ਹਨ। ਬੁੱਧ, ਸਮਝ, ਸਲਾਹ ਅਤੇ ਸਮਰੱਥਾ ਦਾ ਆਤਮਾ ਮੇਰੇ ਉੱਤੇ ਠਹਿਰਿਆ ਹੋਇਆ ਹੈ। ਪ੍ਰਭੂ ਮੈਨੂੰ ਸਾਰੀਆਂ ਗੱਲਾਂ ਦੀ ਸਮਝ ਦਿੰਦੇ ਹਨ। ਉਹਨਾਂ ਦੇ ਵਚਨ ਮੈਨੂੰ ਚਾਨਣ ਅਤੇ ਸਮਝ ਨਾਲ ਭਰਦੇ ਹਨ। ਪਰਮੇਸ਼ਰ ਦੀ ਪ੍ਰੇਰਨਾ ਮੇਰੀ ਅੰਦਰ ਦੀ ਆਤਮਾ ਨੂੰ ਸਮਝ ਦਿੰਦੀ ਹੈ। (1 ਕੁਰਿੰਥੀਆਂ 1:30; ਯਸਾਯਾਹ 11:1,2; 2 ਤਿਮੋਥਿਉਸ 2:7; ਜ਼ਬੂਰ 119:130; ਅੱਯੂਬ 32:8)।

## ਗਵਾਹ

ਮੈਂ ਪ੍ਰਭੂ ਯਿਸੂ ਮਸੀਹ ਲਈ ਇੱਕ ਦਲੇਰ ਗਵਾਹ ਹਾਂ। ਮੈਂ ਪ੍ਰਭੂ ਯਿਸੂ ਮਸੀਹ ਦੀ ਖੁਸ਼ਖ਼ਬਰੀ ਤੋਂ ਸ਼ਰਮਾਉਂਦਾ ਨਹੀਂ ਹਾਂ। ਜਿਸ ਤਰ੍ਹਾਂ ਮੈਂ ਮਨੁੱਖਾਂ ਦੇ ਅੱਗੇ ਉਹਨਾਂ ਦਾ ਇਕਰਾਰ ਕਰਦਾ ਹਾਂ, ਉਹ ਸਵਰਗ ਵਿੱਚ ਪਿਤਾ ਦੇ ਅੱਗੇ ਮੇਰਾ ਇਕਰਾਰ ਕਰਦੇ ਹਨ। (ਰਸੂਲਾਂ ਦੇ ਕਰਤੱਬ 1:8; ਰੋਮੀਆਂ 1:16; ਮੱਤੀ 10:32)।

## ਮੇਰੇ ਜੀਵਨ ਵਿੱਚ ਪਰਮੇਸ਼ਰ ਦਾ ਵਚਨ

ਮੈਂ ਘੋਸ਼ਣਾ ਕਰਦਾ ਹਾਂ ਕਿ ਪਰਮੇਸ਼ਰ ਦਾ ਵਚਨ ਸੱਚ ਹੈ। ਉਹਨਾਂ ਦਾ ਵਚਨ ਮੇਰੇ ਜੀਵਨ ਵਿੱਚ ਜਿੱਤਦਾ ਹੈ। ਮੇਰਾ ਜੀਵਨ ਉਹਨਾਂ ਦੇ ਵਚਨ ਦੀ ਸਮਰੱਥਾ ਦੁਆਰਾ ਥੰਮ੍ਹਿਆਂ, ਦ੍ਰਿੜ੍ਹ ਅਤੇ ਨਿਯੰਤ੍ਰਿਤ ਹੈ। ਮੇਰੇ ਸੰਸਾਰ ਵਿੱਚ ਸਾਰੀਆਂ ਚੀਜ਼ਾਂ ਪਰਮੇਸ਼ਰ ਦੇ ਵਚਨ ਦੇ ਅਧੀਨ ਹਨ ਅਤੇ ਆਪਣੇ ਆਪ ਨੂੰ ਪਰਮੇਸ਼ਰ ਦੇ ਵਚਨ ਨਾਲ ਇਕਸਾਰ ਦੀਆਂ ਹਨ । (ਯੂਹੰਨਾ 17:17; ਜ਼ਬੂਰ 119:128; ਇਬਰਾਨੀਆਂ 1:3; ਇਬਰਾਨੀਆਂ 11:3)।

# ਮੇਰੀਆਂ "ਮਸੀਹ ਵਿੱਚ" ਘੋਸ਼ਣਾਵਾਂ

ਜੋ ਮੈਂ ਮਸੀਹ ਵਿੱਚ ਹਾਂ ਉਹ ਹੀ ਹੈ ਜੋ ਮੈਂ ਅਸਲ ਵਿੱਚ ਹਾਂ! ਮੇਰੀ ਪਛਾਣ, ਸੁਰੱਖਿਆ, ਮਹੱਤਤਾ ਅਤੇ ਆਤਮ-ਸਨਮਾਨ ਮਸੀਹ ਵਿੱਚ, ਮਸੀਹ ਦੁਆਰਾ ਅਤੇ ਮਸੀਹ ਲਈ ਹਨ। ਮੇਰਾ ਨਿੱਜੀ ਰੂਪ, ਨਿੱਜੀ ਆਦਰ-ਮਾਣ ਅਤੇ ਭਰੋਸਾ ਇਸ ਗੱਲ ਉੱਤੇ ਆਧਾਰਤ ਹਨ ਕਿ ਪਰਮੇਸ਼ਰ ਨੇ ਮੈਨੂੰ ਮਸੀਹ ਵਿੱਚ ਕੀ ਬਣਨ ਲਈ ਬਣਾਇਆ ਹੈ। ਮਸੀਹ ਵਿੱਚ ਮੈਂ ਕੌਣ ਹਾਂ ਇਹ ਪੂਰਨ ਤੌਰ ਤੇ ਇਸ ਉੱਤੇ ਆਧਾਰਤ ਹੈ ਕਿ ਪਰਮੇਸ਼ਰ ਨੇ ਆਪਣੇ ਬੇਹੱਦ ਅਤੇ ਬਿਨਾਂ ਕਿਸੇ ਸ਼ਰਤ ਵਾਲੇ ਪਿਆਰ ਨਾਲ ਮੇਰੇ ਸੰਬੰਧ ਵਿੱਚ ਕੀ ਕੀਤਾ ਹੈ।

ਮੈਂ ਇਸ ਦੀ ਘੋਸ਼ਣਾ ਕਰਦਾ ਹਾਂ ਕਿ ਜੋ ਮੈਂ ਮਸੀਹ ਵਿੱਚ ਹਾਂ ਉਹ ਹੀ ਮੈਂ ਅਸਲ ਵਿੱਚ ਹਾਂ।

ਮਸੀਹ ਵਿੱਚ ਮੈਂ ਨਵੀਂ ਸ੍ਰਿਸ਼ਟੀ ਹਾਂ। ਸਾਰੀਆਂ ਪੁਰਾਣੀਆਂ ਗੱਲਾਂ ਬੀਤ ਗਈਆਂ ਹਨ। ਮੈਂ ਅੰਦਰ ਤੋਂ ਨਵਾਂ ਹਾਂ (2 ਕੁਰਿੰਥੀਆਂ 5:17)। ਮੇਰੇ ਪੁਰਾਣੇ ਜੀਵਨ ਦਾ ਅੰਤ ਹੋ ਗਿਆ ਹੈ ਅਤੇ ਮਸੀਹ ਵਿੱਚ ਮੇਰਾ ਨਵਾਂ ਜੀਵਨ ਸੁਰੱਖਿਅਤ ਰਹਿੰਦਾ ਹੈ। ਜਿਹੜਾ ਨਵਾਂ ਜੀਵਨ ਮੈਂ ਬਤੀਤ ਕਰ ਰਿਹਾ ਹਾਂ ਇਹ ਮੈਨੂੰ ਆਪ ਮਸੀਹ ਵੱਲੋਂ ਹੀ ਦਿੱਤਾ ਗਿਆ ਹੈ (ਕੁਲੁੱਸੀਆਂ 3:3)। ਮੈਂ ਜਿਹੜੀ ਨਵੀਂ ਸ੍ਰਿਸ਼ਟੀ ਪਰਮੇਸ਼ਰ ਦੇ ਸਰੂਪ ਵਿੱਚ ਬਣਾਇਆ ਗਿਆ ਹਾਂ ਅਤੇ ਪਰਮੇਸ਼ਰ ਦੇ ਚਰਿੱਤਰ, ਨੇਕੀ ਅਤੇ ਪਵਿੱਤਰਤਾ ਨਾਲ ਭਰਪੂਰ ਹਾਂ। ਮਸੀਹ ਵਿੱਚ, ਮੈਂ ਇੱਕ ਨਵੀਂ ਸ੍ਰਿਸ਼ਟੀ ਦੇ ਰੂਪ ਵਿੱਚ ਰਹਿੰਦਾ ਹਾਂ (ਅਫ਼ਸੀਆਂ 4:24)।

ਮਸੀਹ ਵਿੱਚ, ਮੈਂ ਪਰਮੇਸ਼ਰ ਦੀ ਸੰਤਾਨ ਹਾਂ, ਪਰਮੇਸ਼ਰ ਦਾ ਵਾਰਸ ਹਾਂ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਲ ਇੱਕ ਸਾਂਝਾ ਵਾਰਸ ਹਾਂ। ਮੈਂ ਪਰਮੇਸ਼ਰ ਦੇ ਪਰਿਵਾਰ ਅਤੇ ਪਰਮੇਸ਼ਰ ਦੇ ਰਾਜ ਦਾ ਹਿੱਸਾ ਹਾਂ (ਰੋਮੀਆਂ 8:17)। ਮਸੀਹ ਵਿੱਚ, ਪਿਤਾ ਮੈਨੂੰ ਉਸ ਤਰ੍ਹਾਂ ਹੀ ਪਿਆਰ ਕਰਦੇ ਹਨ ਜਿਸ ਤਰ੍ਹਾਂ ਉਹ ਆਪਣੇ ਪੁੱਤਰ ਪ੍ਰਭੂ ਯਿਸੂ ਮਸੀਹ ਨੂੰ ਕਰਦੇ ਹਨ। ਮੈਂ ਇਸ ਪਿਆਰ ਉੱਤੇ ਵਿਸ਼ਵਾਸ ਰੱਖਦਾ ਹਾਂ (ਯੂਹੰਨਾ 16:27; ਯੂਹੰਨਾ 17:23)। ਮਸੀਹ ਵਿੱਚ, ਮੈਨੂੰ ਕੋਈ ਵੀ ਪਰਮੇਸ਼ਰ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦਾ ਹੈ। ਮੇਰੇ ਲਈ ਉਹਨਾਂ ਦੇ ਪਿਆਰ ਦੇ ਕਾਰਨ ਮੈਂ ਹਰ ਹਾਲਾਤ ਵਿੱਚ ਇੱਕ ਜੇਤੂ ਤੋਂ ਹੱਦੋਂ ਵੱਧ ਹਾਂ (ਰੋਮੀਆਂ 8:37,39)। ਮਸੀਹ ਵਿੱਚ, ਮੈਂ ਪਵਿੱਤਰ ਆਤਮਾ ਵੱਲੋਂ ਮੋਹਰਬੰਦ

ਕੀਤਾ ਗਿਆ ਹਾਂ। ਪਰਮੇਸ਼ਰ ਨੇ ਮੇਰੇ ਉੱਤੇ ਆਪਣੀ ਵਿਰਾਸਤ ਦੀ ਛਾਪ ਲਗਾਈ ਹੈ (ਅਫ਼ਸੀਆਂ 1:13,14)। ਮਸੀਹ ਵਿੱਚ, ਮੈਂ ਪਰਮੇਸ਼ਰ ਦੀ ਪਵਿੱਤਰ ਹੈਕਲ ਦਾ ਹਿੱਸਾ ਅਤੇ ਉਹਨਾਂ ਦੇ ਆਤਮਾ ਵੱਲੋਂ ਪਰਮੇਸ਼ਰ ਦੇ ਵਾਸ ਕਰਨ ਦਾ ਇੱਕ ਸਥਾਨ ਹਾਂ। ਪਰਮੇਸ਼ਰ ਮੇਰੇ ਵਿੱਚ ਵਾਸ ਕਰਦੇ ਹਨ ਅਤੇ ਮੇਰੇ ਰਾਹੀਂ ਆਪਣੇ ਆਪ ਦਾ ਪ੍ਰਗਟਾਵਾ ਕਰਦੇ ਹਨ (ਅਫ਼ਸੀਆਂ 2:21,22)।

ਪ੍ਰਭੂ ਯਿਸੂ ਮਸੀਹ ਦੁਆਰਾ ਮੈਨੂੰ ਪਰਮੇਸ਼ਰ ਨਾਲ ਸ਼ਾਂਤੀ ਮਿਲੀ ਹੈ, ਨੇਕ ਸਿੱਧ ਕੀਤਾ ਗਿਆ ਹੈ, ਦੋਸ਼ ਮੁਕਤ ਕੀਤਾ ਗਿਆ ਅਤੇ ਮੈਨੂੰ ਪਰਮੇਸ਼ਰ ਦੀ ਸਾਹਮਣੇ ਸਿੱਧ ਬਣਾਇਆ ਗਿਆ ਹੈ। ਮਸੀਹ ਵਿੱਚ, ਮੈਂ ਪਰਮੇਸ਼ਰ ਦੇ ਨਾਲ ਠੀਕ ਹਾਲਾਤ ਵਿੱਚ ਖੜ੍ਹਾ ਹਾਂ (ਰੋਮੀਆਂ 5:1,2)। ਮਸੀਹ ਵਿੱਚ, ਮੇਰੇ ਵਿਰੁੱਧ ਕੋਈ ਵੀ ਸਜ਼ਾ ਦੀ ਆਗਿਆ ਨਹੀਂ ਹੈ। ਮੈਂ ਭਰੋਸੇ ਨਾਲ, ਕਿਸੇ ਸ਼ਰਮ, ਦੋਸ਼ ਜਾਂ ਸਜ਼ਾ ਦੀ ਭਾਵਨਾ ਦੇ ਬਿਨਾਂ ਸੁਤੰਤਰ ਤੌਰ ਤੇ ਪਰਮੇਸ਼ਰ ਨਾਲ ਸੰਬੰਧ ਰੱਖਦਾ ਹਾਂ (ਰੋਮੀਆਂ 8:1)। ਮਸੀਹ ਵਿੱਚ, ਮੈਨੂੰ ਪਰਮੇਸ਼ਰ ਦੀ ਨੇਕੀ ਬਣਾਇਆ ਗਿਆ ਹੈ। ਇਹ ਮੈਨੂੰ ਉਹਨਾਂ ਦੀ ਹਜ਼ੂਰੀ ਵਿੱਚ ਭਰੋਸੇ ਨਾਲ ਦਲੇਰੀ ਅਤੇ ਪਹੁੰਚ ਵਸੀਲਾ ਦਿੰਦਾ ਹੈ (2 ਕੁਰਿੰਥੀਆਂ 5:21)। ਪਰਮੇਸ਼ਰ ਨੇ ਮਸੀਹ ਵਿੱਚ ਮੈਨੂੰ ਚੁਣਿਆ ਹੈ ਅਤੇ ਮੈਨੂੰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਪਵਿੱਤਰ ਅਤੇ ਬਿਨਾਂ ਕਿਸੇ ਦੋਸ਼ ਦੇ ਆਪਣੇ ਪਿਆਰ ਨਾਲ ਢੱਕਿਆ ਹੋਇਆ ਹੈ (ਅਫ਼ਸੀਆਂ 1:4)। ਮਸੀਹ ਵਿੱਚ, ਮੈਨੂੰ ਪਰਮੇਸ਼ਰ ਦੇ ਨੇੜੇ ਲਿਆਦਾਂ ਗਿਆ ਹੈ ਅਤੇ ਆਤਮਾ ਨਾਲ ਪਿਤਾ ਤੱਕ ਮੇਰੀ ਸਿੱਧੀ ਪਹੁੰਚ ਹੈ (ਅਫ਼ਸੀਆਂ 2:13,18)।

ਮੇਰੇ ਪੁਰਾਣੇ ਪਾਪੀ ਸੁਭਾਅ ਨੂੰ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾ ਦਿੱਤਾ ਗਿਆ ਸੀ, ਮੇਰੇ ਜੀਵਨ ਉੱਤੋਂ ਪਾਪ ਦੀ ਸਮਰੱਥਾ ਦੇ ਬੰਧਨ ਟੁੱਟ ਗਏ ਹਨ ਅਤੇ ਮੈਂ ਪਾਪ ਦੇ ਬੰਧਨਾਂ ਤੋਂ ਅਜ਼ਾਦ ਹਾਂ। ਪਾਪ ਦਾ ਹੁਣ ਮੇਰੇ ਉੱਤੇ ਜ਼ੋਰ ਨਹੀਂ ਹੈ (ਰੋਮੀਆਂ 6:6,14)। ਮਸੀਹ ਵਿੱਚ, ਮੈਨੂੰ ਹਨੇਰੇ ਦੀਆਂ ਤਾਕਤਾਂ ਤੋਂ ਕੱਢ ਲਿਆ ਗਿਆ ਹੈ ਅਤੇ ਪ੍ਰਭੂ ਯਿਸੂ ਮਸੀਹ ਦੇ ਰਾਜ ਵਿੱਚ ਪਹੁੰਚਾ ਦਿੱਤਾ ਗਿਆ ਹੈ। ਸ਼ੈਤਾਨ ਦਾ ਨਾ ਹੀ ਮੇਰੇ ਵਿੱਚ ਕੋਈ ਸਥਾਨ, ਨਾ ਹੀ ਮੇਰੇ ਉੱਤੇ ਕੋਈ ਦਾਅਵਾ ਅਤੇ ਨਾ ਹੀ ਮੇਰੇ ਉੱਤੇ ਕੋਈ ਅਧਿਕਾਰ ਹੈ। ਮੇਰੀ ਆਤਮਾ, ਜਾਨ ਅਤੇ ਸਰੀਰ - ਪਰਮੇਸ਼ਰ ਦੀ ਵਿਰਾਸਤ ਹਨ (ਕੁਲੁੱਸੀਆਂ 1:13,14; 1 ਕੁਰਿੰਥੀਆਂ 6:20)। ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਮੇਰਾ ਛੁਟਕਾਰਾ ਕੀਤਾ ਗਿਆ ਹੈ। ਮੈਂ ਪਰਮੇਸ਼ਰ ਦਾ ਖਰੀਦਿਆ ਹੋਇਆ ਧਨ-ਮਾਲ ਹਾਂ। ਮੇਰਾ ਸਾਰਾ ਜੀਵਨ

ਪਰਮੇਸ਼ਰ ਦਾ ਹੈ (ਅਫ਼ਸੀਆਂ 1:7)। ਮਸੀਹ ਵਿੱਚ, ਮੈਨੂੰ ਪਾਪ ਦੀ ਸ਼ਕਤੀ ਤੋਂ ਅਜ਼ਾਦੀ ਕੀਤਾ ਗਿਆ ਹੈ। ਮੈਂ ਮਸੀਹ ਦੇ ਨਾਲ ਮਰਿਆ ਅਤੇ ਮਸੀਹ ਦੇ ਨਾਲ ਦੁਬਾਰਾ ਉੱਠਾਇਆ ਗਿਆ ਹਾਂ। ਪੁਰਾਣੇ ਜੀਵਨ ਦੀ ਸਮਰੱਥਾ ਦੇ ਬੰਧਨ ਤੋੜ ਦਿੱਤੇ ਗਏ ਹਨ (ਕੁਲੁੱਸੀਆਂ 2:11,12)।

ਆਤਮਿਕ ਤੌਰ ਤੇ ਮੈਂ ਪ੍ਰਭੂ ਯਿਸੂ ਮਸੀਹ ਨਾਲ ਜੁੜਿਆ ਹੋਇਆ ਹਾਂ। ਉਹ ਅੰਗੂਰ ਦੀ ਵੇਲ ਹਨ ਅਤੇ ਮੈਂ ਉਹਨਾਂ ਨਾਲ ਜੁੜੀ ਹੋਈ ਇੱਕ ਟਹਿਣੀ ਹਾਂ। ਉਹ ਮੇਰੇ ਵਿੱਚ ਹਨ ਅਤੇ ਮੈਂ ਉਹਨਾਂ ਵਿੱਚ ਹਾਂ। ਉਹਨਾਂ ਦਾ ਜੀਵਨ ਮੇਰੇ ਦੁਆਰਾ ਵਹਿੰਦਾ ਹੈ ਅਤੇ ਮੇਰੇ ਦੁਆਰਾ ਪ੍ਰਗਟ ਹੁੰਦਾ ਹੈ। ਮੇਰੇ ਅੰਦਰ ਵਹਿੰਦੇ ਹੋਏ ਉਹਨਾਂ ਦੇ ਜੀਵਨ ਦੇ ਚਰਿੱਤਰ ਅਤੇ ਸਮਰੱਥਾ ਨੂੰ ਮੈਂ ਪ੍ਰਗਟ ਕਰਦਾ ਹਾਂ। ਉਹਨਾਂ ਦੀ ਵਡਿਆਈ ਲਈ ਮੈਂ ਬਹੁਤ ਫ਼ਲ ਉਤਪੰਨ ਕਰਦਾ ਹਾਂ (1 ਕੁਰਿੰਥੀਆਂ 6:17; ਯੂਹੰਨਾ 15:1-7)। ਮੈਂ ਉਹਨਾਂ ਵਿੱਚ ਪੂਰਾ ਹਾਂ ਅਤੇ ਪਰਮੇਸ਼ਰ ਦੀ ਸਾਰੀ ਭਰਪੂਰੀ ਨਾਲ ਭਰਿਆ ਹੋਇਆ ਹਾਂ। ਉਹ ਮੈਨੂੰ ਆਪਣੇ ਆਪ ਨਾਲ ਭਰਦੇ ਹਨ (ਕੁਲੁੱਸੀਆਂ 2:9,10)। ਮੈਂ ਪ੍ਰਭੂ ਯਿਸੂ ਮਸੀਹ ਵਿੱਚ ਹਾਂ ਅਤੇ ਮੈਂ ਉਸ ਤਰ੍ਹਾਂ ਚੱਲਦਾ ਹਾਂ ਜਿਸ ਤਰ੍ਹਾਂ ਪ੍ਰਭੂ ਯਿਸੂ ਮਸੀਹ ਚੱਲਦੇ ਸਨ। ਮੈਂ ਉਹਨਾਂ ਦੇ ਪਿਆਰ, ਕਿਰਪਾ ਅਤੇ ਉਹਨਾਂ ਦੀ ਸਮਰੱਥਾ ਵਿੱਚ ਚੱਲਦਾ ਹਾਂ (1 ਯੂਹੰਨਾ 2:6)। ਮੈਂ ਇਕਰਾਰ ਕਰਦਾ ਹਾਂ ਕਿ ਪ੍ਰਭੂ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ ਹਨ ਅਤੇ ਮੈਂ ਪਰਮੇਸ਼ਰ ਵਿੱਚ ਵਾਸ ਕਰਦਾ ਹਾਂ ਅਤੇ ਪਰਮੇਸ਼ਰ ਮੇਰੇ ਵਿੱਚ ਵਾਸ ਕਰਦੇ ਹਨ। ਮੈਂ ਆਪਣਾ ਜੀਵਨ ਉਹਨਾਂ ਦੇ ਨਾਲ ਜੋੜ ਕੇ ਰੱਖਦਾ ਹਾਂ (1 ਯੂਹੰਨਾ 4:15)।

ਪ੍ਰਭੂ ਯਿਸੂ ਮਸੀਹ ਆਪ ਮੇਰੀ ਬੁੱਧ ਹਨ। ਮਸੀਹ ਵਿੱਚ, ਮੈਂ ਪਰਮੇਸ਼ਰ ਦੇ ਨਾਲ ਠੀਕ ਹਾਲਾਤ ਵਿੱਚ ਖੜ੍ਹਾ ਹਾਂ। ਮੈਂ ਪਵਿੱਤਰ ਬਣ ਗਿਆ ਹਾਂ ਅਤੇ ਪਰਮੇਸ਼ਰ ਲਈ ਵੱਖ ਕੀਤਾ ਗਿਆ ਹਾਂ ਅਤੇ ਆਜ਼ਾਦ ਕੀਤਾ ਗਿਆ ਹਾਂ (1 ਕੁਰਿੰਥੀਆਂ 1:30)। ਮਸੀਹ ਵਿੱਚ, ਮੈਂ ਉਹਨਾਂ ਦੇ ਹੱਥਾਂ ਦੀ ਸ੍ਰਿਸ਼ਟੀ ਹਾਂ ਅਤੇ ਉਹਨਾਂ ਨੇ ਮੈਨੂੰ ਭਲੇ ਕੰਮ ਲਈ ਰਚਿਆ ਹੈ ਜਿਹੜੇ ਉਹਨਾਂ ਨੇ ਮੇਰੇ ਕਰਨ ਲਈ ਯੋਜਨਾਬੰਦ ਕੀਤੇ ਸਨ (ਅਫ਼ਸੀਆਂ 2:10)।

ਮੈਂ ਪਰਮੇਸ਼ਰ ਦੀ ਭਰਪੂਰ ਕਿਰਪਾ ਅਤੇ ਨੇਕੀ ਦੀ ਦਾਤ ਨੂੰ ਪ੍ਰਾਪਤ ਕੀਤਾ ਹੈ ਅਤੇ ਮੈਂ ਜੀਵਨ ਵਿੱਚ ਰਾਜ ਕਰਦਾ ਹਾਂ। ਪ੍ਰਭੂ ਯਿਸੂ ਮਸੀਹ ਰਾਹੀਂ ਮੇਰੇ ਕੋਲ ਜੀਵਨ ਵਿੱਚ ਪ੍ਰਭੁਤਾ ਹੈ (ਰੋਮੀਆਂ 5:17)। ਹਰ ਸਥਿਤੀ ਅਤੇ ਹਰ ਤਰ੍ਹਾਂ ਦੇ ਹਾਲਾਤ ਵਿੱਚ ਪਰਮੇਸ਼ਰ ਹਮੇਸ਼ਾ ਮੇਰੇ ਲਈ ਮਸੀਹ ਵਿੱਚ ਜਿੱਤ ਦਾ ਕਾਰਨ

ਬਣਦੇ ਹਨ। ਇਹ ਮਹੱਤਵ ਨਹੀਂ ਰੱਖਦਾ ਕਿ ਹਾਲਾਤ ਵਰਤਮਾਨ ਵਿੱਚ ਕਿਸ ਤਰ੍ਹਾਂ ਦੇ ਵਿਖਾਈ ਦੇ ਰਹੇ ਹਨ, ਮੈਂ ਪ੍ਰਭੂ ਯਿਸੂ ਮਸੀਹ ਵਿੱਚ ਜਿੱਤ ਦਾ ਹੋਇਆ ਬਾਹਰ ਆ ਰਿਹਾ ਹਾਂ (2 ਕੁਰਿੰਥੀਆਂ 2:14)। ਮੈਂ ਜਿਹੜਾ ਪਰਮੇਸ਼ਰ ਤੋਂ ਪੈਦਾ ਹੋਇਆ ਹਾਂ, ਮੈਂ ਜਿੱਤਦਾ ਹਾਂ ਅਤੇ ਮੈਂ ਸੰਸਾਰ ਉੱਤੇ, ਹਨੇਰੇ ਦੇ ਕੰਮਾਂ ਉੱਤੇ ਅਤੇ ਉਸ ਬੁਰਿਆਈ ਉੱਤੇ ਜਿਹੜੀ ਇਸ ਸੰਸਾਰ ਵਿੱਚ ਹੈ ਜਿੱਤ ਪਾਉਂਦਾ ਹਾਂ। ਮਸੀਹ ਵਿੱਚ, ਮੈਂ ਇੱਕ ਜਿੱਤ ਪਾਉਣ ਵਾਲਾ ਹਾਂ (1 ਯੂਹੰਨਾ 5:4)। ਪਰਮੇਸ਼ਰ ਨੇ ਮੈਨੂੰ ਜਿਊਂਦਾ ਕੀਤਾ ਹੈ ਅਤੇ ਮੈਨੂੰ ਮਸੀਹ ਵਿੱਚ ਸਵਰਗੀ ਥਾਵਾਂ ਵਿੱਚ ਆਪਣੇ ਸੱਜੇ ਹੱਥ ਬਿਠਾਇਆ ਹੈ। ਮੈਂ ਅੰਧਕਾਰ ਦੀਆਂ ਸਾਰੀਆਂ ਤਾਕਤਾਂ, ਸ਼ੈਤਾਨ ਅਤੇ ਸਾਰੇ ਭੂਤਾਂ ਉੱਤੇ ਅਧਿਕਾਰ ਦੇ ਸਥਾਨ ਵਿੱਚ ਬਿਠਾਇਆ ਗਿਆ ਹਾਂ (ਅਫ਼ਸੀਆਂ 2:4-6)।

ਮਸੀਹ ਵਿੱਚ, ਮੈਂ ਸਵਰਗ ਤੋਂ ਹਰੇਕ ਅਸੀਸ ਨਾਲ ਅਸੀਸਤ ਹਾਂ। ਪਰਮੇਸ਼ਰ ਦੀਆਂ ਸਾਰੀਆਂ ਅਸੀਸਾਂ ਮੇਰੀਆਂ ਹਨ। ਵਿਸ਼ਵਾਸ ਰਾਹੀਂ, ਮੈਂ ਉਹਨਾਂ ਨੂੰ ਪ੍ਰਾਪਤ ਕਰਦਾ ਅਤੇ ਉਹਨਾਂ ਵਿੱਚ ਚੱਲਦਾ ਹਾਂ (ਅਫ਼ਸੀਆਂ 1:3)। ਮਸੀਹ ਵਿੱਚ, ਮੈਂ ਅਬਰਾਹਾਮ ਦੀਆਂ ਅਸੀਸਾਂ ਨੂੰ ਵਿਰਾਸਤ ਵਿੱਚ ਪਾਇਆ ਹੈ। ਮੈਨੂੰ ਨੇਕ ਬਣਾਇਆ ਗਿਆ ਹੈ। ਮੈਂ ਪਰਮੇਸ਼ਰ ਦਾ ਇੱਕ ਮਿੱਤਰ ਹਾਂ। ਮੈਂ ਸਾਰੀਆਂ ਚੀਜ਼ਾਂ ਵਿੱਚ ਅਸੀਸਤ ਹਾਂ। ਮੈਂ ਅਸੀਸਤ ਹਾਂ ਕਿ ਮੈਂ ਕੌਮਾਂ ਲਈ ਅਸੀਸ ਬਣਾਂ। ਮੈਂ ਆਪਣੇ ਵੈਰੀਆਂ ਉੱਤੇ ਜਿੱਤ ਪਾਈ ਹੈ (ਗਲਾਤੀਆਂ 3:29)। ਪਰਮੇਸ਼ਰ ਦੇ ਸਾਰੇ ਵਾਅਦੇ ਉਹਨਾਂ ਵਿੱਚ, ਹਾਂ ਅਤੇ ਆਮੀਨ ਹਨ। ਮੈਂ ਆਪਣੇ ਜੀਵਨ ਲਈ ਉਹਨਾਂ ਦੇ ਵਾਅਦਿਆਂ ਦੀ ਪੂਰਤੀ ਨੂੰ ਲੈਂਦਾ ਹਾਂ (2 ਕੁਰਿੰਥੀਆਂ 1:20)।

ਜੋ ਮੈਂ ਮਸੀਹ ਵਿੱਚ ਹਾਂ ਉਹ ਹੀ ਹੈ ਜੋ ਮੈਂ ਅਸਲ ਵਿੱਚ ਹਾਂ!

# ਵਿਸ਼ਾ-ਵਸਤੂ


1. ਸ਼ਬਦ ਦੋਵਾਂ ਖੇਤਰਾਂ ਵਿੱਚ ਮਹੱਤਵਪੂਰਨ ਹਨ 1
2. ਪ੍ਰਭੁਤਾ ਦਾ ਪ੍ਰਯੋਗ ਸ਼ਬਦਾਂ ਰਾਹੀਂ ਕੀਤਾ ਜਾਂਦਾ ਹੈ 3
3. ਆਪਣੇ ਆਪ ਨੂੰ ਉਹ ਦੇ ਵਚਨ ਅਨੁਸਾਰ ਪੁਕਾਰੋ 5
4. ਤੁਹਾਡੇ ਸ਼ਬਦ ਅਸੀਸ ਪ੍ਰਦਾਨ ਕਰਦੇ ਹਨ 7
5. ਪਰਮੇਸ਼ਰ ਦਾ ਵਚਨ ਪਹਿਲਾਂ ਤੋਂ ਲਿਖੀ ਹੋਈ ਤੁਹਾਡੀ ਖ਼ਬਰ ਹੈ, ਇਹਨਾਂ ਨੂੰ ਬੋਲੋ! 9
6. ਵਚਨ ਤੁਹਾਡੇ ਨੇੜੇ ਹੈ – ਪਰਮੇਸ਼ਰ ਦੇ ਵਚਨ ਬੋਲੋ 11
7. ਪਰਮੇਸ਼ਰ ਦੇ ਵਚਨਾਂ ਨੂੰ ਆਪਣੇ ਮੂੰਹ ਵਿੱਚ ਰੱਖੋ 13
8. ਉਹ ਦੇ ਵਾਅਦੇ ਕਾਇਮ ਰਹਿੰਦੇ ਹਨ—ਅਤੇ ਸਾਡੀ ਘੋਸ਼ਣਾ ਵੀ ਇਸ ਤਰ੍ਹਾਂ ਕਰਦੀ ਹੈ 15
9. ਪਰਮੇਸ਼ਰ ਨਾਲ ਆਪਣੇ ਨੇਮ ਦੀ ਘੋਸ਼ਣਾ ਕਰੋ 17
10. ਉਹ ਸ਼ਬਦ ਬੋਲੋ ਜਿਹੜੇ ਪਰਮੇਸ਼ਰ ਅੱਗੇ ਮੰਨਣ ਯੋਗ ਹਨ 19
11. ਹਰ ਹਾਲਾਤ ਵਿੱਚ ਇਹ ਘੋਸ਼ਣਾ ਕਰੋ ਕਿ ਪਰਮੇਸ਼ਰ ਤੁਹਾਡੇ ਲਈ ਕੌਣ ਹਨ 21
12. ਕੁਦਰਤੀ ਸੰਸਾਰ ਯਹੋਵਾਹ ਦੀ ਅਵਾਜ਼ ਨੂੰ ਜਵਾਬ ਦਿੰਦਾ ਹੈ 23
13. ਕੁਦਰਤੀ ਸੰਸਾਰ ਨੂੰ ਪਰਮੇਸ਼ਰ ਦੇ ਸ਼ਬਦ ਰਾਹੀਂ ਆਕਾਰ ਦਿੱਤਾ ਅਤੇ ਰਚਿਆ ਗਿਆ ਸੀ 25
14. ਤੁਹਾਡੀ ਜੀਭ ਤੁਹਾਡੇ ਲਈ ਭਲੇ ਦਿਨ ਅਤੇ ਲੰਮੀ ਉਮਰ ਲਿਆ ਸਕਦੀ ਹੈ 27
15. ਉਹ ਦੇ ਵਚਨ ਦੀ ਘੋਸ਼ਣਾ ਕਰਨੀ ਉਹ ਦੇ ਨੇਮ ਦਾ ਦਾਅਵਾ ਕਰਨਾ ਹੈ 29
16. ਮੈਂ ਯਹੋਵਾਹ ਦੇ ਵਿਖੇ ਆਖਾਂਗਾ 31

17. ਦੂਤ ਉਹ ਦੇ ਸ਼ਬਦ ਦੀ ਅਵਾਜ਼ ਨੂੰ ਸੁਣਦੇ ਹਨ 34
18. ਯਹੋਵਾਹ ਦੇ ਛੁਡਾਏ ਹੋਏ ਏਹ ਆਖਣ 36
19. ਜੈਕਾਰੇ ਅਤੇ ਬਚਾਓ ਦੀ ਅਵਾਜ਼ ਨੂੰ ਕਾਇਮ ਰੱਖੋ 38
20. ਤੁਹਾਡੇ ਮਨ ਤੋਂ ਬਾਹਰ ਉਹ ਧਾਰਾਂ ਨਿੱਕਲਦੀਆਂ ਹਨ ਜਿਹੜੀਆਂ ਤੁਹਾਡੇ ਜੀਵਨ ਨੂੰ ਆਕਾਰ ਦਿੰਦੀਆਂ ਹਨ 40
21. ਨੇਕ ਮਨੁੱਖ ਦੇ ਸ਼ਬਦ ਜੀਵਨ ਅਤੇ ਬਲ ਨੂੰ ਪ੍ਰਦਾਨ ਕਰਦੇ ਹਨ 42
22. ਸ਼ਬਦ ਚੰਗਾ ਕਰ ਸਕਦੇ ਅਤੇ ਤੰਦਰੁਸਤ ਬਣਾ ਸਕਦੇ ਹਨ 44
23. ਮਨਭਾਉਂਦੇ ਸ਼ਬਦਾਂ ਦੀ ਸਮਰੱਥਾ ਨੂੰ ਪ੍ਰਦਾਨ ਕਰੋ 46
24. ਤੁਹਾਡਾ ਜੀਵਨ ਤੁਹਾਡੇ ਸ਼ਬਦਾਂ ਦੇ ਫਲ ਦੇ ਨਾਲ ਤ੍ਰਿਪਤ ਹੁੰਦਾ ਹੈ 48
25. ਤੁਹਾਡੇ ਸ਼ਬਦਾਂ ਵਿੱਚ ਜੀਵਨ ਅਤੇ ਮੌਤ ਦੀ ਸਮਰੱਥਾ ਹੈ 50
26. ਤੁਹਾਡੇ ਮੂੰਹ ਵਿੱਚ ਉਹ ਦਾ ਵਚਨ ਕੌਮਾਂ ਉੱਤੇ ਪ੍ਰਭਾਵ ਪਾ ਸਕਦਾ ਹੈ 52
27. ਸੁੱਕੀਆਂ ਹੱਡੀਆਂ ਨੂੰ ਬੋਲ ਕਿ ਉਹ ਜੀਉਂਦੀਆਂ ਹੋ ਸਕਣ 54
28. ਤੁਹਾਡੇ ਸ਼ਬਦ ਸਵਰਗ ਵਿੱਚ ਸੁਣੇ ਜਾਂਦੇ ਹਨ 56
29. ਸ਼ਬਦ ਆਤਮਿਕ ਤੋਂ ਸੁਭਾਵਿਕਤਾ ਵਿੱਚ ਪਹੁੰਚ ਕਰਦੇ ਹਨ 58
30. ਕਮਜ਼ੋਰ ਆਖੇ, ਮੈਂ ਬਲਵੰਤ ਹਾਂ 60
31. ਤੁਹਾਡੇ ਸ਼ਬਦਾਂ ਨਾਲ ਪਰਮੇਸ਼ਰ ਨੂੰ ਨਾਰਾਜ਼ ਨਾ ਕਰੋ 63
32. "ਇਹ ਲਿਖਿਆ ਹੋਇਆ ਹੈ" ਆਖਣਾ ਸਿੱਖੋ—ਪ੍ਰਭੂ ਯਿਸੂ ਮਸੀਹ ਨੇ ਇਹ ਕੀਤਾ ਸੀ 65
33. ਵਚਨ ਨਾਲ ਭੂਤਾਂ ਨੂੰ ਬਾਹਰ ਕੱਢੋ 67
34. ਜਦੋਂ ਤੁਸੀਂ ਧਰਤੀ ਉੱਤੇ ਉਹ ਦਾ ਇਕਰਾਰ ਕਰਦੇ ਹੋ, ਤਾਂ ਤੁਹਾਡਾ ਜ਼ਿਕਰ ਸਵਰਗ ਵਿੱਚ ਕੀਤਾ ਜਾਂਦਾ ਹੈ 69
35. ਵਚਨ ਉਹ ਨੂੰ ਜੋ ਤੁਹਾਡੇ ਮਨ ਵਿੱਚ ਹੁੰਦਾ ਹੈ ਤੁਹਾਡੇ ਜੀਵਨ ਵਿੱਚ ਪ੍ਰਦਾਨ ਕਰਦੇ ਹਨ 71

36. ਤੁਸੀਂ ਆਪਣੇ ਸ਼ਬਦਾਂ ਰਾਹੀਂ ਨੇਕ ਜਾਂ ਦੋਸ਼ੀ ਠਹਿਰਾਏ ਜਾਂਦੇ ਹੋ 73
37. ਸ਼ਬਦ ਪਰਮੇਸ਼ਰ ਦੇ ਰਾਜ ਵਿੱਚ ਬੰਨ੍ਹਣ ਅਤੇ ਖੋਲ੍ਹਣ ਦਾ ਅਧਿਕਾਰ ਪ੍ਰਦਾਨ ਕਰਦੇ ਹਨ। 75
38. ਪਹਾੜ ਨੂੰ ਬੋਲੋ 77
39. ਆਪਣੀ ਇੱਛਾ ਵਾਲਾ ਅੰਜਾਮ ਬੋਲੋ 79
40. ਵਿਸ਼ਵਾਸ ਕਰੋ ਕਿ ਤੁਸੀਂ ਜੋ ਆਖਦੇ ਹੋ ਉਹ ਹੋ ਜਾਵੇਗਾ 81
41. ਪ੍ਰਾਰਥਨਾ ਦੇ ਵਿੱਚ ਵਿਸ਼ਵਾਸ ਦੇ ਸ਼ਬਦ ਬੋਲੋ 83
42. ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੋਵੋ 85
43. ਰੋਗਾਂ ਨੂੰ ਛੱਡ ਕੇ ਜਾਣ ਦਾ ਹੁਕਮ ਦਿਓ 87
44. ਤੂਫ਼ਾਨ ਨੂੰ ਬੋਲੋ 89
45. ਬੰਧਨਾਂ ਤੋਂ ਲੋਕਾਂ ਦੀ ਰਿਹਾਈ ਨੂੰ ਘੋਸ਼ਿਤ ਕਰੋ 91
46. ਮਸਹ ਕੀਤੇ ਹੋਏ ਸ਼ਬਦ ਆਤਮਾ ਦੇ ਜੀਵਨ ਨੂੰ ਪ੍ਰਗਟ ਕਰਦੇ ਹਨ 93
47. ਵਿਸ਼ਵਾਸ ਵਿੱਚ ਹੁਕਮ ਦਿਓ 95
48. ਵਚਨ ਤੁਹਾਨੂੰ ਤੁਹਾਡੀ ਵਿਰਾਸਤ ਵਿੱਚ ਲੈ ਕੇ ਆਉਂਦਾ ਹੈ 97
49. ਮੈਂ ਵਿਸ਼ਵਾਸ ਕਰਦਾ ਹਾਂ ਕਿ ਜਿਸ ਤਰ੍ਹਾਂ ਮੈਨੂੰ ਆਖਿਆ ਗਿਆ ਹੈ ਉਸ ਤਰ੍ਹਾਂ ਹੀ ਹੋਵੇਗਾ 99
50. ਹੋਂਦ ਰਹਿਤ ਵਸਤਾਂ ਨੂੰ ਇਸ ਤਰ੍ਹਾਂ ਪੁਕਾਰੋ ਜਿਸ ਤਰ੍ਹਾਂ ਉਹ ਤੁਹਾਡੇ ਸਨਮੁੱਖ ਹਨ 101
51. ਉਹ ਦੇ ਵਾਅਦੇ ਅਨੁਸਾਰ ਬੋਲੋ 103
52. ਜੀਵਨ ਵਿੱਚ ਰਾਜ ਕਰੋ – ਅਧਿਕਾਰ ਦੇ ਵਚਨ ਬੋਲੋ 105
53. ਵਿਸ਼ਵਾਸ ਇਸ ਤਰ੍ਹਾਂ ਬੋਲਦਾ ਹੈ 107
54. ਮੁਕਤੀ ਲਈ ਇਕਰਾਰ ਕੀਤਾ ਜਾਂਦਾ ਹੈ 109
55. ਉਹ ਦੇ ਸਾਰੇ ਵਾਅਦਿਆਂ ਨੂੰ ਤੁਹਾਡੀ "ਹਾਂ ਅਤੇ ਆਮੀਨ" ਦੀ ਘੋਸ਼ਣਾ ਕਰੋ 111

56. ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਇਸ ਲਈ ਅਸੀਂ ਬੋਲਦੇ ਹਾਂ 113
57. ਕਿਰਪਾ ਵੰਡਣ ਲਈ ਸ਼ਬਦਾਂ ਦੀ ਵਰਤੋਂ ਕਰੋ 115
58. ਆਤਮਾ ਦੀ ਤਲਵਾਰ ਦੀ ਵਰਤੋਂ ਕਰੋ 116
59. ਭਵਿੱਖਬਾਣੀ ਦੇ ਸ਼ਬਦਾਂ ਨਾਲ ਚੰਗੀ ਲੜਾਈ ਲੜੋ 118
60. ਮਸੀਹ ਵਿੱਚ ਤੁਹਾਡੇ ਵਿੱਚ ਹਰੇਕ ਭਲੀ ਗੱਲ ਨੂੰ ਪ੍ਰਵਾਨ ਕਰੋ 120
61. ਉਹ ਦਾ ਵਚਨ ਤੁਹਾਡੇ ਸੰਸਾਰ ਨੂੰ ਕਾਇਮ ਅਤੇ ਨਿਯਮਿਤ ਕਰ ਸਕਦਾ ਹੈ 122
62. ਪ੍ਰਭੂ ਯਿਸੂ ਮਸੀਹ ਸਾਡੇ ਇਕਰਾਰ ਦੇ ਪ੍ਰਧਾਨ ਜਾਜਕ ਹਨ 124
63. ਆਪਣੇ ਇਕਰਾਰ ਉੱਤੇ ਪੱਕੇ ਰਹੀਏ 125
64. ਉਹ ਦੇ ਵਚਨਾਂ ਨੇ ਸੰਸਾਰ ਨੂੰ ਸਾਜਿਆ 127
65. ਪਰਮੇਸ਼ਰ ਨੇ ਆਖਿਆ ਹੈ, ਇਸ ਕਰਕੇ ਅਸੀਂ ਹੌਸਲੇ ਨਾਲ ਆਖਦੇ ਹਾਂ 129
66. ਆਪਣੀ ਜੀਭ ਨੂੰ ਵੱਸ ਵਿੱਚ ਰੱਖੋ, ਆਪਣੀ ਸਾਰੀ ਸ਼ਖਸੀਅਤ ਨੂੰ ਵੱਸ ਵਿੱਚ ਰੱਖੋ 131
67. ਤੁਹਾਡੇ ਸ਼ਬਦ ਅਗਵਾਈ ਕਰਦੇ, ਵੱਸ ਵਿੱਚ ਰੱਖਦੇ ਅਤੇ ਤੁਹਾਡੇ ਜੀਵਨ ਨੂੰ ਅਸੀਸ ਦਿੰਦੇ ਹਨ 134
68. ਵਿਸ਼ਵਾਸ ਨੂੰ ਲਗਾਤਾਰ ਬੋਲੋ 136
69. ਸ਼ੈਤਾਨ ਦਾ ਸਾਹਮਣਾ ਕਰੋ 138
70. ਅਸੀਸ ਦੇ ਸ਼ਬਦਾਂ ਨੂੰ ਵੰਡੋ 140
71. ਸ਼ਬਦ ਜਿੱਤ ਲਈ ਤੁਹਾਡੇ ਵਿਸ਼ਵਾਸ ਨੂੰ ਪ੍ਰਕਾਸ਼ਿਤ ਕਰਦੇ ਹਨ 142
72. ਅਸੀਂ ਪਰਮੇਸ਼ਰ ਤੋਂ ਹਾਂ, ਇਸ ਲਈ ਇਸ ਤਰ੍ਹਾਂ ਬੋਲਦੇ ਹਾਂ ਜਿਵੇਂ ਅਸੀਂ ਪਰਮੇਸ਼ਰ ਤੋਂ ਬੋਲਦੇ ਹਾਂ 144
73. ਅਸੀਂ ਲੇਲੇ ਦੇ ਲਹੂ ਅਤੇ ਸਾਡੀ ਗਵਾਹੀ ਦੇ ਵਚਨ ਦੁਆਰਾ ਜਿੱਤ ਪਾਉਂਦੇ ਹਾਂ 146

# ਭੂਮਿਕਾ

ਜਿਵੇਂ ਮੈਂ ਪ੍ਰਭੂ ਯਿਸੂ ਮਸੀਹ ਵਿੱਚ ਆਪਣੀ ਪਿੱਛਲੀ ਨਿੱਜੀ ਆਤਮਿਕ ਯਾਤਰਾ ਨੂੰ ਦੇਖਦਾ ਹਾਂ ਤਾਂ ਇੱਕ ਅਨੁਸ਼ਾਸਨ ਜਾਂ ਅਭਿਆਸ ਹੈ ਜਿਸ ਨੇ ਮੈਨੂੰ ਬਲਵੰਤ ਰਹਿਣ ਵਿੱਚ ਸਹਾਇਤਾ ਕੀਤੀ ਹੈ ਉਹ ਅਨੁਸ਼ਾਸਨ ਮੇਰੇ ਵਿਸ਼ਵਾਸ ਨੂੰ ਬੋਲਣਾ ਹੈ। ਮੈਨੂੰ ਯਾਦ ਹੈ ਕਿ ਆਪਣੀ ਮੁੱਢਲੀ ਕਿਸ਼ੋਰ ਅਵਸਥਾ ਤੋਂ ਪਰਮੇਸ਼ਰ ਨਾਲ ਮੇਰੇ ਰੋਜ਼ਾਨਾ ਸਮੇਂ ਦੇ ਹਿੱਸੇ ਵਜੋਂ 30 ਮਿੰਟ ਜਾਂ ਉਸ ਤੋਂ ਵੱਧ ਸਮੇਂ ਨੂੰ ਕੇਵਲ ਮੈਂ ਆਪਣੇ ਜੀਵਨ, ਵਰਤਮਾਨ ਅਤੇ ਭਵਿੱਖ ਉੱਤੇ ਪਰਮੇਸ਼ਰ ਦੇ ਵਚਨ ਦੀ ਘੋਸ਼ਣਾ ਕਰਨ ਲਈ ਵੱਖ ਕਰਦਾ ਸੀ। ਮੇਰੇ ਜੀਵਨ ਦੇ ਵੱਖ-ਵੱਖ ਖੇਤਰਾਂ ਉੱਤੇ ਮੈਂ ਪਰਮੇਸ਼ਰ ਦੇ ਵਚਨ ਨੂੰ ਸ਼ੁਰੂ ਤੋਂ ਲੈ ਕੇ ਅੰਤ ਤੱਕ ਬੋਲਦਾ ਅਤੇ ਇਹ ਘੋਸ਼ਣਾ ਕਰਦਾ ਕਿ ਮੈਂ ਮਸੀਹ ਵਿੱਚ ਕੌਣ ਹਾਂ। ਰੋਜ਼ਾਨਾ ਇਸ ਨੇ ਮੇਰੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ। ਫਿਰ ਇਨ੍ਹਾਂ ਸ਼ਬਦਾਂ ਨੂੰ ਸੋਚਣਾ ਕਿ, ਪਰਮੇਸ਼ਰ ਕੀ ਆਖਦੇ ਹਨ ਅਤੇ ਮੇਰੇ ਵਿਸ਼ਵਾਸ ਨੂੰ ਬੋਲਣਾ ਲਗਭਗ ਹਰੇਕ ਹਾਲਾਤ ਵਿੱਚ ਮੇਰੀ ਸੁਭਾਵਿਕ ਪ੍ਰਤਿਕ੍ਰਿਆ ਬਣ ਗਈ। ਅਜਿਹਾ ਕਰਨ ਨਾਲ ਮੈਨੂੰ ਹਰ ਹਾਲਾਤ ਦੇ ਵਿੱਚਕਾਰ ਉੱਠ ਕੇ ਖੜ੍ਹੇ ਹੋਣ ਅਤੇ ਜਿੱਤ ਤੱਕ ਪਹੁੰਚਣ ਵਿੱਚ ਸਹਾਇਤਾ ਮਿਲੀ ਹੈ। ਇਸ ਤਰ੍ਹਾਂ ਹੀ ਮੈਂ ਆਪਣੇ ਅੰਤ ਤੱਕ ਰਹਿਣਾ ਚਾਹਾਂਗਾ ਹਾਂ-ਕਿ ਉਹ ਦੇ ਸਮਰੱਥਾ ਨਾਲ ਭਰੇ, ਅਟੱਲ ਵਚਨ ਵਿੱਚ ਮੇਰੇ ਵਿਸ਼ਵਾਸ ਨੂੰ ਬੋਲਾਂ। ਇਹ ਕਿਤਾਬ ਤੁਹਾਨੂੰ ਕੁਝ ਅਜਿਹਾ ਦੇਣ ਲਈ ਤਿਆਰ ਕੀਤੀ ਗਈ ਹੈ ਜਿਸ ਨੇ ਮੈਨੂੰ ਬੇਹੱਦ ਨਿਹਾਲ ਕੀਤਾ ਹੈ - ਹਮੇਸ਼ਾ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਤੁਹਾਡੇ ਵਿਸ਼ਵਾਸ ਨੂੰ ਬੋਲਣ ਦਾ ਸਧਾਰਨ ਅਭਿਆਸ। ਇਹ ਨੂੰ **ਆਪਣਾ ਜੀਵਨ ਤਰੀਕਾ ਬਣਾਓ।**

ਪਰਮੇਸ਼ਰ ਨੇ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ। ਉਹਨਾਂ ਨੇ ਨਿਯਮਾਂ ਨੂੰ ਸਥਾਪਿਤ ਕੀਤਾ ਹੈ ਜੋ ਉਹਨਾਂ ਸੰਸਾਰਾਂ ਨੂੰ ਨਿਅੰਤਰਿਤ ਕਰਦੇ ਹਨ ਜਿਹੜੇ ਉਹਨਾਂ ਨੇ ਬਣਾਏ ਹਨ। ਅਸੀਂ ਕੁਦਰਤੀ ਅਤੇ ਭੌਤਿਕ ਖੇਤਰ ਵਿੱਚ ਨਿਯਮਾਂ ਨੂੰ ਸਮਝਦੇ ਹਾਂ। ਅਸੀਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਨਿਯਮਾਂ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਹੋਰ ਖੇਤਰਾਂ ਵਿੱਚ ਮਿਣਿਆ ਹੋਇਆ ਹੈ ਅਤੇ ਅਸੀਂ ਉਹਨਾਂ ਦੀ ਵਰਤੋਂ ਆਪਣੇ ਲਾਭ ਲਈ ਕਰਦੇ ਹਾਂ ਅਤੇ ਇਹ ਜਾਣਦੇ ਹਾਂ ਕਿ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਦੇ ਪਰਿਣਾਮ ਵਿਨਾਸ਼ਕਾਰੀ ਹੋ ਸਕਦੇ ਹਨ,

ਇਸ ਕਰਕੇ ਅਸੀਂ ਇਨ੍ਹਾਂ ਨਿਯਮਾਂ ਦੀ ਉਲੰਘਣਾ ਨਾ ਕਰਨ ਲਈ ਸਾਵਧਾਨ ਰਹਿੰਦੇ ਹਾਂ। ਇਸੇ ਤਰ੍ਹਾਂ, ਇੱਥੇ ਆਤਮਿਕ ਨਿਯਮ ਹਨ ਜਿਹੜੇ ਆਤਮਿਕ ਅਤੇ ਕੁਦਰਤੀ ਖੇਤਰਾਂ ਨਾਲ ਸਾਡੀ ਅੰਤਰਕਿਰਿਆ ਨੂੰ ਨਿਅੰਤਰਿਤ ਕਰਦੇ ਹਨ। ਕਿਉਂਜੋ, ਕੁਦਰਤੀ ਖੇਤਰ ਆਤਮਿਕ ਖੇਤਰ ਤੋਂ ਹੋਂਦ ਵਿੱਚ ਆਇਆ ਹੈ, ਇਹ ਆਤਮਿਕ ਨਿਯਮ ਸਾਡੇ ਕੁਦਰਤੀ ਖੇਤਰ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਨਿਯਮਾਂ ਵਿੱਚੋਂ ਕੁਝ ਆਤਮਿਕ ਨਿਯਮ ਸਾਨੂੰ ਪਰਮੇਸ਼ਰ ਦੇ ਵਚਨ ਵਿੱਚ ਪ੍ਰਗਟ ਕੀਤੇ ਗਏ ਹਨ, ਤਾਂ ਜੋ ਅਸੀਂ ਉਹਨਾਂ ਨੂੰ ਸਮਝ ਸਕੀਏ ਅਤੇ ਉਹਨਾਂ ਦੁਆਰਾ ਰਹਿ ਸਕੀਏ।

ਪਵਿੱਤਰ-ਗ੍ਰੰਥ ਦੇ ਵਿੱਚ ਪ੍ਰਗਟ ਕੀਤੇ ਹੋਏ ਬਹੁਤ ਸਾਰੇ ਆਤਮਿਕ ਨਿਯਮਾਂ ਜਾਂ ਆਤਮਿਕ ਸਚਿਆਈਆਂ ਵਿੱਚੋਂ ਅਸੀਂ ਪਰਮੇਸ਼ਰ ਦੇ ਵਚਨ ਦੀ ਸਮਰੱਥਾ, ਸਾਡੇ ਆਪਣੇ ਬੋਲੇ ਹੋਏ ਸ਼ਬਦਾਂ ਦੀ ਸਮਰੱਥਾ, ਵਿਸ਼ਵਾਸ ਵਿੱਚ ਸਾਡੇ ਰਾਹੀਂ ਬੋਲੇ ਹੋਏ ਪਰਮੇਸ਼ਰ ਦੇ ਵਚਨ ਦੀ ਸਮਰੱਥਾ ਅਤੇ ਪਵਿੱਤਰ ਆਤਮਾ ਰਾਹੀਂ ਪ੍ਰੇਰਨਾ ਦਿੱਤੇ ਹੋਏ ਵਚਨਾਂ (ਅਗੰਮ ਵਾਕਾਂ) ਦੀ ਸਮਰੱਥਾ ਬਾਰੇ ਸਿੱਖਦੇ ਹਾਂ। ਪਰਮੇਸ਼ਰ ਦੇ ਵਚਨ ਵਿੱਚ ਅੰਦਰੂਨੀ ਸਮਰੱਥਾ ਹੈ। ਬਾਈਬਲ ਪਰਮੇਸ਼ਰ ਦਾ ਵਚਨ ਹੈ ਜਿਹੜਾ ਸਾਨੂੰ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੈ, ਤਾਂ ਜੋ ਅਸੀਂ ਇਸ ਨੂੰ ਪ੍ਰਾਪਤ ਕਰ ਸਕੀਏ। ਸਾਡੇ ਮੂੰਹ ਦੇ ਸ਼ਬਦਾਂ ਵਿੱਚ ਸਮਰੱਥਾ ਹੈ, ਜਿਹੜੀ ਵਿਅਕਤੀਗਤ ਤੌਰ ਤੇ ਸਾਡੇ ਜੀਵਨ ਉੱਤੇ ਪ੍ਰਭਾਵ ਪਾਉਂਦੀ ਹੈ। ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਨਾਲ ਬੋਲੇ ਹੋਏ ਸ਼ਬਦਾਂ ਵਿੱਚ ਸਮਰੱਥਾ ਹੈ। ਸਾਡਾ ਵਿਸ਼ਵਾਸ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਹੈ। ਪਹਾੜਾਂ ਨੂੰ ਹਟਾਉਣ, ਤੂਫਾਨਾਂ ਨੂੰ ਸ਼ਾਂਤ ਕਰਨ ਅਤੇ ਸਾਡੇ ਖੇਤਰ ਵਿੱਚ ਅਲੌਕਿਕਤਾ ਨੂੰ ਪ੍ਰਦਾਨ ਕਰਨ ਲਈ, ਵਿਸ਼ਵਾਸ ਵਿੱਚ ਬੋਲੇ ਗਏ ਸ਼ਬਦ ਸਾਡੇ ਦਿਲ ਵਿੱਚ ਪਰਮੇਸ਼ਰ ਦੇ ਵਚਨ ਤੋਂ ਪੈਦਾਇਸ਼ ਲੈਂਦੇ ਹਨ। ਪਵਿੱਤਰ ਆਤਮਾ ਦੀ ਪ੍ਰੇਰਨਾ ਰਾਹੀਂ ਆਉਣ ਵਾਲੇ ਸ਼ਬਦਾਂ ਨੂੰ ਬੋਲਣ ਵਿੱਚ ਵੀ ਸਮਰੱਥਾ ਹੈ। ਜਦੋਂ ਅਸੀਂ ਉਹ ਦੀ ਆਗਿਆ ਦਾ ਪਾਲਣ ਕਰਦੇ ਹਾਂ, ਤਾਂ ਕੁਦਰਤੀ ਖੇਤਰ ਵਿੱਚ ਸਮਰੱਥਾ ਨਾਲ ਭਰੀਆਂ ਘਟਨਾਵਾਂ ਵਾਪਰਦੀਆਂ ਹਨ। ਇਹ ਸਭ ਕੁਝ ਦਾ ਸੰਬੰਧ ਸਾਡੇ ਉਹਨਾਂ ਸ਼ਬਦਾਂ ਨਾਲ ਹੈ, ਜਿਹੜੇ ਸ਼ਬਦ ਅਸੀਂ ਬੋਲਦੇ ਹਾਂ।

ਮੁੱਢੋਂ ਅਖੀਰ ਤੱਕ ਪਵਿੱਤਰ-ਗ੍ਰੰਥ ਵਿੱਚ, ਪਰਮੇਸ਼ਰ ਆਪਣੇ ਲੋਕਾਂ ਨੂੰ ਉਹਨਾਂ ਦੇ ਵਚਨ ਨੂੰ ਬੋਲਣ ਦੀ ਹਿਦਾਇਤ ਦਿੰਦੇ ਹਨ। ਪਰਮੇਸ਼ਰ ਦੇ ਵਚਨ

ਵਿਸ਼ਵਾਸ ਨਾਲ ਸਾਡੇ ਮੂੰਹੋਂ ਨਿਕਲੇ ਸ਼ਬਦਾਂ ਦੇ ਰੂਪ ਵਿੱਚ ਸਾਡੇ ਦਿਲਾਂ ਅੰਦਰ ਅਤੇ ਕੁਦਰਤੀ ਖੇਤਰ ਵਿੱਚ ਸਿਰਜਣਾਤਮਿਕ ਅਤੇ ਚਮਤਕਾਰ ਕਰਨ ਵਾਲੀ ਸਮਰੱਥਾ ਨੂੰ ਪ੍ਰਦਾਨ ਕਰਦੇ ਹਨ। ਸਾਡੇ ਮੂੰਹੋਂ ਨਿਕਲੇ ਸ਼ਬਦਾਂ ਵਜੋਂ ਬੋਲਿਆ ਗਿਆ ਉਹਨਾਂ ਦਾ ਵਚਨ ਵੈਰੀ ਦੇ ਵਿਰੁੱਧ ਸਾਡਾ ਹਥਿਆਰ ਬਣ ਜਾਂਦਾ ਹੈ।

ਅਸੀਂ ਆਪਣੇ ਵਰਤਮਾਨ ਅਤੇ ਭਵਿੱਖ ਉੱਤੇ ਪਰਮੇਸ਼ਰ ਦੇ ਵਚਨ ਨੂੰ ਬੋਲਣ ਰਾਹੀਂ ਆਪਣੇ ਸੰਸਾਰ ਨੂੰ ਆਕਾਰ ਦੇ ਸਕਦੇ ਹਾਂ। ਹਮੇਸ਼ਾ ਅਤੇ ਸਾਰੇ ਹਾਲਾਤ ਵਿੱਚ ਸਾਨੂੰ ਵਿਸ਼ਵਾਸ ਨਾਲ ਭਰੇ ਸ਼ਬਦਾਂ ਨੂੰ ਬੋਲਣਾ ਸਿੱਖਣਾ ਚਾਹੀਦਾ ਹੈ। ਵਿਸ਼ਵਾਸ ਨਾਲ ਬੋਲਣਾ ਕਿਸੇ ਪਹਾੜ ਦੀ ਹੋਂਦ ਜਾਂ ਪਰਚੱਲਤ ਤੂਫ਼ਾਨ ਦੀ ਭਿਆਨਕਤਾ ਤੋਂ ਇਨਕਾਰ ਕਰਨਾ ਨਹੀਂ ਹੈ। ਇਸ ਦੇ ਬਦਲੇ, ਵਿਸ਼ਵਾਸ ਪਹਾੜ ਨੂੰ ਬੋਲਦਾ ਹੈ ਅਤੇ ਉਸ ਦੇ ਰਾਹ ਵਿੱਚ ਖੜ੍ਹੇ ਰਹਿਣ ਦੇ ਅਧਿਕਾਰ ਤੋਂ ਵਾਂਝਿਆਂ ਕਰਦਾ ਹੈ। ਵਿਸ਼ਵਾਸ ਹਵਾਵਾਂ ਅਤੇ ਤੂਫਾਨਾਂ ਨੂੰ ਬੋਲਦਾ ਹੈ ਕਿ ਉਹਨਾਂ ਨੂੰ ਤਬਾਹੀ ਮਚਾਉਣ ਦੇ ਉਹਨਾਂ ਦੇ ਅਧਿਕਾਰ ਤੋਂ ਵਾਂਝਿਆਂ ਕਰ ਦੇਵੇ ਅਤੇ ਉਹ ਇਸ ਦੇ ਬਦਲੇ, ਉਸ ਸ਼ਾਂਤੀ ਅਤੇ ਚੈਨ ਨੂੰ ਰਾਹ ਦਿੰਦਾ ਹੈ ਜੋ ਪਰਮੇਸ਼ਰ ਪ੍ਰਦਾਨ ਕਰਦੇ ਹਨ। ਵਿਸ਼ਵਾਸ ਬਿਮਾਰੀ ਨੂੰ ਹੁਕਮ ਦਿੰਦੇ ਹੋਏ ਬੋਲਦਾ ਹੈ ਕਿ ਉਹ ਚੰਗਿਆਈ ਅਤੇ ਸੰਪੂਰਨਤਾ ਨੂੰ ਜਿਹੜੀ ਪਰਮੇਸ਼ਰ ਤੋਂ ਆਉਂਦੀ ਹੈ ਰਾਹ ਦੇਵੇ।

ਬਹੁਤ ਸਾਰੇ ਲੋਕ ਘੱਟ ਨਿੱਜੀ ਆਦਰ-ਮਾਣ, ਆਤਮ-ਵਿਸ਼ਵਾਸ ਦੀ ਘਾਟ, ਡਰ, ਸ਼ੱਕ, ਚਿੰਤਾ, ਉਦਾਸੀ, ਅਤੇ ਹੋਰ ਭਾਵਨਾਤਮਕ ਸਮੱਸਿਆਵਾਂ ਅਤੇ ਬੰਧਨਾਂ ਦੀ ਇੱਕ ਮੇਜ਼ਬਾਨੀ ਨਾਲ ਸੰਘਰਸ਼ ਕਰਦੇ ਹਨ। ਪਰਮੇਸ਼ਰ ਦੇ ਵਚਨਾਂ ਨੂੰ ਮਿਥ ਕੇ ਅਤੇ ਹਰੇਕ ਹਾਲਾਤ ਵਿੱਚ ਆਪਣੇ ਜੀਵਨਾਂ ਉੱਤੇ ਬੋਲਣਾ ਭਾਵਨਾਤਮਕ ਸੰਪੂਰਨਤਾ ਅਤੇ ਪੂਰੀ ਆਜ਼ਾਦੀ ਦੀ ਇੱਕ ਕੁੰਜੀ ਹੈ। ਇਸ ਦਾ ਅਭਿਆਸ ਕਰੋ। ਇਹ ਮੁਫ਼ਤ ਹੈ! ਇਹ ਸਿਰਫ਼ ਕੁਝ ਵਿਸ਼ਵਾਸ ਅਤੇ ਅਨੁਸ਼ਾਸਨ ਦੀ ਮੰਗ ਕਰਦਾ ਹੈ। ਤੁਸੀਂ ਦੁਬਾਰਾ ਤੋਂ ਇੱਕ ਤਰ੍ਹਾਂ ਦੇ ਨਹੀਂ ਰਹੋਗੇ।

ਅਸੀਂ ਯਤਨ ਕੀਤਾ ਹੈ ਉਹਨਾਂ ਬਹੁਤ ਸਾਰੀਆਂ ਮੁੱਖ ਆਇਤਾਂ ਨੂੰ ਲਿਪੀਬੱਧ ਕਰਨ ਦਾ ਜਿਹੜੀਆਂ ਸਾਨੂੰ ਸ਼ਬਦਾਂ ਦੀ ਮਹੱਤਤਾ, ਪਰਮੇਸ਼ਰ ਦੇ ਵਚਨ ਨੂੰ ਬੋਲਣ ਦੀ ਸਮਰੱਥਾ, ਵਿਸ਼ਵਾਸ ਨਾਲ ਭਰੇ ਸ਼ਬਦ ਬੋਲਣ ਦੀ ਸਮਰੱਥਾ ਅਤੇ ਆਤਮਾ ਰਾਹੀਂ ਪ੍ਰੇਰਨਾ ਦੇਣ ਵਾਲੇ ਸ਼ਬਦਾਂ ਨੂੰ ਬੋਲਣ ਦੀ ਸਮਰੱਥਾ ਦੀ ਸਮਝ ਪ੍ਰਦਾਨ ਕਰਦੀਆਂ ਹਨ। (ਜੇਰਕ ਤੁਸੀਂ ਇਸ ਸੂਚੀ ਵਿੱਚ ਹੋਰ ਆਇਤਾਂ ਦੇ ਹਵਾਲੇ ਜੋੜਨ ਦੀ ਇੱਛਾ ਰੱਖਦੇ ਹੋ। ਤਾਂ ਕਿਰਪਾ ਕਰਕੇ ਅਜਿਹਾ ਕਰੋ।)

ਇਹ ਛੋਟੇ, ਆਸਾਨੀ ਨਾਲ ਸੰਖੇਪ ਦੇਣ ਵਾਲੇ ਅਧਿਆਵਾਂ ਵਿੱਚੋਂ ਇਕੱਠੇ ਕੀਤੇ ਗਏ ਹਨ। ਇਸ ਕਿਤਾਬ ਨੂੰ ਆਪਣੇ ਨਿੱਜੀ ਸਮੇਂ ਲਈ, ਆਪਣੀ ਪਰਿਵਾਰਕ ਪ੍ਰਾਰਥਨਾ ਦੌਰਾਨ ਜਾਂ ਆਪਣੇ ਛੋਟੇ ਸਮੂਹ ਵਿੱਚ ਰੋਜ਼ਾਨਾ ਸੇਵਾਵਾਂ ਵਜੋਂ ਵਰਤੋ। ਆਪਣੇ ਵਰਤਮਾਨ ਅਤੇ ਭਵਿੱਖ ਉੱਤੇ ਵਿਸ਼ਵਾਸ ਨਾਲ ਪਰਮੇਸ਼ਰ ਦੇ ਵਚਨ ਨੂੰ ਬੋਲਣ ਦੀ ਸਮਰੱਥਾ ਬਾਰੇ ਆਪਣੇ ਆਪ ਨੂੰ ਚੇਤਾ ਕਰਾਉਣ ਲਈ ਇਸ ਨੂੰ ਅਕਸਰ ਪੜ੍ਹੋ। ਜਦੋਂ ਤੁਸੀਂ ਆਪਣੇ ਵਿਸ਼ਵਾਸ ਨੂੰ ਬੋਲੋ ਤਾਂ ਪਰਮੇਸ਼ਰ ਦੇ ਵਚਨ ਦੀ ਸਮਰੱਥਾ ਤੁਹਾਡੇ ਸੰਸਾਰ ਨੂੰ ਆਕਾਰ ਦੇਵੇ।

ਪਰਮੇਸ਼ਰ ਅਸੀਸ ਦੇਣ!

ਆਸ਼ੀਸ਼ ਰਾਏਚੁਰ

# 1

# ਸ਼ਬਦ ਦੋਵਾਂ ਖੇਤਰਾਂ ਵਿੱਚ ਮਹੱਤਵਪੂਰਨ ਹਨ

**ਉਤਪਤ 1:1-5**

**1 ਆਦ ਵਿੱਚ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਨੂੰ ਸਿਰਜਿਆ।**

**2 ਧਰਤੀ ਬੇਡੌਲ ਅਤੇ ਵਿਰਾਨ ਸੀ ਅਤੇ ਡੂੰਘਿਆਈ ਉੱਤੇ ਹਨ੍ਹੇਰਾ ਸੀ, ਪਰਮੇਸ਼ਰ ਦਾ ਆਤਮਾ ਪਾਣੀਆਂ ਦੇ ਉੱਤੇ ਮੰਡਲਾਉਂਦਾ ਸੀ।**

**3 ਪਰਮੇਸ਼ਰ ਨੇ ਆਖਿਆ, ਚਾਨਣ ਹੋਵੇ, ਤਦ ਚਾਨਣ ਹੋ ਗਿਆ।**

**4 ਪਰਮੇਸ਼ਰ ਨੇ ਚਾਨਣ ਨੂੰ ਵੇਖਿਆ ਕਿ ਚੰਗਾ ਹੈ, ਪਰਮੇਸ਼ਰ ਨੇ ਚਾਨਣ ਨੂੰ ਹਨ੍ਹੇਰੇ ਤੋਂ ਵੱਖਰਾ ਕੀਤਾ।**

**5 ਪਰਮੇਸ਼ਰ ਨੇ ਚਾਨਣ ਨੂੰ ਦਿਨ ਆਖਿਆ ਅਤੇ ਹਨ੍ਹੇਰੇ ਨੂੰ ਰਾਤ ਆਖਿਆ। ਇਸ ਤਰ੍ਹਾਂ ਸ਼ਾਮ ਤੇ ਸਵੇਰ ਹੋਈ, ਇਹ ਪਹਿਲਾ ਦਿਨ ਹੋਇਆ।**

ਪਰਮੇਸ਼ਰ ਸਾਰੀਆਂ ਵਸਤਾਂ ਦੇ ਸ਼ਾਨਦਾਰ ਨਮੂਨਾਕਾਰ, ਨਕਸ਼ਾ ਨਵੀਜ਼ ਅਤੇ ਸਿਰਜਣਹਾਰ ਹਨ। ਅਸੀਂ ਅਜੇ ਵੀ ਸ੍ਰਿਸ਼ਟੀ ਦੇ ਵਿਸ਼ਾਲ ਪ੍ਰਸਾਰ ਵਿੱਚ ਬਹੁਤ ਸਾਰੀਆਂ ਵਸਤਾਂ ਨੂੰ ਖੋਜਣ ਅਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਰਮੇਸ਼ਰ ਅਨੰਤ ਹਨ ਅਤੇ ਉਹਨਾਂ ਦੀ ਸ੍ਰਿਸ਼ਟੀ ਕਈ ਢੰਗਾਂ ਨਾਲ ਉਹਨਾਂ ਦੀ ਅਨੰਤਤਾ ਦੀ ਘੋਸ਼ਣਾ ਕਰਦੀ ਹੈ। ਸਿਰਜਣਾਤਮਿਕ ਪ੍ਰਕਿਰਿਆ ਨੂੰ ਪਰਮੇਸ਼ਰ ਕਈ ਢੰਗਾਂ ਨਾਲ ਬਣਾ ਸਕਦੇ ਸਨ। ਸ਼ਾਇਦ, ਉਹਨਾਂ ਨੇ ਸਿਰਫ ਵਿਚਾਰ ਹੀ ਕੀਤਾ ਹੁੰਦਾ ਅਤੇ ਉਹਨਾਂ ਦੇ ਵਿਚਾਰ ਭੌਤਿਕ ਖੇਤਰ ਦੇ ਆਕਾਰ ਵਿੱਚ ਆ ਜਾਂਦੇ। ਸ਼ਾਇਦ ਉਹ ਆਪਣੇ ਨਕਸ਼ੇ ਅਨੁਸਾਰ ਕੁਦਰਤੀ ਖੇਤਰ ਨੂੰ ਆਕਾਰ ਦੇਣ, ਬਣਾਉਣ ਅਤੇ ਵੰਡਣ ਲਈ ਦੂਤਾਂ ਦੀਆਂ ਸੈਨਾਵਾਂ ਨੂੰ ਕੰਮ ਕਰਨ ਲਈ ਲਾ ਦਿੰਦੇ। ਫਿਰ ਵੀ, ਪਰਮੇਸ਼ਰ ਨੇ ਵਸਤੂਆਂ ਨੂੰ ਹੋਂਦ ਵਿੱਚ ਲਿਆਉਣ ਲਈ ਸ਼ਬਦਾਂ ਦੀ ਵਰਤੋਂ ਕੀਤੀ। ਬਾਈਬਲ ਸਾਨੂੰ ਪ੍ਰਗਟ ਕਰਦੀ ਹੈ ਕਿ ਪਰਮੇਸ਼ਰ ਨੇ ਸਾਰਾ ਕੁਝ ਆਪਣੇ ਸ਼ਬਦਾਂ ਦੁਆਰਾ ਬਣਾਇਆ ਹੈ। *“ਪਰਮੇਸ਼ਰ ਨੇ ਆਖਿਆ ... ਅਤੇ ਹੋ ਗਿਆ ਸੀ ...”*

ਉਹਨਾਂ ਦੇ ਸ਼ਬਦਾਂ ਨੇ ਉਹਨਾਂ ਦੇ ਉਦੇਸ਼ ਅਤੇ ਸਿਰਜਣਾਤਮਿਕ ਸਮਰੱਥਾ ਨੂੰ ਹੋਂਦ ਵਿੱਚ ਲਿਆਂਦਾ ਜੋ ਉਹਨਾਂ ਦੇ ਮਨ ਵਿੱਚ ਸੀ। ਪਰਮੇਸ਼ਰ ਆਪਣੇ ਸ਼ਬਦਾਂ

ਰਾਹੀਂ ਕੰਮ ਕਰਦੇ ਹਨ। ਉਹ ਬੋਲਦੇ ਹਨ, ਅਤੇ ਜੋ ਉਹ ਬੋਲਦੇ ਹਨ ਉਹ ਹੋ ਜਾਂਦਾ ਹੈ। ਇਸ ਲਈ ਕੁਦਰਤੀ ਖੇਤਰ ਵਿੱਚ ਹਰ ਵਸਤੂ ਉਹਨਾਂ ਦੇ ਵਚਨ ਦੇ ਵੱਸ ਵਿੱਚ ਹੈ ਅਤੇ ਉਹਨਾਂ ਦੇ ਸ਼ਬਦਾਂ ਦਾ ਜਵਾਬ ਦੇਵੇਗੀ।

ਪਰਮੇਸ਼ਰ ਆਤਮਾ ਹਨ ਅਤੇ zਉਹਨਾਂ ਨੇ ਕੁਦਰਤੀ ਖੇਤਰ ਨੂੰ ਹੋਂਦ ਵਿੱਚ ਲਿਆਉਣ ਲਈ ਸ਼ਬਦਾਂ ਦੀ ਵਰਤੋਂ ਕੀਤੀ। ਇਸ ਕਰਕੇ, ਸ਼ਬਦ ਇਨ੍ਹਾਂ ਦੋ ਖੇਤਰਾਂ ਨੂੰ ਜੋੜਦੇ ਹਨ। ਕੁਦਰਤੀ ਖੇਤਰ ਆਤਮਿਕ ਖੇਤਰ ਤੋਂ ਸ਼ਬਦਾਂ ਨੂੰ ਜਵਾਬ ਦਿੰਦਾ ਹੈ।

ਮਨੁੱਖੀ ਜੀਵ ਹੋਣ ਦੇ ਨਾਤੇ, ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਗਏ ਹਾਂ। ਅਸੀਂ ਇੱਕ ਜਾਨ (ਮਨ, ਮਰਜ਼ੀ, ਭਾਵਨਾਵਾਂ) ਦੇ ਨਾਲ ਇੱਕ ਸਰੀਰ ਵਿੱਚ ਰੱਖੇ ਹੋਏ ਆਤਮਿਕ ਜੀਵ ਹਾਂ (1 ਥੱਸਲੁਨੀਕੀਆਂ 5:23)। ਸਾਡੇ ਸ਼ਬਦ ਦੋ ਖੇਤਰਾਂ ਆਤਮਿਕ ਖੇਤਰ ਅਤੇ ਕੁਦਰਤੀ ਖੇਤਰ ਨੂੰ ਵੀ ਜੋੜਦੇ ਹਨ। ਸਾਡੇ ਸ਼ਬਦ ਸਾਨੂੰ ਪਰਮੇਸ਼ਰ ਨਾਲ ਜੋੜਦੇ ਹਨ (ਜਾਂ ਕੁਝ ਦੂਜੇ, ਉਦਾਹਰਨ ਵਜੋਂ, ਜਾਦੂਗਰ ਆਪਣੇ ਸ਼ਬਦਾਂ ਨੂੰ ਦੁਸ਼ਟ ਸ਼ਕਤੀਆਂ ਨਾਲ ਜੁੜਨ ਲਈ ਵਰਤਦੇ ਹਨ)। ਸਾਡੇ ਸ਼ਬਦ ਸਾਡੇ ਕੁਦਰਤੀ ਸੰਸਾਰ ਉੱਤੇ ਵੀ ਪ੍ਰਭਾਵ ਪਾਉਂਦੇ ਹਨ। ਅਤੇ ਜਦੋਂ ਪਰਮੇਸ਼ਰ ਸਾਡੇ ਰਾਹੀਂ ਆਪਣੇ ਵਚਨ ਬੋਲਦੇ ਹਨ, ਤਦ ਸਾਡੇ ਸੰਸਾਰ ਉੱਤੇ ਪ੍ਰਭਾਵ ਪਾਉਣ ਲਈ ਉਹਨਾਂ ਦੀ ਸਮਰੱਥਾ ਸਾਡੇ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ!

# 2

# ਪ੍ਰਭੁਤਾ ਦਾ ਪ੍ਰਯੋਗ ਸ਼ਬਦਾਂ ਰਾਹੀਂ ਕੀਤਾ ਜਾਂਦਾ ਹੈ

ਉਤਪਤ 1:26-28

**26 ਪਰਮੇਸ਼ਰ ਨੇ ਆਖਿਆ ਕਿ ਅਸੀਂ ਮਨੁੱਖ ਨੂੰ ਆਪਣੇ ਸਰੂਪ ਵਿੱਚ ਅਤੇ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ, ਅਕਾਸ਼ ਦੇ ਪੰਛੀਆਂ, ਪਸ਼ੂਆਂ, ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਉੱਤੇ ਸਾਰੇ ਘਿੱਸਰਨ ਵਾਲਿਆਂ ਜੀਵ-ਜੰਤੂਆਂ ਉੱਤੇ ਰਾਜ ਕਰਨ।**
**27 ਇਸ ਤਰ੍ਹਾਂ ਪਰਮੇਸ਼ਰ ਨੇ ਮਨੁੱਖ ਦੀ ਰਚਨਾ ਆਪਣੇ ਸਰੂਪ ਵਿੱਚ ਕੀਤੀ। ਪਰਮੇਸ਼ਰ ਦੇ ਸਰੂਪ ਵਿੱਚ ਉਸ ਨੂੰ ਰਚਿਆ। ਉਸ ਨੇ ਨਰ ਨਾਰੀ ਦੀ ਸ੍ਰਿਸ਼ਟੀ ਕੀਤੀ।**
**28 ਪਰਮੇਸ਼ਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਤੇ ਵਧੋ, ਧਰਤੀ ਨੂੰ ਭਰ ਦਿਓ ਅਤੇ ਉਹ ਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ, ਅਕਾਸ਼ ਦੇ ਪੰਛੀਆਂ ਅਤੇ ਧਰਤੀ ਉੱਤੇ ਘਿਸਰਨ ਵਾਲੇ ਸਾਰੇ ਜੀਵ-ਜੰਤੂਆਂ ਉੱਤੇ ਰਾਜ ਕਰੋ।**

ਉਤਪਤ 2:19,20

**19ਯਹੋਵਾਹ ਪਰਮੇਸ਼ਰ ਨੇ ਮਿੱਟੀ ਤੋਂ ਜੰਗਲ ਦੇ ਹਰ ਇੱਕ ਜਾਨਵਰ ਨੂੰ ਅਤੇ ਅਕਾਸ਼ ਦੇ ਹਰ ਇੱਕ ਪੰਛੀ ਨੂੰ ਰਚਿਆ ਅਤੇ ਆਦਮੀ ਕੋਲ ਲੈ ਆਇਆ ਤਾਂ ਜੋ ਉਹ ਵੇਖੇ ਜੋ ਉਹ ਕਿਵੇਂ ਉਨ੍ਹਾਂ ਨੂੰ ਸੱਦੇਗਾ ਅਤੇ ਜੋ ਕੁਝ ਆਦਮੀ ਨੇ ਉਸ ਜੀਉਂਦੇ ਪ੍ਰਾਣੀ ਨੂੰ ਸੱਦਿਆ, ਉਹੀ ਉਹ ਦਾ ਨਾਮ ਹੋ ਗਿਆ।**
**20ਇਸ ਤਰ੍ਹਾਂ ਆਦਮ ਨੇ ਸਾਰੇ ਪਸ਼ੂਆਂ, ਅਕਾਸ਼ ਦੇ ਪੰਛੀਆਂ, ਅਤੇ ਜੰਗਲ ਦੇ ਸਾਰੇ ਜਾਨਵਰਾਂ ਦਾ ਨਾਮ ਰੱਖਿਆ, ਪਰ ਮਨੁੱਖ ਲਈ ਅਜੇ ਕੋਈ ਸਹਾਇਕਣ ਉਹ ਦੇ ਵਰਗੀ ਨਾ ਮਿਲੀ।**

ਪਰਮੇਸ਼ਰ ਨੇ ਆਦਮੀ ਅਤੇ ਔਰਤ ਨੂੰ ਬਣਾਇਆ ਅਤੇ ਉਹਨਾਂ ਨੂੰ ਇੱਕ ਹੁਕਮ ਦਿੱਤਾ, ਜਿਹੜਾ ਅਸੀਂ ਉਤਪਤ ਦੇ ਪਹਿਲੇ ਦੋ ਅਧਿਆਵਾਂ ਵਿੱਚ ਪੜ੍ਹਦੇ ਹਾਂ ਅਤੇ ਅਸੀਂ ਇਸ ਨੂੰ ਉਤਪਤ ਦੇ ਹੁਕਮ ਵਜੋਂ ਵੇਖਦੇ ਹਾਂ। ਉਤਪਤ ਦੇ ਹੁਕਮ ਦਾ ਭਾਗ ਲੋਕਾਂ ਲਈ ਧਰਤੀ ਦੇ ਸਾਰੇ ਪ੍ਰਾਣੀਆਂ ਉੱਤੇ ਪ੍ਰਭੁਤਾ ਕਰਨ ਲਈ ਸੀ। ਪ੍ਰਭੁਤਾ ਕਰਨ ਤੋਂ ਭਾਵ ਹੈ ਰਾਜ ਕਰਨਾ। ਇਹ ਦਿਲਚਸਪ ਹੈ ਕਿ ਪਰਮੇਸ਼ਰ ਨੇ ਇਨ੍ਹਾਂ ਵਿੱਚੋਂ ਹਰੇਕ ਪ੍ਰਾਣੀ ਨੂੰ ਆਦਮ ਕੋਲ ਲਿਆਂਦਾ, ਤਾਂ ਜੋ ਉਹ ਸਾਰੇ ਪ੍ਰਾਣੀਆਂ ਨੂੰ ਉਹਨਾਂ ਦਾ ਨਾਮ ਦੇਵੇ। ਅਜਿਹੀ ਕਿਰਿਆ ਦਾ ਇੱਕ ਪਰਿਣਾਮ ਇਹ ਸੀ, ਕਿ ਹਰੇਕ ਪ੍ਰਾਣੀ ਸਮਝ ਗਿਆ ਕਿ ਅਧਿਕਾਰੀ ਕੌਣ ਹੈ। ਪਰਮੇਸ਼ਰ ਨੇ ਆਦਮ ਨੂੰ ਧਰਤੀ ਦਾ ਅਧਿਕਾਰੀ ਠਹਿਰਾਇਆ ਸੀ। ਇਸ ਲਈ ਧਰਤੀ ਉੱਤੇ ਹਰੇਕ ਪ੍ਰਾਣੀ ਆਦਮ ਦੇ ਰਾਜ ਅਧੀਨ ਸੀ, ਕੋਈ ਪ੍ਰਸ਼ਨ ਨਹੀਂ ਪੁੱਛੇ ਗਏ! ਪਰਮੇਸ਼ਰ

ਨੇ ਆਪ ਹੀ ਆਦਮ ਨੂੰ ਪ੍ਰਭੁਤਾ ਜਾਂ ਰਾਜ ਕਰਨ ਲਈ ਨਿਯੁਕਤ ਕੀਤਾ ਸੀ। ਜਿਸ ਤਰ੍ਹਾਂ ਕਿ ਆਦਮ ਨੇ ਹਰੇਕ ਜੀਵਤ ਪ੍ਰਾਣੀ ਨੂੰ ਪੁਕਾਰਿਆ ਅਤੇ ਇੱਕ ਨਾਮ ਨਿਰਧਾਰਿਤ ਕੀਤਾ, ਉਹ ਸ਼ਬਦਾਂ ਰਾਹੀਂ, ਪਰਮੇਸ਼ਰ ਵੱਲੋਂ ਉਸ ਨੂੰ ਧਰਤੀ ਉੱਤੇ ਦਿੱਤੀ ਹੋਈ ਪ੍ਰਭੁਤਾ ਅਤੇ ਹਕੂਮਤ ਨੂੰ ਪ੍ਰਗਟ ਅਤੇ ਪ੍ਰਯੋਗ ਕਰ ਰਿਹਾ ਸੀ। ਪਰਮੇਸ਼ਰ ਇਸ ਪ੍ਰਕਿਰਿਆ ਵਿੱਚ ਉਸ ਦਾ ਸਮਰਥਨ ਕਰ ਰਹੇ ਸਨ।

ਪਰਮੇਸ਼ਰ ਉਤਪਤ ਦੇ ਹੁਕਮ ਤੋਂ ਪਿੱਛੇ ਨਹੀਂ ਹਟੇ ਹਨ। ਸਾਨੂੰ ਪਰਮੇਸ਼ਰ ਵੱਲੋਂ ਰਾਜ ਕਰਨ ਲਈ ਤਿਆਰ ਅਤੇ ਸਥਾਪਿਤ ਕੀਤਾ ਗਿਆ ਹੈ। ਪ੍ਰਭੁਤਾ ਦਾ ਪ੍ਰਗਟਾਵਾ ਅਤੇ ਪ੍ਰਯੋਗ ਸ਼ਬਦਾਂ ਰਾਹੀਂ ਕੀਤਾ ਜਾਂਦਾ ਹੈ। ਤੁਹਾਡੇ ਸ਼ਬਦਾਂ ਨੂੰ ਇਸ ਖੇਤਰ ਵਿਚਲੀਆਂ ਵਸਤੂਆਂ ਉੱਤੇ ਪਰਮੇਸ਼ਰ ਵੱਲੋਂ ਦਿੱਤੀ ਹੋਈ ਪ੍ਰਭੁਤਾ ਨੂੰ ਪ੍ਰਗਟ ਕਰਨ ਦਿਉ।

# 3
# ਆਪਣੇ ਆਪ ਨੂੰ ਉਹ ਦੇ ਵਚਨ ਅਨੁਸਾਰ ਪੁਕਾਰੋ

**ਉਤਪਤ 17:4,5,15,16**

**[4]ਭਈ ਵੇਖ ਮੇਰਾ ਨੇਮ ਤੇਰੇ ਨਾਲ ਹੈ ਅਤੇ ਤੂੰ ਬਹੁਤੀਆਂ ਕੌਮਾਂ ਦਾ ਪਿਤਾ ਹੋਵੇਂਗਾ।**
**[5]ਤੇਰਾ ਨਾਮ ਫੇਰ ਅਬਰਾਮ ਨਹੀਂ ਸੱਦਿਆ ਜਾਵੇਗਾ, ਪਰ ਤੇਰਾ ਨਾਮ ਅਬਰਾਹਾਮ ਹੋਵੇਗਾ ਕਿਉਂਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾ ਦਿੱਤਾ ਹੈ।**
**[15]ਫੇਰ ਪਰਮੇਸ਼ਰ ਨੇ ਅਬਰਾਹਾਮ ਨੂੰ ਆਖਿਆ, ਸਾਰਈ ਜੋ ਤੇਰੀ ਪਤਨੀ ਹੈ, ਤੂੰ ਉਸ ਨੂੰ ਸਾਰਈ ਨਾ ਆਖੀਂ ਸਗੋਂ ਹੁਣ ਤੋਂ ਉਸ ਦਾ ਨਾਮ ਸਾਰਾਹ ਹੋਵੇਗਾ।**
**[16]ਮੈਂ ਉਹ ਨੂੰ ਅਸੀਸ ਦਿਆਂਗਾ ਅਤੇ ਉਸ ਤੋਂ ਮੈਂ ਤੈਨੂੰ ਇੱਕ ਪੁੱਤਰ ਵੀ ਦਿਆਂਗਾ। ਮੈਂ ਉਹ ਨੂੰ ਅਜਿਹੀ ਅਸੀਸ ਦਿਆਂਗਾ ਕਿ ਉਹ ਕੌਮਾਂ ਦੀ ਮਾਤਾ ਹੋਵੇਗੀ, ਕੌਮਾਂ ਦੇ ਰਾਜੇ ਉਸ ਤੋਂ ਪੈਦਾ ਹੋਣਗੇ।**

ਨਵੇਂ ਨੇਮ ਵਿੱਚ ਅਬਰਾਹਾਮ ਦਾ ਜ਼ਿਕਰ ਵਿਸ਼ਵਾਸ ਦੇ ਪਿਤਾ ਵਜੋਂ ਕੀਤਾ ਗਿਆ ਹੈ। ਇਸ ਉੱਤੇ ਧਿਆਨ ਦੇਣਾ ਦਿਲਚਸਪ ਹੈ ਕਿ ਪਰਮੇਸ਼ਰ ਨੇ ਅਬਰਾਮ ਅਤੇ ਸਾਰਈ ਨਾਲ ਵਾਰਤਾਲਾਪ ਕਰਨ ਲਈ, ਇਹ ਮਹੱਤਵਪੂਰਨ ਸਮਝਿਆ ਕਿ ਉਹ ਉਹਨਾਂ ਨੂੰ ਉਹਨਾਂ ਦੇ ਨਾਮ ਬਦਲਣ ਦਾ ਨਿਰਦੇਸ਼ ਦੇਣ, ਤਾਂ ਜੋ ਉਹ ਆਪਣੇ ਆਪ ਨੂੰ ਉਸ ਵਾਅਦੇ ਦੇ ਅਨੁਸਾਰ ਪੁਕਾਰਨ ਦੀ ਸ਼ੁਰੂਆਤ ਕਰ ਸਕਣ ਜਿਹੜਾ ਪਰਮੇਸ਼ਰ ਨੇ ਉਹਨਾਂ ਦੇ ਜੀਵਨਾਂ ਦੇ ਨਾਲ ਕੀਤਾ ਸੀ।

ਅਬਰਾਮ ਦਾ ਅਰਥ “ਉੱਚਾ ਪਿਤਾ” ਸੀ, ਜਦ ਕਿ ਅਬਰਾਹਾਮ ਦਾ ਅਰਥ “ਬਹੁਤੀਆਂ ਕੌਮਾਂ ਦਾ ਪਿਤਾ” ਸੀ।

ਸਾਰਈ ਦਾ ਅਰਥ “ਮੇਰੀ ਸ਼ਹਿਜਾਦੀ ਜਾਂ ਪ੍ਰਭੂਤਾਸ਼ਾਲੀ” ਸੀ, ਜਦ ਕਿ ਸਾਰਾਹ ਦਾ ਅਰਥ “ਰਾਣੀ ਜਾਂ ਰਾਜਕੁਮਾਰਾਂ ਦੀ ਮਾਂ” ਸੀ।

ਹਰੇਕ ਵਾਰੀ ਜਦੋਂ ਅਬਰਾਹਾਮ ਨੇ ਆਪਣੇ ਆਪ ਨੂੰ ਇਸ ਨਾਮ ਨਾਲ ਪੁਕਾਰਿਆ, ਤਾਂ ਉਹ ਆਪਣੇ ਜੀਵਨ ਉੱਤੇ ਪਰਮੇਸ਼ਰ ਦੇ ਵਾਅਦੇ ਦੀ ਘੋਸ਼ਣਾ ਕਰ ਰਿਹਾ ਸੀ। ਉਹ ਆਖ ਰਿਹਾ ਸੀ, “ਮੈਂ ਬਹੁਤੀਆਂ ਕੌਮਾਂ ਦਾ ਪਿਤਾ ਹਾਂ” ਜਿਸ ਤਰ੍ਹਾਂ ਕਿ ਪਰਮੇਸ਼ਰ ਨੇ ਮੇਰੇ ਸੰਬੰਧ ਵਿੱਚ ਬੋਲਿਆ ਹੈ। ਹਰੇਕ ਵਾਰੀ ਜਦੋਂ

ਸਾਰਾਹ ਨੇ ਆਪਣੇ ਆਪ ਨੂੰ ਇਸ ਨਾਮ ਨਾਲ ਪੁਕਾਰਿਆ, ਤਾਂ ਉਹ ਆਪਣੇ ਜੀਵਨ ਉੱਤੇ ਪਰਮੇਸ਼ਰ ਦੇ ਵਾਅਦੇ ਦੀ ਘੋਸ਼ਣਾ ਕਰ ਰਹੀ ਸੀ। ਉਹ ਬਿਆਨ ਕਰ ਰਹੀ ਸੀ, "ਮੈਂ ਕੌਮਾਂ, ਰਾਜਿਆਂ ਅਤੇ ਰਾਜਕੁਮਾਰਾਂ ਦੀ ਮਾਂ ਹਾਂ" ਜਿਸ ਤਰ੍ਹਾਂ ਕਿ ਪਰਮੇਸ਼ਰ ਨੇ ਮੇਰੇ ਸੰਬੰਧ ਵਿੱਚ ਬੋਲਿਆ ਹੈ। ਹੁਣ ਤੱਕ ਉਹਨਾਂ ਦੇ ਕੋਈ ਬੱਚਾ ਨਹੀਂ ਹੋਇਆ ਸੀ। ਉਹ ਸੱਚ ਵਜੋਂ ਇਸ ਦੀ ਘੋਸ਼ਣਾ ਕਰ ਰਹੇ ਸਨ ਜੋ ਪਰਮੇਸ਼ਰ ਨੇ ਬੋਲਿਆ ਸੀ। ਸ਼ੁਰੂਆਤ ਵਿੱਚ ਜਦੋਂ ਉਹਨਾਂ ਨੇ ਆਪਣੇ ਆਪ ਨੂੰ ਪਰਮੇਸ਼ਰ ਦੇ ਵਾਅਦੇ ਦੇ ਅਨੁਸਾਰ ਪੁਕਾਰਨਾ ਸ਼ੁਰੂ ਕੀਤਾ ਸੀ ਤਾਂ ਹੋ ਸਕਦਾ ਹੈ ਕਿ ਇਹ ਮੂਰਖਤਾ ਅਤੇ ਮਖੌਲੀਆ ਲੱਗਿਆ ਹੋਵੇ। ਪਰ ਵਾਅਦਾ ਪੂਰਾ ਹੋਇਆ ਅਤੇ ਜੋ ਪਰਮੇਸ਼ਰ ਬੋਲੇ ਸਨ ਉਸ ਦੇ ਅਨੁਸਾਰ ਉਹ ਬਣ ਗਏ!

ਕੀ ਉਹ ਪਰਮੇਸ਼ਰ ਦੇ ਵਾਅਦੇ ਅਨੁਸਾਰ ਆਪਣੇ ਆਪ ਨੂੰ ਅਜਿਹਾ ਪੁਕਾਰ ਕੇ ਕੁਝ ਗਲਤ ਕਰ ਰਹੇ ਸਨ? ਬਿਲਕੁਲ ਨਹੀਂ! ਪਰਮੇਸ਼ਰ ਨੇ ਹੀ ਉਹਨਾਂ ਨੂੰ ਅਜਿਹਾ ਕਰਨ ਦੀ ਹਿਦਾਇਤ ਦਿੱਤੀ ਸੀ। ਰਸੂਲ ਪੌਲੁਸ ਅੱਗੇ ਰੋਮੀਆਂ 4 ਵਿੱਚ ਇਸ ਬਾਰੇ ਹੋਰ ਵਿਆਖਿਆ ਕਰਦਾ ਹੈ, ਜਿਸ ਬਾਰੇ ਅਸੀਂ ਬਾਅਦ ਵਿੱਚ ਵਿਚਾਰ ਕਰਾਂਗੇ। ਸਾਨੂੰ ਅਬਰਾਹਾਮ ਦੇ ਵਿਸ਼ਵਾਸ ਦੇ ਕਦਮਾਂ ਦੀ ਪਾਲਣਾ ਕਰਨ ਲਈ ਬੋਲਿਆ ਗਿਆ ਹੈ।

ਸਾਡੇ ਕੋਲ ਪਰਮੇਸ਼ਰ ਦਾ ਲਿਖਿਆ ਹੋਇਆ ਵਚਨ ਹੈ, ਜਿੱਥੇ ਪਰਮੇਸ਼ਰ ਨੇ ਆਪਣੇ ਲੋਕਾਂ ਅਤੇ ਪ੍ਰਭੂ ਯਿਸੂ ਮਸੀਹ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨਾਲ ਆਪਣੇ ਵਾਅਦੇ ਨੂੰ ਘੋਸ਼ਿਤ ਕੀਤਾ ਹੈ। ਇਹ ਵਾਅਦੇ ਪਰਮੇਸ਼ਰ ਦੇ ਸਾਰੇ ਲੋਕਾਂ ਲਈ ਉਪਲਬਧ ਹਨ। ਉਹਨਾਂ ਨੇ ਸਾਨੂੰ ਉਸ ਵਿਰਾਸਤ ਲਈ ਜਿਹੜੀ ਉਹਨਾਂ ਨੇ ਆਪਣੇ ਲੋਕਾਂ ਲਈ ਰੱਖੀ ਹੈ, ਉਸ ਦੇ ਹਿੱਸੇਦਾਰ ਹੋਣ ਦੇ ਯੋਗ ਬਣਾਇਆ ਹੈ (ਕੁਲੁੱਸੀਆਂ 1:12)। ਆਪਣੇ ਜੀਵਨ ਵਿੱਚ ਪਰਮੇਸ਼ਰ ਦੇ ਵਾਅਦਿਆਂ ਦੀ ਸਚਿਆਈ ਦੀ ਘੋਸ਼ਣਾ ਕਰੋ। ਆਪਣੇ ਆਪ ਨੂੰ ਪਰਮੇਸ਼ਰ ਦੇ ਵਚਨ ਅਨੁਸਾਰ ਪੁਕਾਰੋ। ਤੁਸੀਂ ਉਹ ਹੋ, ਜੋ ਪਰਮੇਸ਼ਰ ਆਖਦੇ ਹਨ, ਕਿ ਤੁਸੀਂ ਹੋ। ਤੁਸੀਂ ਉਹ ਕਰ ਸਕਦੇ ਹੋ, ਜੋ ਪਰਮੇਸ਼ਰ ਆਖਦੇ ਹਨ, ਕਿ ਤੁਸੀਂ ਕਰ ਸਕਦੇ ਹੋ। ਤੁਸੀਂ ਉਹ ਸਭ ਕੁਝ ਬਣੋਗੇ ਜਿਸ ਦਾ ਉਹਨਾਂ ਨੇ ਵਾਅਦਾ ਕੀਤਾ ਹੋਇਆ ਹੈ।

## 4

# ਤੁਹਾਡੇ ਸ਼ਬਦ ਅਸੀਸ ਪ੍ਰਦਾਨ ਕਰਦੇ ਹਨ

**ਗਿਣਤੀ 6:22-27**
**22 ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ,**
**23 ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਬੋਲ ਕਿ ਤੁਸੀਂ ਇਸ ਤਰ੍ਹਾਂ ਇਸਰਾਏਲੀਆਂ ਨੂੰ ਅਸੀਸ ਦੇ ਕੇ ਆਖਿਓ,**
**24 "ਯਹੋਵਾਹ ਤੈਨੂੰ ਅਸੀਸ ਦੇਵੇ ਅਤੇ ਤੇਰੀ ਰਾਖੀ ਕਰੇ,**
**25 ਯਹੋਵਾਹ ਆਪਣੇ ਮੁਖ ਨੂੰ ਤੇਰੇ ਉੱਤੇ ਚਮਕਾਵੇ ਅਤੇ ਤੇਰੇ ਉੱਤੇ ਦਯਾ ਕਰੇ,**
**26 ਯਹੋਵਾਹ ਆਪਣਾ ਮੁਖ ਤੇਰੇ ਵੱਲ ਫੇਰੇ ਅਤੇ ਤੈਨੂੰ ਸ਼ਾਂਤੀ ਦੇਵੇ।"**
**27 ਇਸ ਤਰ੍ਹਾਂ ਉਹ ਮੇਰਾ ਨਾਮ ਇਸਰਾਏਲੀਆਂ ਉੱਤੇ ਰੱਖਣ ਅਤੇ ਮੈਂ ਉਹਨਾਂ ਨੂੰ ਅਸੀਸ ਦਿਆਂਗਾ।**

ਸ਼ਬਦ ਅਸੀਸ ਨਾਲ ਭਰ ਦੇਣ ਦੇ ਸਾਧਨ ਹਨ। ਪਰਮੇਸ਼ਰ ਨੇ ਇਹ ਨੂੰ ਸੰਸਥਾਪਿਤ ਕੀਤਾ। ਇਸ ਉਦਹਾਰਨ ਵਿੱਚ ਅਸੀਂ ਵੇਖਦੇ ਹਾਂ ਕਿ ਪਰਮੇਸ਼ਰ ਸਪਸ਼ਟ ਤੌਰ ਤੇ ਹਦਾਇਤਾਂ ਦਿੰਦੇ ਹਨ ਕਿ ਪ੍ਰਧਾਨ ਜਾਜਕ ਨੇ ਕਿਸ ਤਰ੍ਹਾਂ ਪਰਮੇਸ਼ਰ ਦੇ ਲੋਕਾਂ ਨੂੰ ਅਸੀਸ ਦੇਣੀ ਸੀ, ਉਹਨਾਂ ਉੱਤੇ ਪਰਮੇਸ਼ਰ ਦਾ ਨਾਮ ਰੱਖਣ ਤਾਂ ਜੋ ਪਰਮੇਸ਼ਰ ਆਪਣੇ ਲੋਕਾਂ ਨੂੰ ਅਸੀਸ ਦੇਵੇ। ਪ੍ਰਧਾਨ ਜਾਜਕ "ਉਹਨਾਂ ਨੂੰ ਆਖੇ" ਉਹਨਾਂ ਉੱਤੇ ਬੋਲੇ ਅਤੇ ਯਹੋਵਾਹ ਦੇ ਨਾਮ ਵਿੱਚ ਉਹਨਾਂ ਉੱਤੇ ਅਸੀਸ ਦੇ ਸ਼ਬਦਾਂ ਦੀ ਘੋਸ਼ਣਾ ਕਰੇ।

ਪੁਰਾਣੀ ਬਿਵਸਥਾ ਦੇ ਪਰਮੇਸ਼ਰ ਦੇ ਲੋਕਾਂ ਨੇ ਇਸ ਤਰੀਕੇ ਨਾਲ ਹੀ ਅਸੀਸ ਪ੍ਰਦਾਨ ਕੀਤੀ ਸੀ। ਇਸਹਾਕ ਨੇ ਯਾਕੂਬ ਨੂੰ ਅਸੀਸ ਦਿੱਤੀ ਜਦੋਂ ਉਹ ਨੇ ਉਸ ਉੱਤੇ ਅਸੀਸ ਦੇ ਸ਼ਬਦ ਬੋਲੇ (ਉਤਪਤ 27:27-29)। ਸ਼ਬਦਾਂ ਨੂੰ ਬੋਲਣ ਰਾਹੀਂ ਹੀ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਅਸੀਸ ਦਿੱਤੀ ਸੀ (ਉਤਪਤ 48,49)।

ਜਿਸ ਤਰ੍ਹਾਂ ਕਿ ਨਵੇਂ ਨੇਮ ਵਿੱਚ ਜਾਜਕ ਹੁੰਦੇ ਹੋਏ, ਸਾਡੇ ਕੋਲ ਵੀ ਸਾਡੇ ਆਪਣੇ ਜੀਵਨਾਂ ਉੱਤੇ ਸਾਡੇ ਪਰਿਵਾਰਾਂ ਦੇ ਜੀਵਨਾਂ ਉੱਤੇ ਅਤੇ ਹੋਰਨਾਂ ਉੱਤੇ ਪ੍ਰਭੂ ਦੇ ਨਾਮ ਵਿੱਚ ਅਸੀਸ ਦੇ ਸ਼ਬਦ ਬੋਲਣ ਦਾ ਮੌਕਾ ਹੈ। ਤੁਸੀਂ ਆਪਣੇ ਆਪ ਉੱਤੇ, ਆਪਣੇ ਵਰਤਮਾਨ ਉੱਤੇ ਅਤੇ ਆਪਣੇ ਭਵਿੱਖ ਉੱਤੇ, ਕਿਸ ਪ੍ਰਕਾਰ ਦੇ

ਸ਼ਬਦਾਂ ਨੂੰ ਬੋਲ ਰਹੇ ਹੋ? ਤੁਸੀਂ ਆਪਣੇ ਪਰਿਵਾਰ ਅਤੇ ਉਹਨਾਂ ਦੇ ਭਵਿੱਖ ਉੱਤੇ ਕਿਸ ਪ੍ਰਕਾਰ ਦੇ ਸ਼ਬਦਾਂ ਨੂੰ ਬੋਲ ਰਹੇ ਹੋ? ਤੁਹਾਡੇ ਅਸੀਸ ਦੇ ਸ਼ਬਦ ਉਹਨਾਂ ਉੱਤੇ ਪਰਮੇਸ਼ਰ ਦੀ ਅਸੀਸ ਨੂੰ ਪ੍ਰਦਾਨ ਕਰ ਸਕਦੇ ਹਨ।

# 5
# ਪਰਮੇਸ਼ਰ ਦਾ ਵਚਨ ਪਹਿਲਾਂ ਤੋਂ ਲਿਖੀ ਹੋਈ ਤੁਹਾਡੀ ਖ਼ਬਰ ਹੈ, ਇਨ੍ਹਾਂ ਨੂੰ ਬੋਲੋ!

**ਗਿਣਤੀ 13:30-33**

**30 ਤਦ ਕਾਲੇਬ ਨੇ ਮੂਸਾ ਦੇ ਅੱਗੇ ਪਰਜਾ ਨੂੰ ਚੁੱਪ ਕਰਾਇਆ ਅਤੇ ਆਖਿਆ, ਜ਼ਰੂਰ ਅਸੀਂ**
**ਉੱਪਰ ਜਾਈਏ ਅਤੇ ਉਸ ਦੇਸ ਉੱਤੇ ਕਬਜ਼ਾ ਕਰੀਏ ਕਿਉਂ ਜੋ ਅਸੀਂ ਉਹ ਦੇ ਉੱਤੇ ਕਬਜ਼ਾ ਕਰ**
**ਸਕਦੇ ਹਾਂ। ਅਸੀਂ ਜ਼ਰੂਰ ਹੀ ਉਹ ਦੇ ਉੱਤੇ ਕਬਜ਼ਾ ਕਰ ਸਕਦੇ ਹਾਂ।**
**31 ਪਰ ਉਨ੍ਹਾਂ ਮਨੁੱਖਾਂ ਨੇ ਜਿਹੜੇ ਉਹ ਦੇ ਨਾਲ ਉੱਪਰ ਗਏ ਸਨ ਆਖਿਆ ਭਈ ਅਸੀਂ ਉਨ੍ਹਾਂ ਲੋਕਾਂ**
**ਦੇ ਵਿਰੁੱਧ ਉੱਪਰ ਨਹੀਂ ਜਾ ਸਕਦੇ ਕਿਉਂ ਜੋ ਉਹ ਸਾਡੇ ਤੋਂ ਬਲਵਾਨ ਹਨ।**
**32 ਉਹ ਇਸਰਾਏਲੀਆਂ ਕੋਲ ਉਸ ਦੇਸ ਦੀ ਬੁਰੀ ਖ਼ਬਰ ਲਿਆਏ ਜਿਸ ਦਾ ਉਨ੍ਹਾਂ ਨੇ ਭੇਤ**
**ਪਾਇਆ ਸੀ ਅਤੇ ਆਖਣ ਲੱਗੇ, ਕਿ ਜਿਸ ਦੇਸ ਦੇ ਵਿੱਚ ਦੀ ਅਸੀਂ ਲੰਘੇ, ਉਸ ਦਾ ਭੇਤ ਜਾਣੀਏ,**
**ਉਹ ਅਜਿਹਾ ਦੇਸ ਹੈ ਜਿਹੜਾ ਆਪਣੇ ਵਾਸੀਆਂ ਨੂੰ ਖਾਂਦਾ ਹੈ ਨਾਲੇ ਸਾਰੇ ਲੋਕ ਜਿਨ੍ਹਾਂ ਨੂੰ ਅਸੀਂ**
**ਉਸ ਵਿੱਚ ਵੇਖਿਆ ਉਹ ਵੱਡੇ-ਵੱਡੇ ਕੱਦਾਂ ਵਾਲੇ ਮਨੁੱਖ ਹਨ।**
**33 ਅਤੇ ਉੱਥੇ ਅਸੀਂ ਨਫ਼ੀਲੀਮ ਤੋਂ ਜਿਹੜੀ ਅਨਾਕ ਦੀ ਅੰਸ ਹੈ, ਉੱਥੇ ਦੈਂਤ ਵੇਖੇ ਅਤੇ ਅਸੀਂ**
**ਆਪਣੀ ਨਜਰ ਵਿੱਚ ਉਹਨਾਂ ਦੇ ਅੱਗੇ ਟਿੱਡੀਆਂ ਵਰਗੇ ਹਾਂ ਅਤੇ ਅਸੀਂ ਕੁਝ ਵੀ ਨਹੀਂ ਹਾਂ।**

**ਗਿਣਤੀ 14:11**

**ਤਦ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਇਹ ਪਰਜਾ ਕਦੋਂ ਤੱਕ ਮੇਰੀ ਨਿਰਾਦਰੀ ਕਰਦੀ ਰਹੇਗੀ? ਅਤੇ ਕਦੋਂ ਤੱਕ ਮੇਰੇ ਉੱਤੇ ਉਨ੍ਹਾਂ ਸਾਰਿਆਂ ਨਿਸ਼ਾਨਾਂ ਦੇ ਹੁੰਦਿਆਂ ਵੀ ਜਿਹੜੇ ਮੈਂ ਉਨ੍ਹਾਂ ਵਿੱਚ ਕੀਤੇ, ਵਿਸ਼ਵਾਸ ਨਾ ਕਰੇਗੀ?**

ਅਸੀਂ ਬਾਰਾਂ ਜਾਸੂਸਾਂ ਦੀ ਘਟਨਾ ਤੋਂ ਚੰਗੀ ਤਰ੍ਹਾਂ ਜਾਣੂ ਹਾਂ, ਉਹਨਾਂ ਵਿੱਚੋਂ ਦੋ ਯਹੋਸ਼ੁਆ ਅਤੇ ਕਾਲੇਬ ਸਨ। ਯਹੋਸ਼ੁਆ ਅਤੇ ਕਾਲੇਬ ਨੇ ਵੀ ਉਹੀ ਦੈਂਤਾਂ ਨੂੰ ਵੇਖਿਆ ਸੀ ਪਰ ਉਹਨਾਂ ਨੇ ਆਪਣਾ ਫ਼ੈਸਲਾ ਇਸ ਆਧਾਰ ਤੇ ਕੀਤਾ ਕਿ ਪਰਮੇਸ਼ਰ ਕੌਣ ਹਨ ਅਤੇ ਪਰਮੇਸ਼ਰ ਨੇ ਉਹਨਾਂ ਨਾਲ ਕਿਹੜਾ ਵਾਅਦਾ ਕੀਤਾ ਸੀ। ਕਾਲੇਬ ਨੇ ਆਖਿਆ, *"ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸਕਦੇ ਹਾਂ"* 45 ਸਾਲਾਂ ਬਾਅਦ, ਇਸ ਕਾਲੇਬ ਨੇ ਹੀ ਆਖਿਆ, *"ਮੈਨੂੰ ਇਹ ਪਹਾੜੀ ਦੇਸ ਦੇ ਜਿਹ ਦਾ ਯਹੋਵਾਹ ਨੇ ਉਸ ਦਿਨ ਵਚਨ ਕੀਤਾ ਸੀ ਕਿਉਂ ਜੋ ਤੂੰ ਉਸੇ ਦਿਨ ਸੁਣਿਆ ਕਿ ਅਨਾਕੀ ਉੱਥੇ ਸਨ ਅਤੇ ਸ਼ਹਿਰ ਵੱਡੇ ਅਤੇ ਗੜ੍ਹਾਂ ਵਾਲੇ ਸਨ! ਸ਼ਾਇਦ ਯਹੋਵਾਹ ਮੇਰੇ ਨਾਲ ਰਹੇ ਅਤੇ ਮੈਂ ਉਹਨਾਂ ਨੂੰ ਕੱਢ ਸਕਾਂ ਜਿਵੇਂ*

*ਯਹੋਵਾਹ ਨੇ ਵਚਨ ਕੀਤਾ ਸੀ"* (ਯਹੋਸ਼ੁਆ 14:12)। ਉਹ ਪਰਮੇਸ਼ਰ ਦੇ ਵਾਅਦੇ ਵਿੱਚ ਦ੍ਰਿੜ੍ਹ ਰਿਹਾ ਅਤੇ ਜੋ ਉਸ ਨੇ ਬੋਲਿਆ ਉਹ ਉਸ ਤੋਂ 45 ਸਾਲ ਬਾਅਦ ਵੀ ਨਹੀਂ ਬਦਲਿਆ!

ਪਰਮੇਸ਼ਰ ਦਾ ਵਚਨ ਪਹਿਲਾਂ ਤੋਂ ਹੀ ਲਿਖਿਆ ਗਿਆ ਨਤੀਜਾ, ਖ਼ਬਰ ਅਤੇ ਪਰਿਣਾਮ ਹੈ।ਪਰਮੇਸ਼ਰ ਦੇ ਵਚਨ ਅਨੁਸਾਰ ਬੋਲੋ। ਹਾਂਜੀ, ਬਿਨਾਂ ਕਿਸੇ ਸ਼ੱਕ ਦੇ, ਸਾਨੂੰ ਦੈਂਤਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਹ ਦੈਂਤ ਭੈ-ਭੀਤ ਕਰਨ ਵਾਲੇ ਵਿਖਾਈ ਦੇਣਗੇ। ਲੜਨ ਲਈ ਲੜਾਈਆਂ ਵੀ ਹੋਣਗੀਆਂ। ਪਰਮੇਸ਼ਰ ਜੋ ਚਾਹੁੰਦੇ ਹਨ ਕਿ ਸਾਡੇ ਕੋਲ ਹੋਵੇ, ਉਸ ਨੂੰ ਪ੍ਰਾਪਤ ਕਰਨ ਦਾ ਰਾਹ ਦੈਂਤਾਂ ਅਤੇ ਲੜਾਈਆਂ ਤੋਂ ਬਿਨਾਂ ਨਹੀਂ ਹੈ। ਪਰ ਇਨ੍ਹਾਂ ਦੈਂਤਾਂ ਦੇ ਸਾਹਮਣੇ ਅਤੇ ਲੜਾਈਆਂ ਦੇ ਵਿੱਚਕਾਰ, ਇਹ ਘੋਸ਼ਿਤ ਕਰੋ ਕਿ ਪਰਮੇਸ਼ਰ ਕੌਣ ਹਨ ਅਤੇ ਪਰਮੇਸ਼ਰ ਨੇ ਤੁਹਾਡੇ ਨਾਲ ਕੀ ਵਾਅਦਾ ਕੀਤਾ ਹੈ। ਘੋਸ਼ਣਾ ਕਰੋ ਕਿ ਤੁਸੀਂ ਜਿੱਤ ਪਾ ਸਕਦੇ ਹੋ ਕਿਉਂਕਿ ਹਰੇਕ ਜਿਹੜਾ ਪਰਮੇਸ਼ਰ ਤੋਂ ਜੰਮਿਆ ਹੈ, ਉਹ ਸੰਸਾਰ ਉੱਤੇ ਜਿੱਤ ਪਾਉਂਦਾ ਹੈ (1 ਯੂਹੰਨਾ 5:4)। ਘੋਸ਼ਣਾ ਕਰੋ ਕਿ ਪਰਮੇਸ਼ਰ ਹਮੇਸ਼ਾ ਤੁਹਾਡੀ ਜਿੱਤ ਦੇ ਕਾਰਨ ਬਣਦੇ ਹਨ (2 ਕੁਰਿੰਥੀਆਂ 2:14)। ਘੋਸ਼ਣਾ ਕਰੋ ਕਿ ਪਰਮੇਸ਼ਰ ਤੁਹਾਨੂੰ ਚਿੱਕੜ ਦੇ ਟੋਏ ਵਿੱਚੋਂ ਬਾਹਰ ਕੱਢ ਲਿਆਉਂਦੇ ਹਨ, ਤੁਹਾਡੇ ਪੈਰ ਇੱਕ ਚੱਟਾਨ ਉੱਤੇ ਰੱਖਦੇ ਹਨ ਅਤੇ ਤੁਹਾਡੇ ਮੂੰਹ ਵਿੱਚ ਇੱਕ ਨਵਾਂ ਗੀਤ ਪਾਉਂਦੇ ਹਨ (ਜ਼ਬੂਰ 40:1-4)। ਘੋਸ਼ਣਾ ਕਰੋ ਕਿ ਤੁਹਾਡੀ ਸਹਾਇਤਾ ਯਹੋਵਾਹ ਤੋਂ ਆਉਂਦੀ ਹੈ ਜੋ ਅਕਾਸ਼ ਅਤੇ ਧਰਤੀ ਦੇ ਕਰਤਾ ਹਨ। ਉਹ ਤੁਹਾਡਾ ਰਾਖ਼ਾ ਨਾ ਕਦੇ ਉਂਘਲਾਵੇਗਾ ਨਾ ਸੌਂਵੇਂਗਾ (ਜ਼ਬੂਰ 121)। ਘੋਸ਼ਣਾ ਕਰੋ ਕਿ ਤੁਹਾਡੇ ਪਰਮੇਸ਼ਰ ਕੌਣ ਹਨ ਅਤੇ ਪਰਮੇਸ਼ਰ ਨੇ ਤੁਹਾਡੇ ਨਾਲ ਕੀ ਵਾਅਦਾ ਕੀਤਾ ਹੈ। ਇਹ ਤੁਹਾਡਾ ਪਹਿਲਾਂ ਤੋਂ ਲਿਖਿਆ ਹੋਇਆ ਪਰਿਣਾਮ ਹੈ।

# 6
# ਵਚਨ ਤੁਹਾਡੇ ਨੇੜੇ ਹੈ – ਪਰਮੇਸ਼ਰ ਦੇ ਵਚਨ ਬੋਲੋ

**ਬਿਵਸਥਾ ਸਾਰ 30:11-14**
**11 ਵੇਖੋ, ਇਹ ਹੁਕਮ ਜਿਹੜਾ ਮੈਂ ਅੱਜ ਤੁਹਾਨੂੰ ਦਿੰਦਾ ਹਾਂ, ਨਾ ਤਾਂ ਇਹ ਤੁਹਾਡੇ ਲਈ ਬਹੁਤਾ ਔਖਾ ਹੈ ਅਤੇ ਨਾ ਹੀ ਤੁਹਾਡੇ ਤੋਂ ਬਹੁਤ ਦੂਰ ਹੈ।**
**12 ਨਾ ਤਾਂ ਇਹ ਅਕਾਸ਼ ਉੱਤੇ ਹੈ ਜੋ ਤੁਸੀਂ ਆਖੋ, "ਭਲਾ, ਅਕਾਸ਼ ਉੱਤੇ ਸਾਡੇ ਲਈ ਕੌਣ ਚੜ੍ਹੇ ਅਤੇ ਉਸ ਨੂੰ ਸਾਡੇ ਕੋਲ ਲਿਆਵੇ ਅਤੇ ਸਾਨੂੰ ਸੁਣਾਵੇ ਤਾਂ ਜੋ ਉਸ ਨੂੰ ਪੂਰਾ ਕਰੀਏ?"**
**13 ਨਾ ਹੀ ਉਹ ਸਮੁੰਦਰ ਪਾਰ ਹੈ ਜੋ ਤੁਸੀਂ ਆਖੋ, "ਸਾਡੇ ਲਈ ਕੌਣ ਸਮੁੰਦਰ ਤੋਂ ਪਾਰ ਜਾਵੇ ਅਤੇ ਉਸ ਨੂੰ ਸਾਡੇ ਲਈ ਲਿਆਵੇ ਅਤੇ ਸਾਨੂੰ ਸੁਣਾਵੇ ਤਾਂ ਜੋ ਉਸ ਨੂੰ ਪੂਰਾ ਕਰੀਏ?"**
**14 ਪਰ ਇਹ ਬਾਣੀ ਤੁਹਾਡੇ ਬਹੁਤ ਨਜ਼ਦੀਕ ਹੈ ਸਗੋਂ ਤੁਹਾਡੇ ਮੂੰਹ ਵਿੱਚ ਅਤੇ ਤੁਹਾਡੇ ਮਨ ਵਿੱਚ ਹੈ, ਤਾਂ ਜੋ ਤੁਸੀਂ ਉਸ ਨੂੰ ਪੂਰਾ ਕਰੋ।**

ਪਰਮੇਸ਼ਰ ਚਾਹੁੰਦੇ ਹਨ ਕਿ ਉਹਨਾਂ ਦੇ ਲੋਕ ਉਹਨਾਂ ਦੇ ਵਚਨ ਆਪਣੇ ਮੂੰਹ ਅਤੇ ਆਪਣੇ ਮਨ ਵਿੱਚ ਰੱਖਣ। ਪਰਮੇਸ਼ਰ ਉਹਨਾਂ ਲਈ ਇਹ ਇੱਛਾ ਰੱਖਦੇ ਸਨ ਕਿ ਉਹਨਾਂ ਦੇ ਲੋਕਾਂ ਦੇ ਮੂੰਹ ਅਤੇ ਮਨ ਵਿੱਚ ਉਹਨਾਂ ਦਾ ਵਚਨ ਹੋਵੇ , ਤਾਂ ਜੋ ਉਹ ਇਸ ਨੂੰ ਕਰਨ ਅਤੇ ਇਸ ਰਾਹੀਂ ਆਪਣੇ ਜੀਵਨ ਨੂੰ ਬਤੀਤ ਕਰਨ। ਪਰਮੇਸ਼ਰ ਦੇ ਵਚਨ ਦਾ ਸਾਡੇ ਮੂੰਹਾਂ ਅਤੇ ਮਨਾਂ ਵਿੱਚ ਸਥਾਨ ਹੋਣਾ ਲਾਜ਼ਮੀ ਹੈ। ਉਹਨਾਂ ਦੇ ਵਚਨਾਂ ਨੂੰ ਸਾਡੇ ਮਨਾਂ ਵਿੱਚ ਭਰਨਾ ਲਾਜ਼ਮੀ ਹੈ।ਵਚਨ ਰਾਹੀਂ ਹੀ ਵਿਸ਼ਵਾਸ ਸਾਡੇ ਮਨਾਂ ਵਿੱਚ ਜਨਮ ਲੈਂਦਾ ਹੈ। ਅਸੀਂ ਪਰਮੇਸ਼ਰ ਦੇ ਵਚਨ ਨੂੰ ਆਪਣੇ ਮਨਾਂ ਵਿੱਚ ਵਿਸ਼ਵਾਸ ਕਰਦੇ ਹਾਂ।. ਉਹਨਾਂ ਦੇ ਵਚਨ ਸਾਡੇ ਮੂੰਹਾਂ ਵਿੱਚ ਹੋਣੇ ਵੀ ਲਾਜ਼ਮੀ ਹਨ। ਇਹ ਨੂੰ ਅਸੀਂ ਆਖਦੇ ਹਾਂ। ਅਸੀਂ ਇਸ ਨੂੰ ਬੋਲਦੇ ਹਾਂ। ਅਸੀਂ ਉਹਨਾਂ ਦੇ ਮੂੰਹ ਦੇ ਵਚਨਾਂ ਨੂੰ ਆਪਣੇ ਮੂੰਹ ਦੇ ਸ਼ਬਦ ਬਣਨ ਦੇਈਏ। ਉਹਨਾਂ ਦਾ ਵਚਨ ਰਹੱਸਪੂਰਨ ਜਾਂ ਸਾਡੀ ਪਹੁੰਚ ਤੋਂ ਦੂਰ ਨਹੀਂ ਹੈ। ਉਹਨਾਂ ਦਾ ਵਚਨ ਸਾਡੇ ਵਿੱਚ ਹੈ – ਸਾਡੇ ਮਨਾਂ ਅਤੇ ਸਾਡੇ ਮੂੰਹਾਂ ਵਿੱਚ। ਜਿਸ ਤਰ੍ਹਾਂ ਕਿ ਅਸੀਂ ਇਸ ਤਰ੍ਹਾਂ ਜੀਉਂਦੇ ਹਾਂ, ਉਹਨਾਂ ਦਾ ਵਚਨ ਸਾਡੀ ਜੀਵਨ ਸ਼ੈਲੀ ਬਣ ਜਾਂਦਾ ਹੈ। ਅਸੀਂ ਉਹਨਾਂ ਦੇ ਵਚਨ ਅਨੁਸਾਰ ਜੀਉਂਦੇ ਹਾਂ।

ਇਹ ਪਰਮੇਸ਼ਰ ਦਾ ਆਪਣਾ ਵਚਨ ਸਾਡੇ ਵਿੱਚ ਬਣੇ ਰੱਖਣ ਅਤੇ ਸਾਡੇ

ਵਿੱਚ ਸਰੀਰ ਹੋਣ ਦਾ ਢੰਗ ਹੈ। ਉਹਨਾਂ ਨੇ ਸਾਨੂੰ ਇਹ ਤਰੀਕਾ ਦਿੱਤਾ ਹੈ। ਉਹਨਾਂ ਨੇ ਆਖਿਆ ਹੈ, ਕਿ ਉਹਨਾਂ ਨੇ ਆਪਣਾ ਵਚਨ ਸਾਡੇ ਲਈ ਉਪਲਬਧ ਕਰਵਾਇਆ ਹੈ। ਜੇਕਰ ਅਸੀਂ ਉਹਨਾਂ ਦੇ ਵਚਨ ਨੂੰ ਆਪਣੇ ਮੂੰਹ (ਸਾਡੇ ਭਾਸ਼ਣ ਦਾ ਹਿੱਸਾ) ਅਤੇ ਸਾਡੇ ਮਨਾਂ (ਸੋਚਣ ਅਤੇ ਵਿਸ਼ਵਾਸ ਕਰਨ ਦਾ ਹਿੱਸਾ) ਵਿੱਚ ਰੱਖਦੇ ਹਾਂ, ਤਾਂ ਉਹਨਾਂ ਦਾ ਵਚਨ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਜਾਵੇਗਾ।

# 7
# ਪਰਮੇਸ਼ਰ ਦੇ ਵਚਨਾਂ ਨੂੰ ਆਪਣੇ ਮੂੰਹ ਵਿੱਚ ਰੱਖੋ

**ਯਹੋਸ਼ੁਆ 1:8**
**ਇਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਅਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸਫ਼ਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

ਯਹੋਸ਼ੁਆ ਕੋਲ ਪਰਮੇਸ਼ਰ ਦੇ ਲੋਕਾਂ ਨੂੰ ਵਾਅਦਾ ਕੀਤੇ ਹੋਏ ਦੇਸ਼ ਵਿੱਚ ਅਗਵਾਈ ਕਰਨ ਦਾ ਬਹੁਤ ਵਿਸ਼ਾਲ ਕੰਮ ਸੀ। ਉਹ ਨੂੰ ਮੂਸਾ ਦੀ ਜੁੱਤੀ ਵਿੱਚ ਕਦਮ ਰੱਖਣਾ ਪਿਆ ਅਤੇ ਪਰਮੇਸ਼ਰ ਦੇ ਲੋਕਾਂ ਦੀ ਅੱਗੇ ਵੱਲ ਨੂੰ ਅਗਵਾਈ ਕਰਨੀ ਪਈ। ਜਿਹੜੀਆਂ ਹਦਾਇਤਾਂ ਪਰਮੇਸ਼ਰ ਨੇ ਉਸ ਨੂੰ ਦਿੱਤੀਆਂ ਸਨ ਉਹਨਾਂ ਵਿੱਚੋਂ ਇੱਕ ਹਦਾਇਤ ਇਹ ਸੀ ਕਿ ਉਹ ਵਚਨਾਂ ਦੀ ਪੋਥੀ ਨੂੰ ਆਪਣੇ ਬੋਲਣ ਅਤੇ ਸੋਚਣ (ਧਿਆਨ) ਦਾ ਹਿੱਸਾ ਬਣਾਵੇ। ਅਸਲ ਰੂਪ ਵਿੱਚ, ਪਰਮੇਸ਼ਰ ਨੇ ਯਹੋਸ਼ੁਆ ਨੂੰ ਇਹ ਆਖਦੇ ਹੋਏ ਹਿਦਾਇਤ ਦਿੱਤੀ, *"ਬਿਵਸਥਾ ਦੇ ਵਚਨ ਹਮੇਸ਼ਾ ਤੇਰੇ ਮੂੰਹ ਵਿੱਚ ਰਹਿਣ।। ਵਚਨ ਬੋਲ। ਵਚਨ ਉੱਤੇ ਧਿਆਨ ਕਰਦਾ ਰਹਿ। ਇਸ ਤਰੀਕੇ ਨਾਲ ਤੂੰ ਉਹ ਸਾਵਧਾਨੀ ਨਾਲ ਕਰੇਗਾ ਜੋ ਵਚਨ ਆਖਦਾ ਹੈ। ਤੇਰੇ ਲਈ ਇਹ ਖ਼ੁਸ਼ਹਾਲੀ ਅਤੇ ਸਫ਼ਲਤਾ ਲਿਆਉਣਗੇ।"*

ਸਮਾਂ ਬਦਲ ਗਿਆ ਹੈ, ਪਰ ਪਰਮੇਸ਼ਰ ਦੇ ਵਚਨ ਅਤੇ ਉਹਨਾਂ ਦੇ ਵਚਨ ਵਿੱਚ ਦੀ ਸਮਰੱਥਾ ਘੱਟ ਨਹੀਂ ਹੋਈ ਹੈ। ਜੋ ਪਰਮੇਸ਼ਰ ਦੇ ਵਚਨ ਨੇ ਯਹੋਸ਼ੁਆ ਲਈ ਉਸ ਦੇ ਦਿਨਾਂ ਵਿੱਚ, ਉਸ ਦੇ ਸਮੇਂ ਵਿੱਚ ਅਤੇ ਉਸ ਦੇ ਜੀਵਨ ਦੇ ਕੰਮ ਲਈ ਕੀਤਾ ਸੀ, ਪਰਮੇਸ਼ਰ ਦਾ ਵਚਨ ਸਾਡੇ ਦਿਨ, ਸਮੇਂ ਅਤੇ ਸਾਡੇ ਵਿੱਚੋਂ ਹਰੇਕ ਦੇ ਕੰਮ ਲਈ ਵੀ ਕਰ ਸਕਦਾ ਹੈ। ਜੇਕਰ ਅਸੀਂ ਪਰਮੇਸ਼ਰ ਦੀ ਪੋਥੀ ਦੇ ਵਚਨਾਂ ਨੂੰ ਆਪਣੇ ਮੂੰਹ ਵਿੱਚ ਰਹਿਣ ਅਤੇ ਦਿਨ ਰਾਤ ਸਾਡੀ ਸੋਚ (ਧਿਆਨ) ਨੂੰ ਭਰਨ ਦਿਆਂਗੇ, ਤਾਂ ਅਸੀਂ ਪਰਮੇਸ਼ਰ ਦੇ ਵਚਨ ਅਨੁਸਾਰ ਚੱਲਾਂਗੇ। ਇਸ ਤਰ੍ਹਾਂ ਕਰਕੇ ਅਸੀਂ ਆਪਣੇ ਰਾਹ ਨੂੰ ਖ਼ੁਸ਼ਹਾਲ ਬਣਾਵਾਂਗੇ ਅਤੇ ਸਾਨੂੰ ਉਸ ਕੰਮ ਵਿੱਚ ਵੱਡੀ ਸਫ਼ਲਤਾ ਮਿਲੇਗੀ ਜੋ ਸਾਨੂੰ ਕਰਨ ਲਈ ਸੌਂਪਿਆ ਗਿਆ ਹੋਵੇਗਾ।

ਯਹੋਸ਼ੁਆ 1:8 ਦੇ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੋ। ਪਰਮੇਸ਼ਰ ਦੀ ਪੋਥੀ ਦੇ ਵਚਨ ਤੁਹਾਡੇ ਮੂੰਹ ਦੇ ਸ਼ਬਦ ਬਣਨ। ਉਹ ਆਖੋ ਜੋ ਪਰਮੇਸ਼ਰ ਆਖਦੇ ਹਨ। ਧਿਆਨ ਅਤੇ ਸੋਚ ਉਹਨਾਂ ਦੇ ਵਚਨ ਨਾਲ ਇਕਸਾਰ ਰੱਖੋ। ਉਹਨਾਂ ਦੇ ਵਚਨ ਨਾਲ ਗਠਜੋੜ ਕਰਕੇ ਰਹੋ। ਤੁਹਾਡੇ ਕੰਮਾਂ ਵਿੱਚ ਤੁਹਾਨੂੰ ਖ਼ੁਸ਼ਹਾਲੀ ਅਤੇ ਵੱਡੀ ਸਫ਼ਲਤਾ ਪ੍ਰਾਪਤ ਹੋਵੇਗੀ।

# 8
# ਉਹ ਦੇ ਵਾਅਦੇ ਕਾਇਮ ਰਹਿੰਦੇ ਹਨ – ਅਤੇ ਸਾਡੀ ਘੋਸ਼ਣਾ ਵੀ ਇਸ ਤਰ੍ਹਾਂ ਕਰਦੀ ਹੈ

**ਯਹੋਸ਼ੁਆ 14:10-12**
**10 ਹੁਣ ਵੇਖੋ ਯਹੋਵਾਹ ਨੇ ਮੈਨੂੰ ਇਹ ਪੰਤਾਲੀ ਸਾਲ ਜੀਉਂਦਾ ਰੱਖਿਆ ਹੈ, ਜਿਵੇਂ ਉਹ ਬੋਲਿਆ ਸੀ**
**ਅਰਥਾਤ ਉਸ ਵੇਲੇ ਤੋਂ ਜਦ ਯਹੋਵਾਹ ਨੇ ਮੂਸਾ ਨਾਲ ਇਹ ਗੱਲ ਕੀਤੀ ਅਤੇ ਇਸਰਾਏਲ ਉਜਾੜ**
**ਦੇ ਵਿੱਚ ਦੀ ਤੁਰਿਆ ਜਾ ਰਿਹਾ ਸੀ। ਹੁਣ ਵੇਖੋ ਮੈਂ ਅੱਜ ਪਚਾਸੀਆਂ ਸਾਲਾਂ ਦਾ ਹਾਂ।**
**11 ਮੈਂ ਅਜੇ ਤੱਕ ਇੰਨ੍ਹਾਂ ਬਲਵੰਤ ਹਾਂ ਜਿੰਨਾਂ ਉਸ ਦਿਨ ਸੀ ਜਦ ਮੂਸਾ ਨੇ ਮੈਨੂੰ ਭੇਜਿਆ ਸੀ। ਜਿਵੇਂ**
**ਮੇਰਾ ਬਲ ਉਸ ਵੇਲੇ ਸੀ ਉਸੇ ਤਰ੍ਹਾਂ ਮੇਰਾ ਬਲ ਲੜਾਈ ਕਰਨ ਲਈ ਅਤੇ ਆਉਣ ਜਾਣ ਲਈ**
**ਹੁਣ ਵੀ ਹੈ।**
**12 ਹੁਣ ਮੈਨੂੰ ਇਹ ਪਹਾੜੀ ਦੇਸ ਦੇ ਜਿਹ ਦਾ ਯਹੋਵਾਹ ਨੇ ਉਸ ਦਿਨ ਬਚਨ ਕੀਤਾ ਸੀ ਕਿਉਂ ਜੋ**
**ਤੂੰ ਉਸੇ ਦਿਨ ਸੁਣਿਆ ਕਿ ਅਨਾਕੀ ਉੱਥੇ ਸਨ ਅਤੇ ਸ਼ਹਿਰ ਵੱਡੇ ਅਤੇ ਗੜ੍ਹਾਂ ਵਾਲੇ ਸਨ! ਸ਼ਾਇਦ**
**ਯਹੋਵਾਹ ਮੇਰੇ ਨਾਲ ਰਹੇ ਅਤੇ ਮੈਂ ਉਹਨਾਂ ਨੂੰ ਕੱਢ ਸਕਾਂ ਜਿਵੇਂ ਯਹੋਵਾਹ ਨੇ ਬਚਨ ਕੀਤਾ ਸੀ।**

45 ਸਾਲਾਂ ਤੋਂ ਬਾਅਦ 85 ਦੀ ਸਾਲ ਦੀ ਉਮਰ ਵਿੱਚ, ਕਾਲੇਬ, ਹਾਲੇ ਵੀ ਉਸ ਉੱਤੇ ਕਬਜ਼ਾ ਕਰਨ ਲਈ ਜਨੂੰਨ ਅਤੇ ਉਤਸ਼ਾਹ ਦੀ ਰੱਖਦਾ ਸੀ ਜਿਸ ਦਾ ਪਰਮੇਸ਼ਰ ਨੇ ਉਸ ਨੂੰ ਦੇਣ ਦਾ ਵਾਅਦਾ ਕੀਤਾ ਸੀ। ਲੜਨ ਅਤੇ ਜਿੱਤਣ ਲਈ ਹੁਣ ਤੱਕ ਵੀ ਕੁਝ ਦੈਂਤ ਸਨ, ਪਰ ਉਹ ਤਿਆਰ ਸੀ। ਉਹ ਨੇ ਹੁਣ ਵੀ ਉਸ ਤਰ੍ਹਾਂ ਹੀ ਪਰਮੇਸ਼ਰ ਵਿੱਚ ਆਪਣੇ ਭਰੋਸੇ ਦੀ ਘੋਸ਼ਣਾ ਕੀਤੀ ਸੀ, ਜਿਸ ਤਰ੍ਹਾਂ ਉਸ ਨੇ 45 ਸਾਲ ਪਹਿਲਾਂ ਕੀਤੀ ਸੀ।

ਤੁਸੀਂ ਆਪਣੇ ਜੀਵਨ ਵਿੱਚ ਪਰਮੇਸ਼ਰ ਦੇ ਵਚਨ ਨੂੰ ਸਚਿਆਈ ਵਜੋਂ ਕਿੰਨੇ ਲੰਮੇ ਸਮੇਂ ਤੱਕ ਘੋਸ਼ਣਾ ਕਰਨ ਵਾਲੇ ਹੋ? ਅਸਲੀਅਤ ਇਹ ਹੈ, ਕਿ ਪਰਮੇਸ਼ਰ ਮਨੁੱਖ ਨਹੀਂ ਹਨ ਕਿ ਉਹ ਝੂਠ ਬੋਲਣ। ਉਹਨਾਂ ਦਾ ਵਚਨ ਸਚਿਆਈ ਹੈ। ਉਹਨਾਂ ਦਾ ਵਚਨ ਕਾਇਮ ਰਹਿੰਦਾ ਹੈ।ਉਹਨਾਂ ਦਾ ਵਚਨ ਕਦੇ ਨਹੀਂ ਬਦਲਦਾ। ਪਰਮੇਸ਼ਰ ਨੇ ਆਪਣੇ ਵਚਨ ਵਿੱਚ ਤੁਹਾਡੇ ਬਾਰੇ ਜਿਹੜਾ ਵਾਅਦਾ ਕੀਤਾ ਹੈ ਅਤੇ ਘੋਸ਼ਣਾ ਕੀਤੀ ਹੈ ਉਹ ਸੱਚ ਹੈ। ਇਹ ਸਵਰਗ ਵਿੱਚ ਸਥਾਪਿਤ ਅਤੇ ਅਤੇ ਹਮੇਸ਼ਾ ਲਈ ਸਥਿਰ ਹੈ। ਸਾਡਾ ਪਰਮੇਸ਼ਰ ਮਹਾਨ “ਮੈਂ ਹਾਂ”। ਉਹ ਕਦੇ ਵੀ

ਨਹੀਂ ਬਦਲਦੇ। ਇਸ ਲਈ, ਅਸੀਂ ਆਪਣੇ ਪਰਮੇਸ਼ਰ ਅਤੇ ਜਿਹੜਾ ਉਹਨਾਂ ਨੇ ਵਾਅਦਾ ਕੀਤਾ ਹੈ, ਉਸ ਬਾਰੇ ਆਖਣ ਤੋਂ ਨਹੀਂ ਬਦਲਦੇ ਹਾਂ। ਅਸੀਂ ਲਗਾਤਾਰ ਇਹ ਆਖਦੇ ਰਹਿੰਦੇ ਹਾਂ, ਕਿ ਸਾਡਾ ਪਰਮੇਸ਼ਰ ਕੌਣ ਹੈ। ਉਹ ਹੁਣ ਤੀਕ ਸਾਡਾ ਮੁਕਤੀਦਾਤਾ, ਚੰਗਾ ਕਰਨ ਵਾਲਾ, ਛੁਡਾਉਣ ਵਾਲਾ, ਨਿਸਤਾਰਾ ਦੇਣ ਵਾਲਾ, ਪ੍ਰਬੰਧ ਕਰਨ ਵਾਲਾ, ਰਾਹ ਬਣਾਉਣ ਵਾਲਾ ਅਤੇ ਚਮਤਕਾਰ ਕਰਨ ਵਾਲਾ ਹੈ। ਉਹ ਹੁਣ ਵੀ ਸਾਡੇ ਸਵਰਗੀ ਪਿਤਾ ਹਨ। ਅਸੀਂ ਘੋਸ਼ਣਾ ਕਰਦੇ ਹਾਂ ਕਿ ਸਾਡੇ ਜੀਵਨ ਦੇ ਹਰੇਕ ਖੇਤਰ ਵਿੱਚ ਉਹਨਾਂ ਨੇ ਜਿਹੜਾ ਵੀ ਵਾਅਦਾ ਕੀਤਾ ਹੈ ਉਹ ਭਲਾ ਅਤੇ ਸੱਚਾ ਹੈ। ਇਹ ਜੀਵਨ ਦੇ ਸਾਰੇ ਮੌਸਮਾਂ ਅਤੇ ਸਮਿਆਂ ਵਿੱਚ ਸੱਚਾ ਅਤੇ ਭਲਾ ਬਣਿਆ ਰਹੇਗਾ। ਇਸ ਲਈ, ਜਿਹੜਾ ਉਹਨਾਂ ਨੇ ਵਾਅਦਾ ਕੀਤਾ ਹੈ ਅਸੀਂ ਉਸ ਨੂੰ ਦ੍ਰਿੜ੍ਹਤਾ ਨਾਲ ਫੜੀ ਰੱਖਦੇ ਹਾਂ।

ਜਿਸ ਤਰ੍ਹਾਂ ਕਿ ਕਾਲੇਬ ਨਾਲ ਹੋਇਆ, ਜਿਹੜਾ ਪਰਮੇਸ਼ਰ ਨੇ ਵਾਅਦਾ ਕੀਤਾ ਹੈ, ਇਸ ਉੱਤੇ ਤੁਹਾਡੇ ਕਦਮ ਜਮਾਉਣ (ਕਬਜ਼ਾ) ਤੋਂ ਪਹਿਲਾਂ ਇਹ ਇੱਕ ਵੇਲਾ ਲੈ ਸਕਦਾ ਹੈ। ਯਾਦ ਰੱਖੋ, ਉਹਨਾਂ ਦੇ ਵਾਅਦੇ ਕਾਇਮ ਰਹਿੰਦੇ ਹਨ। ਉਹ ਸਮੇਂ ਨਾਲ ਨਹੀਂ ਬਦਲਦੇ। ਪਰਮੇਸ਼ਰ ਦੇ ਵਾਅਦਿਆਂ ਦੀ ਆਪਣੀ ਘੋਸ਼ਣਾ ਨੂੰ ਸੰਭਾਲੀ ਰੱਖੋ।

# 9
# ਪਰਮੇਸ਼ਰ ਨਾਲ ਆਪਣੇ ਨੇਮ ਦੀ ਘੋਸ਼ਣਾ ਕਰੋ

**1 ਸਮੂਏਲ 17:26,36,45**
**[26] ਤਦ ਦਾਊਦ ਨੇ ਆਪਣੇ ਦੁਆਲੇ ਦੇ ਲੋਕਾਂ ਕੋਲੋਂ ਪੁੱਛਿਆ ਕਿ ਜਿਹੜਾ ਮਨੁੱਖ ਇਸ ਫ਼ਲਿਸਤੀ ਨੂੰ ਮਾਰੇ ਅਤੇ ਇਸ ਕਲੰਕ ਨੂੰ ਇਸਰਾਏਲ ਉੱਤੋਂ ਹਟਾਵੇ ਤਾਂ ਉਹ ਨੂੰ ਕੀ ਮਿਲੇਗਾ ਕਿਉਂ ਜੋ ਇਹ ਅਸੁੰਨਤੀ ਫ਼ਲਿਸਤੀ ਹੈ ਕੌਣ ਜੋ ਜਿਉਂਦੇ ਪਰਮੇਸ਼ਰ ਦੇ ਦਲਾਂ ਨੂੰ ਸ਼ਰਮਿੰਦਾ ਕਰੇ?**
**[36] ਤੁਹਾਡੇ ਦਾਸ ਨੇ ਸ਼ੇਰ ਅਤੇ ਰਿੱਛ ਦੋਹਾਂ ਨੂੰ ਮਾਰਿਆ ਹੈ ਸੋ ਇਹ ਅਸੁੰਨਤੀ ਫ਼ਲਿਸਤੀ ਉਨ੍ਹਾਂ ਵਿੱਚੋਂ ਇੱਕ ਵਰਗਾ ਹੋਵੇਗਾ ਜੋ ਜਿਉਂਦੇ ਪਰਮੇਸ਼ਰ ਦੇ ਦਲਾਂ ਨੂੰ ਸ਼ਰਮਿੰਦਾ ਕਰ ਰਿਹਾ ਹੈ!**
**[45] ਪਰ ਦਾਊਦ ਨੇ ਫ਼ਲਿਸਤੀ ਨੂੰ ਆਖਿਆ, ਤੂੰ ਤਲਵਾਰ ਅਤੇ ਬਰਛਾ ਅਤੇ ਢਾਲ਼ ਲੈ ਕੇ ਮੇਰੇ ਕੋਲ ਆਉਂਦਾ ਹੈ ਪਰ ਮੈਂ ਸੈਨਾਵਾਂ ਦੇ ਯਹੋਵਾਹ ਦੇ ਨਾਮ ਉੱਤੇ ਜੋ ਇਸਰਾਏਲ ਦੇ ਦਲਾਂ ਦਾ ਪਰਮੇਸ਼ਰ ਹੈ ਜਿਸ ਨੂੰ ਤੂੰ ਲਲਕਾਰਿਆ ਹੈ ਤੇਰੇ ਕੋਲ ਆਉਂਦਾ ਹਾਂ।**

ਜਦੋਂ ਦਾਊਦ ਨੇ ਗੋਲਿਅਥ ਨਾਲ ਯੁੱਧ ਕਰਨ ਦੀ ਤਿਆਰੀ ਕੀਤੀ, ਤਾਂ ਦਾਊਦ ਇੱਕ ਮੁੱਖ ਸਚਿਆਈ ਬਾਰੇ ਜਾਣਦਾ ਸੀ। ਦਾਊਦ ਇੱਕ ਸੁੰਨਤੀ ਮਨੁੱਖ ਸੀ, ਜਿਸ ਤੋਂ ਇਹ ਭਾਵ ਹੈ, ਕਿ ਉਹ ਇੱਕ ਅਜਿਹਾ ਆਦਮੀ ਸੀ ਜਿਸ ਦਾ ਪਰਮੇਸ਼ਰ ਨਾਲ ਨੇਮ ਸੀ। ਉਸ ਨੇ ਗੋਲਿਅਥ ਨੂੰ *"ਇਹ ਅਸੁੰਨਤੀ ਫ਼ਲਿਸਤੀ"* ਜਿਸ ਤੋਂ ਇਹ ਭਾਵ ਹੈ, ਪਰਮੇਸ਼ਰ ਨਾਲ ਨੇਮ ਤੋਂ ਬਿਨਾਂ ਵਾਲੇ ਆਦਮੀ ਵਜੋਂ ਦੱਸਿਆ। ਕਿਉਂਕਿ ਦਾਊਦ ਪਰਮੇਸ਼ਰ ਨਾਲ ਨੇਮ ਵਿੱਚ ਸੀ, ਉਸ ਨੂੰ ਪਤਾ ਸੀ ਕਿ ਜਿਉਂਦੇ ਪਰਮੇਸ਼ਰ ਉਹ ਦੇ ਵੱਲ ਸਨ। ਸੈਨਾਂ ਦੇ ਯਹੋਵਾਹ, ਸਵਰਗੀ ਅਤੇ ਧਰਤੀ ਦੀਆਂ ਸੈਨਾਵਾਂ ਦੇ ਪਰਮੇਸ਼ਰ, ਦਾਊਦ ਦੇ ਨਾਲ ਸਨ। ਇਸ ਨੇ ਸਾਰੇ ਅੰਤਰ ਨੂੰ ਉਤਪੰਨ ਕੀਤਾ।

ਜਦੋਂ ਦਾਊਦ ਗੋਲਿਅਥ ਦਾ ਸਾਹਮਣਾ ਕਰਨ ਲਈ ਦੌੜਿਆ, ਤਾਂ ਉਸ ਨੇ ਪਰਮੇਸ਼ਰ ਨਾਲ ਆਪਣੇ ਨੇਮ ਦੇ ਆਧਾਰ ਤੇ ਅਜਿਹਾ ਕੀਤਾ ਸੀ। ਦਾਊਦ ਨੇ ਦਲੇਰੀ ਨਾਲ ਇਹ ਘੋਸ਼ਣਾ ਕੀਤੀ ਕਿ ਪਰਮੇਸ਼ਰ ਕੌਣ ਹਨ, ਪਰਮੇਸ਼ਰ ਨੇ ਕੀ ਕੀਤਾ ਹੈ ਅਤੇ ਪਰਮੇਸ਼ਰ ਉਸ ਰਾਹੀਂ ਕੀ ਕਰਨਗੇ। ਦਾਊਦ ਦਲੇਰੀ ਨਾਲ ਬੋਲ ਸਕਿਆ ਕਿਉਂਕਿ ਉਹ ਪਰਮੇਸ਼ਰ ਨਾਲ ਨੇਮ ਵਿੱਚ ਇੱਕ ਵਿਅਕਤੀ ਸੀ।

ਤੁਸੀਂ ਕਿਸ ਤਰ੍ਹਾਂ ਦੇ ਦੈਂਤਾਂ ਦਾ ਸਾਹਮਣਾ ਕਰ ਰਹੇ ਹੋ? ਪਰਮੇਸ਼ਰ ਲਈ

ਕੋਈ ਵੀ ਦੈਂਤ ਵੱਡਾ ਨਹੀਂ ਹੈ। ਸ਼ਾਊਲ ਦੀ ਸੈਨਾਂ ਵਿੱਚ ਚੰਗੇ ਸਿੱਖੇ ਹੋਏ ਸੂਰਬੀਰ ਸਿਪਾਹੀ ਉਸ ਦੈਂਤ ਦੀ ਤੁਲਨਾ ਆਪਣੇ ਨਾਲ ਕਰ ਰਹੇ ਸਨ। ਇਸ ਕਰਕੇ, ਉਹ ਘਬਰਾ ਗਏ। ਉਹਨਾਂ ਨੇ ਲੜਾਈ ਵਿੱਚ ਬਾਹਰ ਆਉਣ ਦੀ ਹਿੰਮਤ ਨਹੀਂ ਕੀਤੀ। ਪਰ ਦਾਊਦ ਨੇ ਦੈਂਤ ਵੱਲ ਵੇਖ ਕੇ ਮਹਿਸੂਸ ਕੀਤਾ ਕਿ ਦੈਂਤ ਦਾ ਸੈਨਾਂ ਦੇ ਯਹੋਵਾਹ ਨਾਲ ਕੋਈ ਮੇਲ ਨਹੀਂ ਸੀ। ਤੁਸੀਂ ਜਿਹੜੇ ਵੀ ਦੈਂਤਾਂ ਭਾਂਵੇ – ਬਿਮਾਰੀ, ਆਰਥਿਕ ਸਮੱਸਿਆਵਾਂ, ਕਰਜ਼ਾ, ਤੁਹਾਡੇ ਪਰਿਵਾਰ ਦੀਆਂ ਸਮੱਸਿਆਵਾਂ, ਕੰਮ ਵਾਲੀ ਥਾਂ ਤੇ ਸਮੱਸਿਆਵਾਂ, ਕਾਨੂੰਨੀ ਲੜਾਈਆਂ ਅਤੇ ਜਿਸ ਪ੍ਰਕਾਰ ਦੇ ਦੈਂਤਾਂ ਦਾ ਵੀ ਸਾਹਮਣਾ ਕਰ ਰਹੇ ਹੋ – ਯਾਦ ਰੱਖੋ, ਇਸ ਦੈਂਤ ਦਾ ਤੁਹਾਡੇ ਪਰਮੇਸ਼ਰ ਨਾਲ ਕੋਈ ਮੇਲ ਨਹੀਂ ਹੈ। ਤੁਸੀਂ ਪਰਮੇਸ਼ਰ ਵਿੱਚ ਨੇਮ ਵਾਲੇ ਇੱਕ ਵਿਅਕਤੀ ਹੋ। ਪਰਮੇਸ਼ਰ ਤੁਹਾਡੀ ਵੱਲ ਹਨ।ਘੋਸ਼ਣਾ ਕਰੋ ਕਿ ਤੁਸੀਂ ਆਪਣੇ ਦੈਂਤਾਂ ਨੂੰ ਜਿੱਤ ਲਵੋਗੇ। ਇਹ ਘੋਸ਼ਣਾ ਕਰੋ ਕਿ ਤੁਹਾਡੇ ਦੈਂਤ ਹਾਰ ਗਏ ਹਨ ਅਤੇ ਤੁਸੀਂ ਜੇਤੂ ਹੋ। ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਿੱਤ ਦੀ ਘੋਸ਼ਣਾ ਕਰੋ।ਪਰਮੇਸ਼ਰ ਤੁਹਾਡੀ ਵੱਲ ਹਨ ਅਤੇ ਉਹ ਤੁਹਾਡੇ ਲਈ ਲੜਦੇ ਹਨ।

# 10
# ਉਹ ਸ਼ਬਦ ਬੋਲੋ ਜਿਹੜੇ ਪਰਮੇਸ਼ਰ ਅੱਗੇ ਮੰਨਣ ਯੋਗ ਹਨ

**ਜ਼ਬੂਰ 19:14**
**ਹੇ ਯਹੋਵਾਹ, ਮੇਰੀ ਚੱਟਾਨ ਅਤੇ ਮੇਰੇ ਛੁਡਾਉਣ ਵਾਲੇ, ਮੇਰੇ ਮੂੰਹ ਦੀਆਂ ਗੱਲਾਂ ਅਤੇ ਮੇਰੇ ਮਨ ਦਾ ਵਿਚਾਰ, ਤੇਰੇ ਹਜ਼ੂਰ ਮੰਨਣ ਯੋਗ ਹੋਵੇ।**

ਜ਼ਬੂਰਾਂ ਦੀ ਪੋਥੀ 19 ਵਿੱਚ, ਪਰਮੇਸ਼ਰ ਦੇ ਪ੍ਰਤਾਪ ਅਤੇ ਉਹਨਾਂ ਦੇ ਵਚਨ ਦੀ ਸ਼ੁੱਧਤਾ ਦੀ ਘੋਸ਼ਣਾ ਕਰਨ ਤੋਂ ਬਾਅਦ, ਦਾਊਦ ਪ੍ਰਾਰਥਨਾ ਕਰਦਾ ਹੈ ਕਿ ਉਸ ਦੇ ਮੂੰਹ ਦੇ ਸ਼ਬਦ ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਮੰਨਣ ਯੋਗ ਹੋਣ। ਇਬਰਾਨੀ ਭਾਸ਼ਾ ਵਿੱਚ "ਮੰਨਣ ਯੋਗ" ਸ਼ਬਦ ਦਾ ਅਰਥ "ਪ੍ਰਸੰਨ, ਅਨੰਦਦਾਇਕ ਅਤੇ ਪ੍ਰਸੰਸਾਪੂਰਨ ਹੋਣਾ ਵੀ ਹੈ।"

ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ ਅਸੀਂ ਉਹਨਾਂ ਦੀ ਚੋਣ ਕਰ ਸਕਦੇ ਹਾਂ। ਅਸੀਂ ਅਜਿਹੇ ਸ਼ਬਦ ਬੋਲਣ ਦੀ ਚੋਣ ਕਰ ਸਕਦੇ ਹਾਂ ਜਿਹੜੇ ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਮੰਨਣ ਯੋਗ, ਅਨੰਦਦਾਇਕ ਅਤੇ ਪ੍ਰਸੰਸਾਪੂਰਨ ਹਨ। ਪਰਮੇਸ਼ਰ ਦਾ ਵਚਨ ਜਿਹੜਾ ਸ਼ੁੱਧ, ਸੰਪੂਰਨ ਅਤੇ ਸਹੀ ਹੈ, ਜਦੋਂ ਇਸ ਪਰਮੇਸ਼ਰ ਦੇ ਵਚਨ ਨਾਲ ਸਾਡੇ ਸ਼ਬਦ ਗਠਜੋੜ ਕਰਦੇ ਹਨ, ਤਾਂ ਹੀ ਸਾਡੇ ਸ਼ਬਦ ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਪੱਕੀ ਤਰ੍ਹਾਂ ਨਾਲ ਮੰਨਣ ਯੋਗ, ਪ੍ਰਸੰਨ ਅਤੇ ਅਨੰਦਦਾਇਕ ਹੋਣਗੇ। ਜਦੋਂ ਅਸੀਂ ਉਹ ਸ਼ਬਦ ਬੋਲਦੇ ਹਾਂ ਜਿਹੜੇ ਪਰਮੇਸ਼ਰ ਦੇ ਪ੍ਰਤਾਪ ਦੀ ਘੋਸ਼ਣਾ ਕਰਦੇ ਹਨ, ਤਾਂ ਹੀ ਸਾਡੇ ਸ਼ਬਦ ਪਰਮੇਸ਼ਰ ਦੀ ਨਜ਼ਰ ਵਿੱਚ ਅਨੰਦਦਾਇਕ ਹੁੰਦੇ ਹਨ। ਜਦੋਂ ਅਸੀਂ ਬੋਲਦੇ ਹਾਂ ਕਿ ਸਾਡੇ ਪਰਮੇਸ਼ਰ ਕੀ ਕਰ ਸਕਦੇ ਹਨ, ਤਾਂ ਸਾਡੇ ਸ਼ਬਦ ਉਹਨਾਂ ਦੀਆਂ ਨਜ਼ਰਾਂ ਵਿੱਚ ਪ੍ਰਸੰਸਾਪੂਰਨ ਹੁੰਦੇ ਹਨ। ਜਦੋਂ ਅਸੀਂ ਆਪਣੇ ਪਰਮੇਸ਼ਰ ਦੇ ਪਿਆਰ, ਕਿਰਪਾ, ਦਯਾ ਅਤੇ ਉਹਨਾਂ ਦੇ ਅਦਭੁਤ ਸੁਭਾਅ ਬਾਰੇ ਬੋਲਦੇ ਹਾਂ, ਤਾਂ ਸਾਡੇ ਸ਼ਬਦ ਉਹਨਾਂ ਦੀਆਂ ਨਜ਼ਰਾਂ ਵਿੱਚ ਮੰਨਣ ਯੋਗ ਹੁੰਦੇ ਹਨ।

ਇਬਰਾਨੀਆਂ 11:6 ਸਾਨੂੰ ਸਿਖਾਉਂਦਾ ਹੈ, ਕਿ ਵਿਸ਼ਵਾਸ ਪਰਮੇਸ਼ਰ ਨੂੰ

ਪ੍ਰਸੰਨ ਕਰਦਾ ਹੈ। ਵਿਸ਼ਵਾਸ ਦੇ ਸ਼ਬਦਾਂ ਨੂੰ ਬੋਲੋ। ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਤੁਹਾਡੇ ਵਿਸ਼ਵਾਸ ਦੀ ਇਹ ਘੋਸ਼ਣਾ ਕਰਦੇ ਹਨ ਕਿ ਪਰਮੇਸ਼ਰ ਕੌਣ ਹਨ ਅਤੇ ਉਹ ਆਪਣੇ ਲੋਕਾਂ ਲਈ ਕੀ ਕਰਦੇ ਹਨ। ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਪਰਮੇਸ਼ਰ ਵਿੱਚ ਤੁਹਾਡੇ ਵਿਸ਼ਵਾਸ, ਪਰਮੇਸ਼ਰ ਦੇ ਵਚਨ ਅਤੇ ਤੁਹਾਡੇ ਜੀਵਨ ਉੱਤੇ ਉਹਨਾਂ ਦੀ ਸਮਰੱਥਾ ਦੇ ਕੰਮ ਦੀ ਘੋਸ਼ਣਾ ਕਰਦੇ ਹਨ।ਵਿਸ਼ਵਾਸ ਪਰਮੇਸ਼ਰ ਨੂੰ ਪ੍ਰਸੰਨ ਕਰਦਾ ਹੈ। ਵਿਸ਼ਵਾਸ ਦੇ ਸ਼ਬਦ ਪਰਮੇਸ਼ਰ ਅੱਗੇ ਮੰਨਣ ਯੋਗ, ਪ੍ਰਸੰਨ ਅਤੇ ਅਨੰਦਦਾਇਕ ਹੁੰਦੇ ਹਨ।

ਹਰੇਕ ਹਾਲਾਤ ਵਿੱਚ, ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਪਰਮੇਸ਼ਰ ਦੀਆਂ ਨਜ਼ਰਾਂ ਵਿੱਚ ਮੰਨਣ ਯੋਗ, ਪ੍ਰਸੰਨ ਅਤੇ ਅਨੰਦਦਾਇਕ ਹੋਣ। ਵਿਸ਼ਵਾਸ ਵਾਲੇ ਇੱਕ ਦਿਲ ਤੋਂ ਵਿਸ਼ਵਾਸ ਦੇ ਸ਼ਬਦਾਂ ਨੂੰ ਬੋਲੋ।

# 11
# ਹਰ ਹਾਲਾਤ ਵਿੱਚ ਇਹ ਘੋਸ਼ਣਾ ਕਰੋ ਕਿ ਪਰਮੇਸ਼ਰ ਤੁਹਾਡੇ ਲਈ ਕੌਣ ਹਨ

**ਜ਼ਬੂਰ 27:1-3**
**1ਯਹੋਵਾਹ ਮੇਰਾ ਚਾਨਣ ਅਤੇ ਮੇਰਾ ਬਚਾਓ ਹੈ, ਮੈਂ ਕਿਸ ਤੋਂ ਡਰਾਂ? ਯਹੋਵਾਹ ਮੇਰੇ ਜੀਉਣ ਦਾ ਗੜ੍ਹ ਹੈ, ਮੈਂ ਕਿਸ ਦਾ ਭੈਅ ਖਾਵਾਂ?**
**2ਜਦ ਬੁਰਿਆਰ ਅਰਥਾਤ ਮੇਰੇ ਵਿਰੋਧੀ ਅਤੇ ਵੈਰੀ ਮੇਰਾ ਮਾਸ ਖਾਣ ਨੂੰ ਨੇੜੇ ਆਏ, ਤਾਂ ਓਹ ਠੇਡਾ ਖਾ ਕੇ ਡਿੱਗ ਪਏ।**
**3ਭਾਵੇਂ ਇੱਕ ਦਲ ਮੇਰੇ ਵਿਰੁੱਧ ਡੇਰਾ ਲਾ ਲਵੇ, ਤਾਂ ਵੀ ਮੇਰਾ ਦਿਲ ਨਾ ਡਰੇਗਾ। ਭਾਵੇਂ ਮੇਰੇ ਵਿਰੁੱਧ ਯੁੱਧ ਉੱਠੇ, ਇਸ ਵਿੱਚ ਵੀ ਮੈਂ ਆਸਵੰਤ ਹਾਂ।**

ਵਿਚਾਰ ਕਰੋ, ਕਿ ਔਖੇ ਹਾਲਾਤ ਦੌਰਾਨ ਦਾਊਦ ਕੀ ਆਖ ਰਿਹਾ ਹੈ। ਉਹ ਪਛਾਣਦਾ ਹੈ, ਕਿ ਉੱਥੇ ਵੈਰੀ ਅਤੇ ਵਿਰੋਧੀ ਹਨ। ਫਿਰ ਵੀ, ਪਰਮੇਸ਼ਰ ਉਸ ਲਈ ਕੌਣ ਹਨ – ਉਹ ਇਸ ਤਰ੍ਹਾਂ ਘੋਸ਼ਣਾ ਕਰਦਾ ਹੈ ਕਿ ਯਹੋਵਾਹ ਮੇਰਾ ਚਾਨਣ, ਮੇਰਾ ਬਚਾਓ ਅਤੇ ਮੇਰੇ ਜੀਵਨ ਦਾ ਗੜ੍ਹ ਹੈ! ਅਤੇ ਕਿਉਂਕਿ ਪਰਮੇਸ਼ਰ ਉਸ ਲਈ ਕੌਣ ਹਨ, ਇਸ ਕਰਕੇ, ਦਾਊਦ ਦਲੇਰ ਬਿਆਨ ਦੇ ਸਕਦਾ ਸੀ, *"ਮੈਂ ਕਿਸ ਤੋਂ ਡਰਾਂ?" "ਮੈਂ ਕਿਸ ਦਾ ਭੈਅ ਖਾਵਾਂ?" "ਮੇਰਾ ਦਿਲ ਨਾ ਡਰੇਗਾ" "ਮੈਂ ਆਸਵੰਤ ਰਹਾਂਗਾ।"* ਪਰਮੇਸ਼ਰ ਉਸ ਦੀ ਵੱਲ ਹੋਣ ਕਰਕੇ ਉਹ ਆਪਣੇ ਵੈਰੀਆਂ ਦੀ ਹਾਰ ਦਾ ਐਲਾਨ ਅਤੇ ਘੋਸ਼ਣਾ ਕਰਦਾ ਹੈ।

ਕੀ ਇਹ ਠੀਕ ਰਹੇਗਾ ਜੇਕਰ ਦਾਊਦ ਦੀ ਉਦਹਾਰਨ ਦੀ ਪਾਲਣਾ ਕੀਤੀ ਜਾਵੇ? ਹਾਂਜੀ ਬਿਲਕੁਲ। ਹਰੇਕ ਹਾਲਾਤ ਵਿੱਚ, ਸਾਨੂੰ ਦਲੇਰੀ ਨਾਲ ਖੜ੍ਹੇ ਰਹਿਣਾਂ ਚਾਹੀਦਾ ਹੈ ਕਿ ਪਰਮੇਸ਼ਰ ਸਾਡੇ ਲਈ ਕੌਣ ਹਨ। ਇਹ ਘੋਸ਼ਣਾ ਅਸੀਂ ਵੀ ਕਰ ਸਕਦੇ ਹਾਂ, *"ਯਹੋਵਾਹ ਮੇਰਾ ਚਾਨਣ ਅਤੇ ਮੇਰਾ ਬਚਾਓ ਹੈ, ਮੈਂ ਕਿਸ ਤੋਂ ਡਰਾਂ? ਯਹੋਵਾਹ ਮੇਰੇ ਜੀਵਨ ਦਾ ਗੜ੍ਹ ਹੈ, ਮੈਂ ਕਿਸ ਦਾ ਭੈਅ ਖਾਵਾਂ?"* ਮੁਸੀਬਤ ਦੇ ਦੌਰਾਨ, ਅਸੀਂ ਇਹ ਘੋਸ਼ਣਾ ਕਰ ਸਕਦੇ ਹਾਂ ਕਿ ਪਰਮੇਸ਼ਰ ਸਾਡੇ ਛਡਾਉਣ ਵਾਲੇ ਹਨ। ਬਿਮਾਰੀ ਦੇ ਦੌਰਾਨ, ਅਸੀਂ ਇਹ ਘੋਸ਼ਣਾ ਕਰ ਸਕਦੇ ਹਾਂ ਕਿ ਸਾਡੇ ਪਰਮੇਸ਼ਰ ਚੰਗਾ ਕਰਨ ਵਾਲੇ ਹਨ। ਲੋੜਾਂ ਦੇ ਦੌਰਾਨ, ਅਸੀਂ ਇਹ ਘੋਸ਼ਣਾ ਕਰ

ਸਕਦੇ ਹਾਂ ਕਿ ਪਰਮੇਸ਼ਰ ਸਾਡਾ ਪ੍ਰਬੰਧ ਕਰਨ ਵਾਲੇ ਹਨ। ਨਾਉਮੀਦ ਹਾਲਾਤਾਂ ਦੇ ਦੌਰਾਨ, ਅਸੀਂ ਘੋਸ਼ਣਾ ਕਰ ਸਕਦੇ ਹਾਂ ਕਿ ਪਰਮੇਸ਼ਰ ਸਾਡੇ ਵਿਰਲਾਪ ਨੂੰ ਨੱਚਣ ਵਿੱਚ ਬਦਲ ਦਿੰਦੇ ਹਨ। ਅਸੀਂ ਘੋਸ਼ਣਾ ਕਰ ਸਕਦੇ ਹਾਂ ਕਿ ਭਾਂਵੇ ਰਾਤ ਨੂੰ ਰੋਣਾ ਪਵੇ, ਸਵੇਰ ਨੂੰ ਜੈ-ਜੈਕਾਰ ਹੋਵੇਗੀ।

ਅਸੀਂ ਉਹਨਾਂ ਸਮੱਸਿਆਵਾਂ ਤੋਂ ਇਨਕਾਰ ਨਹੀਂ ਕਰ ਰਹੇ ਹਾਂ, ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ। ਅਸੀਂ ਇਸ ਦਾ ਇਨਕਾਰ ਨਹੀਂ ਕਰ ਰਹੇ ਹਾਂ, ਕਿ ਵੈਰੀ ਅਤੇ ਵਿਰੋਧੀ ਨਹੀਂ ਹੋਣਗੇ। ਪਰ ਅਸੀਂ ਇਹ ਘੋਸ਼ਣਾ ਕਰ ਰਹੇ ਹਾਂ ਕਿ ਪਰਮੇਸ਼ਰ ਕੌਣ ਹਨ, ਸਾਡੇ ਕੋਲ ਉਹਨਾਂ ਵਿੱਚ ਕੀ ਹੈ ਅਤੇ ਅਸੀਂ ਜੋ ਵੀ ਸਾਹਮਣਾ ਕਰ ਰਹੇ ਹਾਂ ਉਸ ਦੇ ਬਾਵਜੂਦ ਜੋ ਸਾਡੇ ਕੋਲ ਉਸ ਦੇ ਕਾਰਨ ਹੈ, ਉਹ ਭਰੋਸਾ ਹੈ। ਹਰੇਕ ਹਾਲਾਤ ਵਿੱਚ, ਇਹ ਘੋਸ਼ਣਾ ਕਰੋ ਕਿ ਪਰਮੇਸ਼ਰ ਤੁਹਾਡੇ ਲਈ ਕੌਣ ਹਨ। ਹਰੇਕ ਹਾਲਾਤ ਵਿੱਚ, ਉਹਨਾਂ ਵਿੱਚ ਤੁਹਾਡੇ ਕੋਲ ਕੀ ਹੈ, ਇਸ ਦੀ ਘੋਸ਼ਣਾ ਕਰੋ। ਹਰੇਕ ਹਾਲਾਤ ਵਿੱਚ, ਉਹਨਾਂ ਦੇ ਕਾਰਨ ਆਪਣੀ ਦਲੇਰੀ, ਆਤਮ ਵਿਸ਼ਵਾਸ, ਖੁਸ਼ੀ, ਸਫ਼ਲਤਾ ਅਤੇ ਜਿੱਤ ਦੀ ਘੋਸ਼ਣਾ ਕਰੋ। ਦਾਊਦ ਨੇ ਅਜਿਹਾ ਕੀਤਾ ਸੀ। ਤੁਸੀਂ ਵੀ ਕਰ ਸਕਦੇ ਹੋ!

# 12
# ਕੁਦਰਤੀ ਸੰਸਾਰ ਯਹੋਵਾਹ ਦੀ ਅਵਾਜ਼ ਨੂੰ ਜਵਾਬ ਦਿੰਦਾ ਹੈ

**ਜ਼ਬੂਰ 29:3-9**
**3 ਯਹੋਵਾਹ ਦੀ ਅਵਾਜ਼ ਪਾਣੀਆਂ ਉੱਤੇ ਹੈ, ਜਲਾਲ ਦਾ ਪਰਮੇਸ਼ਰ ਗਰਜਦਾ ਹੈ, ਯਹੋਵਾਹ ਵੱਡੇ ਪਾਣੀਆਂ ਉੱਤੇ ਗਰਜਦਾ ਹੈ।**
**4 ਯਹੋਵਾਹ ਦੀ ਅਵਾਜ਼ ਜ਼ੋਰ ਵਾਲੀ ਹੈ, ਯਹੋਵਾਹ ਦੀ ਅਵਾਜ਼ ਸ਼ਾਨਦਾਰ ਹੈ।**
**5 ਯਹੋਵਾਹ ਦੀ ਅਵਾਜ਼ ਦਿਆਰਾਂ ਨੂੰ ਤੋੜਦੀ ਹੈ, ਸਗੋਂ ਯਹੋਵਾਹ ਲਬਾਨੋਨ ਦੇ ਦਿਆਰਾਂ ਨੂੰ ਤੋੜ ਸੁੱਟਦਾ ਹੈ!**
**6 ਉਹ ਉਹਨਾਂ ਨੂੰ ਵੱਛੇ ਵਾਂਗੂੰ, ਲਬਾਨੋਨ ਅਤੇ ਸਿਰਯੋਨ ਨੂੰ ਜੰਗਲੀ ਵੱਛੇ ਵਾਂਗੂੰ ਕੁਦਾਉਂਦਾ ਹੈ।**
**7 ਯਹੋਵਾਹ ਦੀ ਅਵਾਜ਼ ਅੱਗ ਦੀਆਂ ਲਾਟਾਂ ਨੂੰ ਪਾੜਦੀ ਹੈ,**
**8 ਯਹੋਵਾਹ ਦੀ ਅਵਾਜ਼ ਉਜਾੜ ਹਿਲਾਉਂਦੀ ਹੈ, ਯਹੋਵਾਹ ਕਾਦੇਸ਼ ਦੀ ਉਜਾੜ ਨੂੰ ਹਿਲਾਉਂਦਾ ਹੈ!**
**9 ਯਹੋਵਾਹ ਦੀ ਅਵਾਜ਼ ਨਾਲ ਹਰਨੀਆਂ ਨੂੰ ਪੀੜਾਂ ਲਾ ਦਿੰਦੀ ਹੈ, ਅਤੇ ਜੰਗਲਾਂ ਨੂੰ ਝਾੜ ਸੁੱਟਦੀ ਹੈ, ਅਤੇ ਉਸ ਦੀ ਹੈਕਲ ਵਿੱਚ ਹਰ ਇੱਕ ਆਖਦਾ ਹੈ "ਮਹਿਮਾ!"**

ਪਰਮੇਸ਼ਰ ਦੀ ਮਹਾਨਤਾ ਦੀ ਘੋਸ਼ਣਾ ਕਰਦਿਆਂ ਹੋਇਆ, ਇਸ ਜ਼ਬੂਰ ਵਿੱਚ, ਦਾਊਦ ਯਹੋਵਾਹ ਦੀ ਅਵਾਜ਼ ਦੀ ਮਹਾਨਤਾ ਅਤੇ ਸਮਰੱਥਾ ਦੀ ਘੋਸ਼ਣਾ ਕਰਨ ਲਈ ਅੱਗੇ ਵਧਦਾ ਹੈ। ਯਹੋਵਾਹ ਦੀ ਅਵਾਜ਼ ਯਹੋਵਾਹ ਦੇ ਵਚਨ ਰਾਹੀਂ ਪ੍ਰਕਾਸ਼ਤ ਹੁੰਦੀ ਹੈ। ਪਰਮੇਸ਼ਰ ਆਪਣੀ ਅਵਾਜ਼ ਨੂੰ ਉਹਨਾਂ ਵਚਨਾਂ ਰਾਹੀਂ ਪ੍ਰਕਾਸ਼ਤ ਕਰਦੇ ਹਨ ਜਿਹੜੇ ਉਹ ਬੋਲਦੇ ਹਨ। ਇਹ ਹਵਾਲਾ ਸਾਨੂੰ ਇੱਕ ਵਾਰ ਫਿਰ ਤੋਂ ਪ੍ਰਗਟ ਕਰਦਾ ਹੈ ਕਿ ਇਸ ਕੁਦਰਤੀ ਸੰਸਾਰ ਵਿੱਚ ਸਾਰਾ ਕੁਝ ਯਹੋਵਾਹ ਦੀ ਅਵਾਜ਼, ਅਰਥਾਤ, ਯਹੋਵਾਹ ਦੇ ਸ਼ਬਦ ਦਾ ਜਵਾਬ ਦਿੰਦਾ ਹੈ। ਪਰਮੇਸ਼ਰ ਦਾ ਵਚਨ (ਅਵਾਜ਼) ਪਾਣੀਆਂ ਦੇ ਉੱਤੇ ਮੰਡਲਾਉਂਦਾ ਹੈ, ਭਾਵ, ਪਰਮੇਸ਼ਰ ਪਾਣੀਆਂ ਦੇ ਉੱਤੇ ਮੰਡਲਾਉਂਦੇ ਹਨ। ਯਹੋਵਾਹ ਦਾ ਵਚਨ (ਅਵਾਜ਼) ਉਹਨਾਂ ਦੀ ਸਮਰੱਥਾ ਅਤੇ ਰਾਜ ਪ੍ਰਤਾਪ ਦਾ ਪ੍ਰਗਟਾਵਾ ਹੈ। ਸਾਰੀ ਸ੍ਰਿਸ਼ਟੀ, ਸੰਜੀਵ ਅਤੇ ਨਿਰਜੀਵ, ਯਹੋਵਾਹ ਦੇ ਸ਼ਬਦ (ਅਵਾਜ਼) ਦਾ ਜਵਾਬ ਦਿੰਦੀ ਹੈ।

ਪਵਿੱਤਰ-ਗ੍ਰੰਥ ਵਿੱਚ ਇਸ ਤਰ੍ਹਾਂ ਦਾ ਵੀ ਸਮਾਂ ਹੈ, ਜਦੋਂ ਪਵਿੱਤਰ ਆਤਮਾ

ਲੋਕਾਂ ਉੱਤੇ ਉੱਤਰਿਆ ਤਾਂ ਯਹੋਵਾਹ ਦੀ ਅਵਾਜ਼ ਮਨੁੱਖਾਂ ਰਾਹੀਂ ਪ੍ਰਦਾਨ ਕੀਤੀ ਗਈ। ਯਹੋਵਾਹ ਦਾ ਵਚਨ (ਅਵਾਜ਼) ਉਹਨਾਂ ਰਾਹੀਂ ਆਇਆ ਜਦੋਂ ਉਹ ਪਵਿੱਤਰ ਆਤਮਾ ਦੀ ਪ੍ਰੇਰਨਾ ਰਾਹੀਂ ਬੋਲੇ। ਉਹਨਾਂ ਬਾਰੇ ਆਖਿਆ ਜਾਂਦਾ ਸੀ ਕਿ ਯਹੋਵਾਹ ਦਾ ਵਚਨ (ਅਵਾਜ਼) ਉਹਨਾਂ ਦੇ ਨਾਲ ਸੀ। ਜਦੋਂ ਪਵਿੱਤਰ ਆਤਮਾ ਦੇ ਮਸਹ ਅਧੀਨ ਮਨੁੱਖਾਂ ਦੀ ਅਵਾਜ਼ (ਵਚਨ) ਰਾਹੀਂ ਯਹੋਵਾਹ ਦੀ ਅਵਾਜ਼ (ਵਚਨ) ਪ੍ਰਦਾਨ ਕੀਤੀ ਗਈ, ਤਾਂ ਹੈਰਾਨ ਕਰਨ ਵਾਲੀਆਂ ਘਟਨਾਵਾਂ ਵਾਪਰੀਆਂ। ਇੱਕ ਚੱਟਾਨ ਤੋਂ ਪਾਣੀ ਵਗਿਆ, ਸਮੁੰਦਰਾਂ ਅਤੇ ਨਦੀਆਂ ਦੇ ਪਾਣੀ ਵੱਖ ਹੋ ਕੇ ਕੰਧਾਂ ਬਣ ਗਏ, ਸੂਰਜ ਠਹਿਰ ਗਿਆ, ਸੂਰਜ ਦਾ ਪਰਛਾਵਾਂ ਦਸ ਦਰਜੇ ਪਿੱਛੇ ਮੁੜਿਆ, ਤੇਲ ਅਤੇ ਆਟਾ ਵੱਧ ਕੇ ਕਈ ਗੁਣਾ ਹੋ ਗਿਆ, ਕੁਹਾੜੀ ਦਾ ਲੋਹੇ ਦਾ ਫਾਲ ਪਾਣੀ ਉੱਤੇ ਤੈਰਿਆ ਅਤੇ ਹੋਰ ਵੀ ਬਹੁਤ ਕੁਝ ਹੋਇਆ।

ਵਿਸ਼ਵਾਸੀ ਹੁੰਦੇ ਹੋਏ, ਸਾਡੇ ਕੋਲ ਵਿਸ਼ਵਾਸ ਰਾਹੀਂ ਯਹੋਵਾਹ ਦੇ ਵਚਨ ਨੂੰ ਬੋਲਣ ਦਾ ਵਿਸ਼ੇਸ਼ ਅਧਿਕਾਰ ਹੈ। ਅਸੀਂ ਉਹਨਾਂ ਵਚਨਾਂ ਨੂੰ ਲੈਂਦੇ ਹਾਂ ਜਿਹੜੇ ਪਰਮੇਸ਼ਰ ਨੇ ਪਹਿਲਾਂ ਹੀ ਬੋਲੇ ਹਨ, ਉਸ ਵਚਨ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਅੱਜ ਇਸ ਨੂੰ ਬੋਲਦੇ ਹਾਂ। ਅਜਿਹੇ ਸਮੇਂ ਵੀ ਹਨ ਜਦੋਂ ਪਵਿੱਤਰ ਆਤਮਾ ਸਾਡੇ ਉੱਤੇ ਉੱਤਰਦਾ ਹੈ, ਜਿਸ ਤਰ੍ਹਾਂ ਉਹ ਪਿੱਛਲੇ ਸਮਿਆਂ ਵਿੱਚ ਉੱਤਰਦਾ ਸੀ ਤਾਂ ਜੋ ਅਸੀਂ ਉਹ ਵਚਨ ਨੂੰ ਬੋਲ ਸਕੀਏ ਜਿਸ ਦੀ ਉਹ ਸਾਨੂੰ ਬੋਲਣ ਲਈ ਪ੍ਰੇਰਨਾ ਦਿੰਦਾ ਹੈ। ਜਿਸ ਤਰ੍ਹਾਂ ਹੀ ਅਸੀਂ ਉਹ ਵਚਨ ਬੋਲਦੇ ਹਾਂ, ਸਾਡੀ ਅਵਾਜ਼ (ਵਚਨ) ਰਾਹੀਂ ਯਹੋਵਾਹ ਦੀ ਅਵਾਜ਼ (ਵਚਨ) ਪ੍ਰਦਾਨ ਕੀਤੀ ਜਾਂਦੀ ਹੈ। ਕੁਦਰਤੀ ਸੰਸਾਰ ਯਹੋਵਾਹ ਦੀ ਅਵਾਜ਼ ਦਾ ਜਵਾਬ ਦਿੰਦਾ ਹੈ। ਦੋਵੇਂ ਚੀਜ਼ਾਂ ਨੂੰ ਕਰਨਾ ਸਿੱਖੋ। ਆਪਣੇ ਦਿਲ ਵਿੱਚ ਵਿਸ਼ਵਾਸ ਨਾਲ ਪਰਮੇਸ਼ਰ ਦਾ ਵਚਨ ਬੋਲੋ। ਜਿਸ ਤਰ੍ਹਾਂ ਤੁਹਾਨੂੰ ਪਵਿੱਤਰ ਆਤਮਾ ਪ੍ਰੇਰਨਾ ਦਿੰਦਾ ਹੈ, ਤੁਸੀਂ ਉਸ ਤਰ੍ਹਾਂ ਯਹੋਵਾਹ ਦੀ ਅਵਾਜ਼ ਨੂੰ ਬੋਲੋ।

# 13
# ਕੁਦਰਤੀ ਸੰਸਾਰ ਨੂੰ ਪਰਮੇਸ਼ਰ ਦੇ ਸ਼ਬਦ ਰਾਹੀਂ ਆਕਾਰ ਦਿੱਤਾ ਅਤੇ ਰਚਿਆ ਗਿਆ ਸੀ

**ਜ਼ਬੂਰ 33:6,9**
**6 ਯਹੋਵਾਹ ਦੇ ਸ਼ਬਦ ਨਾਲ ਅਕਾਸ਼ ਬਣਾਏ ਗਏ, ਅਤੇ ਉਹਨਾਂ ਦੀ ਸਾਰੀ ਵੱਸੋਂ ਉਹ ਦੇ ਮੂੰਹ ਦੇ ਸਵਾਸ ਨਾਲ**
**9 ਕਿਉਂ ਜੋ ਉਸ ਨੇ ਆਖਿਆ ਅਤੇ ਉਹ ਹੋ ਗਿਆ, ਉਸ ਨੇ ਹੁਕਮ ਦਿੱਤਾ ਤਾਂ ਉਹ ਬਣ ਗਿਆ।**

ਪਵਿੱਤਰ-ਗ੍ਰੰਥ ਵਿੱਚ ਸਾਨੂੰ ਪ੍ਰਸਤੁਤ ਕੀਤੀਆਂ ਗਈਆਂ ਸਾਰੀਆਂ ਸਚਿਆਈ ਵਿੱਚੋਂ ਇੱਕ ਸਚਿਆਈ ਇਹ ਹੈ, ਕਿ ਪਰਮੇਸ਼ਰ ਨੇ ਸਾਰੀ ਸ੍ਰਿਸ਼ਟੀ ਨੂੰ ਸ਼ਬਦ ਰਾਹੀਂ ਰਚਿਆ। ਉਹਨਾਂ ਨੇ ਬੋਲਿਆ। ਉਹਨਾਂ ਨੇ ਹੁਕਮ ਕੀਤਾ। ਉਹਨਾਂ ਨੇ ਆਪਣੇ ਮੂੰਹ ਦਾ ਸਵਾਸ ਕੱਢਿਆ। ਉਹਨਾਂ ਨੇ ਸ਼ਬਦਾਂ ਨੂੰ ਬੋਲਿਆ। ਉਹਨਾਂ ਨੇ ਆਪਣੇ ਬੋਲਾਂ ਦੇ ਸ਼ਬਦ ਤੋਂ ਕੁਦਰਤੀ ਦ੍ਰਿਸ਼ਮਾਨ ਖੇਤਰ ਨੂੰ ਹੋਂਦ ਵਿੱਚ ਲਿਆਂਦਾ।

ਕੁਦਰਤੀ, ਦ੍ਰਿਸ਼ਮਾਨ ਅਤੇ ਭੌਤਿਕ ਖੇਤਰ ਵਿੱਚ ਹਰੇਕ ਵਸਤੂ ਪਰਮੇਸ਼ਰ ਦੇ ਸ਼ਬਦ ਦੇ ਵੱਸ ਵਿੱਚ ਹੈ।

ਪਰਮੇਸ਼ਰ ਦਾ ਸ਼ਬਦ ਹੁਣ ਵੀ ਰਚਨਾ ਕਰਦਾ ਹੈ। ਸਾਡੇ "ਸੰਸਾਰ" (ਸਾਡੇ ਜੀਵਨ, ਸਾਡੇ ਰੋਜ਼ਾਨਾ ਜੀਵਨ ਦੇ ਖੇਤਰ) ਵਿੱਚ ਜਿਹੜੀ ਵਸਤੂ ਹੋਂਦ ਵਿੱਚ ਨਹੀਂ ਹੈ, ਪਰਮੇਸ਼ਰ ਦਾ ਸ਼ਬਦ ਉਸ ਨੂੰ ਵੀ ਹੋਂਦ ਵਿੱਚ ਲਿਆ ਸਕਦਾ ਹੈ। ਜੇਕਰ ਅਸੀਂ ਸਿੱਖਾਂਗੇ ਕਿ ਪਰਮੇਸ਼ਰ ਦੇ ਸ਼ਬਦ ਦੀ ਸਮਰੱਥਾ ਨੂੰ ਆਪਣੇ ਸੰਸਾਰ ਵਿੱਚ ਕਿਸ ਤਰ੍ਹਾਂ ਪ੍ਰਦਾਨ ਕਰਨਾ ਹੈ, ਤਾਂ ਅਸੀਂ ਉਹ ਲੈ ਸਕਦੇ ਹਾਂ ਜਿਸ ਦਾ ਪਰਮੇਸ਼ਰ ਨੇ ਸਾਡੇ ਨਾਲ ਵਾਅਦਾ ਕੀਤਾ ਹੋਇਆ ਹੈ।

ਪਰਮੇਸ਼ਰ ਦਾ ਸ਼ਬਦ ਬਦਲਦਾ ਅਤੇ ਤਬਦੀਲ ਕਰਦਾ ਹੈ। ਪਰਮੇਸ਼ਰ ਦਾ ਸ਼ਬਦ ਸਾਡੇ ਸੰਸਾਰ (ਸਾਡੇ ਜੀਵਨ, ਸਾਡੇ ਜੀਵਨ ਦੇ ਰੋਜ਼ਾਨਾ ਖੇਤਰ) ਵਿੱਚ ਵਸਤੂਆਂ ਨੂੰ ਬਦਲ ਅਤੇ ਤਬਦੀਲ ਕਰ ਸਕਦਾ ਹੈ ਅਤੇ ਉਹਨਾਂ ਨੂੰ ਇਕਸਾਰਤਾ ਵਿੱਚ ਲਿਆਉਂਦਾ ਹੈ ਜਿਸ ਦਾ ਪਰਮੇਸ਼ਰ ਨੇ ਸਾਡੇ ਲਈ ਵਾਅਦਾ

ਕੀਤਾ ਹੈ। ਪਰ ਸਾਨੂੰ ਆਪਣੇ ਸੰਸਾਰ ਵਿੱਚ ਪਰਮੇਸ਼ਰ ਦੇ ਸ਼ਬਦ ਦੀ ਸਮਰੱਥਾ ਨੂੰ ਪ੍ਰਦਾਨ ਕਰਨਾ ਸਿੱਖਣਾ ਲਾਜ਼ਮੀ ਹੈ।

ਇੱਕ ਕੁੰਜੀ ਜਿਹੜੀ ਪਰਮੇਸ਼ਰ ਨੇ ਪੂਰੇ ਪਵਿੱਤਰ-ਗ੍ਰੰਥ ਵਿੱਚ ਸਾਡੇ ਲਈ ਰੱਖੀ ਹੋਈ ਹੈ ਜਿਹੜੀ ਪਰਮੇਸ਼ਰ ਦੇ ਸ਼ਬਦ ਦੀ ਸਮਰੱਥਾ ਨੂੰ ਸਾਡੇ ਸੰਸਾਰ ਵਿੱਚ ਪ੍ਰਦਾਨ ਕਰਨ ਦਾ ਕਾਰਨ ਬਣਦੀ ਹੈ ਉਹ ਪਰਮੇਸ਼ਰ ਦੇ ਸ਼ਬਦ ਨੂੰ ਵਿਸ਼ਵਾਸ ਰਾਹੀਂ ਬੋਲਣਾ ਹੈ। ਜਦੋਂ ਅਸੀਂ ਪਰਮੇਸ਼ਰ ਦੇ ਵਚਨ ਉੱਤੇ ਵਿਸ਼ਵਾਸ ਕਰਦੇ ਅਤੇ ਸਾਡੇ ਸੰਸਾਰ – ਸਾਡੇ ਹਾਲਾਤ, ਸਾਡੀਆਂ ਸਥਿਤੀਆਂ, ਸਾਡੇ ਮਨਾਂ, ਸਰੀਰਾਂ, ਆਮਦਨੀ, ਪਰਿਵਾਰ, ਕੰਮ ਕਰਨ ਦੀ ਥਾਂ, ਆਦਿ ਵਿੱਚ ਪਰਮੇਸ਼ਰ ਦੇ ਵਚਨ ਨੂੰ ਬੋਲਦੇ ਹਾਂ – ਤਾਂ ਪਰਮੇਸ਼ਰ ਦੇ ਵਚਨ ਦੀ ਸਮਰੱਥਾ ਸਾਡੇ ਸੰਸਾਰ ਵਿੱਚ ਜਾਰੀ ਹੁੰਦੀ ਹੈ। ਸਾਡੇ ਸੰਸਾਰ ਵਿੱਚ ਹਰੇਕ ਵਸਤੂ ਉਹਨਾਂ ਦੇ ਵਚਨ ਦੇ ਵੱਸ ਵਿੱਚ ਹੈ ਅਤੇ ਉਹਨਾਂ ਦੇ ਵਚਨ ਦੇ ਅਨੁਰੂਪ ਲਿਆਂਦੀ ਜਾਵੇਗੀ। ਤੁਹਾਡਾ ਸੰਸਾਰ ਪਰਮੇਸ਼ਰ ਵਚਨ ਰਾਹੀਂ ਆਕਾਰ ਅਤੇ ਬਣਤਰ ਧਾਰਨ ਕਰੇ।

# 14
# ਤੁਹਾਡੀ ਜੀਭ ਤੁਹਾਡੇ ਲਈ ਭਲੇ ਦਿਨ ਅਤੇ ਲੰਮੀ ਉਮਰ ਲਿਆ ਸਕਦੀ ਹੈ

**ਜ਼ਬੂਰ 34:12-14**
**[12] ਉਹ ਕਿਹੜਾ ਮਨੁੱਖ ਹੈ ਜਿਹੜਾ ਜੀਵਨ ਨੂੰ ਲੋਚਦਾ ਹੈ, ਅਤੇ ਲੰਮੀ ਉਮਰ ਚਾਹੁੰਦਾ ਹੈ ਤਾਂ ਕਿ ਭਲਿਆਈ ਵੇਖੇ?**
**[13] ਆਪਣੀ ਜੀਭ ਨੂੰ ਬੁਰਿਆਈ ਕਰਨ ਤੋਂ, ਅਤੇ ਆਪਣੇ ਬੁੱਲ੍ਹਾਂ ਨੂੰ ਬੁਰੀਆਂ ਗੱਲਾਂ ਬੋਲਣ ਤੋਂ ਰੋਕ ਰੱਖ।**
**[14] ਬਦੀ ਤੋਂ ਹੱਟ ਜਾ ਅਤੇ ਨੇਕੀ ਕਰ, ਮੇਲ-ਮਿਲਾਪ ਨੂੰ ਲੱਭ ਅਤੇ ਉਸ ਦਾ ਪਿੱਛਾ ਕਰ।**

ਇੱਥੇ ਸਾਨੂੰ ਪਵਿੱਤਰ-ਗ੍ਰੰਥ ਸਿਖਾਉਂਦਾ ਹੈ ਕਿ ਸਾਡੇ ਸ਼ਬਦ ਸਾਡੇ ਜੀਵਨ ਦੀ ਲੰਬਾਈ ਅਤੇ ਵਿਸ਼ੇਸ਼ਤਾ ਨੂੰ ਪ੍ਰਭਾਵਿਤ ਕਰਦੇ ਹਨ। ਭਲੀ ਅਤੇ ਲੰਮੀ ਉਮਰ ਦਾ ਆਨੰਦ ਲੈਣ ਲਈ, ਦਾਊਦ ਨੇ ਇਸ ਹਵਾਲੇ ਵਿੱਚ ਸਭ ਤੋਂ ਪਹਿਲਾਂ ਜਿਹੜੀ ਜ਼ਰੂਰੀ ਹਦਾਇਤ ਵੱਲ ਇਸ਼ਾਰਾ ਕੀਤਾ ਹੈ, ਉਹ ਹੈ ਆਪਣੇ ਆਪ ਨੂੰ ਬੁਰਿਆਈ, ਭ੍ਰਿਸ਼ਟ, ਅਪਵਿੱਤਰ ਅਤੇ ਕਠੋਰ ਗੱਲਾਂ ਬੋਲਣ ਤੋਂ ਰੋਕਣਾ। ਝੂਠ ਅਤੇ ਫ਼ਰੇਬ ਬੋਲਣ ਤੋਂ ਬਚੋ। ਜੀਭ ਨੂੰ ਲਗਾਮ ਪਾਉ। ਠੀਕ ਸ਼ਬਦਾਂ ਨੂੰ ਬੋਲੋ। ਸਚਿਆਈ ਦੇ ਸ਼ਬਦਾਂ ਨੂੰ ਬੋਲੋ। ਜੀਵਨ ਦੇ ਸ਼ਬਦਾਂ ਨੂੰ ਬੋਲੋ। ਇਹ ਪਹਿਲੀ ਹਦਾਇਤ ਹੈ। ਅਤੇ ਬੁਰਿਆਈ ਕਰਨ ਤੋਂ ਦੂਰ ਰਹੋ। ਇਸ ਦੇ ਬਦਲੇ, ਨੇਕੀ ਕਰੋ ਅਤੇ ਮੇਲ-ਮਿਲਾਪ ਦਾ ਪਿੱਛਾ ਕਰੋ।

ਸਾਡੇ ਸ਼ਬਦ ਸਾਡੇ ਸੰਸਾਰ ਨੂੰ ਪ੍ਰਭਾਵਿਤ ਕਰਦੇ ਹਨ। ਸਾਡੇ ਸ਼ਬਦ ਭਲੇ ਜੀਵਨ ਅਤੇ ਅਸੀਸ ਦਾ ਕਾਰਨ ਬਣ ਸਕਦੇ ਹਨ ਜਾਂ ਉਹ ਬੁਰਿਆਈ, ਮੌਤ ਅਤੇ ਸਰਾਪ ਦਾ ਕਾਰਨ ਬਣ ਸਕਦੇ ਹਨ। ਸਾਡੇ ਸ਼ਬਦ ਬਹੁਤ ਮਹੱਤਵਹੀਣ ਲੱਗ ਸਕਦੇ ਹਨ, ਪਰ ਫਿਰ ਵੀ, ਬਹੁਤ ਸਾਰੇ ਤਰੀਕਿਆਂ ਨਾਲ, ਉਹ ਸਾਡੇ ਜੀਵਨ ਦੇ ਅਨੁਭਵ ਦਾ ਨਿਰਮਾਣ ਕਰਨ ਵਾਲੀਆਂ ਇੱਟਾਂ ਹਨ। ਉਹ ਉਹਨਾਂ ਬੀਜਾਂ ਵਰਗੇ ਹਨ ਜਿਹੜੇ ਅਸੀਂ ਬੀਜਦੇ ਹਾਂ ਕਿ ਇੱਕ ਦਿਨ ਉਹਨਾਂ ਦੀ ਆਪਣੀ ਕਿਸਮ ਦੇ ਅਨੁਸਾਰ ਸਾਡੇ ਜੀਵਨ ਵਿੱਚ ਪੈਦਾ ਹੋਣਗੇ। ਪਰਮੇਸ਼ਰ ਨੇ ਸਾਡੇ ਸ਼ਬਦਾਂ ਨੂੰ ਸਾਡੇ ਜੀਵਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਣ ਲਈ ਤਿਆਰ

ਕੀਤਾ ਹੈ। ਆਪਣੇ ਸ਼ਬਦਾਂ ਨੂੰ ਮਾਮੂਲੀ ਜਿਹੇ ਨਾ ਸਮਝੋ। ਉਹਨਾਂ ਦਾ ਸਾਵਧਾਨੀ ਨਾਲ ਵਰਤਾਅ ਕਰੋ। ਆਪਣੇ ਸ਼ਬਦਾਂ ਦੀ ਚੋਣ ਸਾਵਧਾਨੀ ਨਾਲ ਕਰੋ ਕਿਉਂਕਿ ਤੁਹਾਡਾ ਜੀਵਨ ਇਨ੍ਹਾਂ ਸ਼ਬਦਾਂ ਨਾਲ ਹੀ ਬਣਤਰ ਵਿੱਚ ਆਵੇਗਾ।

ਸਾਡੇ ਸ਼ਬਦ ਕਿੰਨੇ ਸਮਰੱਥਾ ਨਾਲ ਭਰੇ ਹੋਣਗੇ ਜੇਕਰ ਅਸੀਂ ਪਰਮੇਸ਼ਰ ਦਾ ਵਚਨ ਬੋਲਿਆ! ਸਾਡੇ ਜੀਵਨ ਕਿੰਨੇ ਧੰਨ ਹੋਣਗੇ ਜੇਕਰ ਅਸੀਂ ਪਰਮੇਸ਼ਰ ਦੇ ਉਸ ਵਚਨ ਨੂੰ ਜਿਹੜਾ ਅਸੀਂ ਬੋਲਿਆ ਅਤੇ ਆਪਣੇ ਜੀਵਨਾਂ ਉੱਤੇ ਘੋਸ਼ਿਤ ਕੀਤਾ ਹੈ! ਪਰਮੇਸ਼ਰ ਦੇ ਵਚਨ ਤੋਂ ਜਨਮ ਲਏ ਸ਼ਬਦ ਸਾਡੇ ਜੀਵਨ ਦਾ ਨਿਰਮਾਣ ਕਰਨ ਵਾਲੀਆਂ ਇੱਟਾਂ ਬਣਨ ਜਿਨ੍ਹਾਂ ਤੋਂ ਸਾਡਾ ਜੀਵਨ ਬਣਦਾ ਹੈ। ਪਰਮੇਸ਼ਰ ਦੇ ਵਚਨ ਤੋਂ ਜਨਮ ਲਏ ਸ਼ਬਦ ਸਾਡੇ ਜੀਵਨਾਂ ਵਿੱਚ ਉਹ ਬੀਜ ਬਣਨ, ਜਿਨ੍ਹਾਂ ਤੋਂ ਆਉਣ ਵਾਲੇ ਦਿਨਾਂ ਵਿੱਚ ਸਾਡੇ ਲਈ ਫਲ ਪੈਦਾ ਹੁੰਦਾ ਹੈ। ਤੁਹਾਡੀ ਜੀਭ ਤੁਹਾਡੇ ਲਈ ਭਲੇ ਦਿਨ ਅਤੇ ਲੰਮੀ ਉਮਰ ਲਿਆਵੇ। ਪਰਮੇਸ਼ਰ ਦੇ ਵਚਨਾਂ ਨੂੰ ਬੋਲੋ।

# 15
# ਉਹ ਦੇ ਵਚਨ ਦੀ ਘੋਸ਼ਣਾ ਕਰਨੀ ਉਹ ਦੇ ਨੇਮ ਦਾ ਦਾਅਵਾ ਕਰਨਾ ਹੈ

**ਜ਼ਬੂਰ 50:14-17**
**14 ਪਰਮੇਸ਼ਰ ਨੂੰ ਧੰਨਵਾਦ ਹੀ ਦਾ ਬਲੀਦਾਨ ਚੜ੍ਹਾ, ਅਤੇ ਅੱਤ ਮਹਾਨ ਦੇ ਅੱਗੇ ਆਪਣੀਆਂ ਸੁੱਖਣਾਂ ਨੂੰ ਪੂਰੀਆਂ ਕਰ,**
**15 ਤਾਂ ਦੁੱਖਾਂ ਦੇ ਦਿਨ ਮੈਨੂੰ ਪੁਕਾਰ, ਮੈਂ ਤੈਨੂੰ ਛੁਡਾਵਾਂਗਾ ਅਤੇ ਤੂੰ ਮੇਰੀ ਵਡਿਆਈ ਕਰੇਂਗਾ।**
**16 ਪਰ ਦੁਸ਼ਟ ਨੂੰ ਪਰਮੇਸ਼ਰ ਇਉਂ ਆਖਦਾ ਹੈ, ਤੇਰਾ ਕੀ ਹੱਕ ਹੈ ਜੋ ਮੇਰੀਆਂ ਬਿਧੀਆਂ ਨੂੰ ਸੁਣਾਵੇਂ, ਅਤੇ ਤੂੰ ਕਿਉਂ ਆਪਣੇ ਮੂੰਹ ਵਿੱਚ ਮੇਰਾ ਨੇਮ ਲਿਆ ਹੋਇਆ ਹੈ?**
**17 ਜਦੋਂ ਤੈਨੂੰ ਤਾੜਨਾ ਬੁਰਾ ਲੱਗਦਾ ਹੈ, ਅਤੇ ਤੂੰ ਮੇਰੇ ਬਚਨਾਂ ਨੂੰ ਆਪਣੇ ਪਿੱਛੇ ਸੁੱਟਦਾ ਹੈਂ?**

ਪਰਮੇਸ਼ਰ ਦੇ ਵਚਨ ਨੂੰ ਆਪਣੇ ਮੂੰਹ ਨਾਲ ਬੋਲਣਾ ਉਹਨਾਂ ਦੇ ਨੇਮ ਨੂੰ ਆਪਣੇ ਮੂੰਹ ਵਿੱਚ ਲੈਣਾ ਹੈ, ਭਾਵ, ਉਹਨਾਂ ਦੇ ਨੇਮ ਜਾਂ ਵਾਅਦਿਆਂ ਦਾ ਸੱਦਾ ਦੇਣਾ ਅਤੇ ਦਾਅਵਾ ਕਰਨਾ। ਪਰਮੇਸ਼ਰ ਦੁਸ਼ਟਾਂ ਨੂੰ ਝਿੜਕਦੇ ਹਨ ਕਿਉਂਕਿ ਦੁਸ਼ਟ ਉਹਨਾਂ ਦੇ ਵਚਨ ਨੂੰ ਤੁੱਛ ਸਮਝਦੇ ਹਨ। ਉਹ ਪਰਮੇਸ਼ਰ ਦੇ ਵਚਨ ਦਾ ਆਦਰ ਨਹੀਂ ਕਰਦੇ। ਉਹ ਪਰਮੇਸ਼ਰ ਦੇ ਵਚਨ ਨੂੰ ਤੁੱਛ ਸਮਝ ਕੇ ਪਾਸੇ ਸੁੱਟ ਦਿੰਦੇ ਹਨ। ਇਸ ਕਰਕੇ, ਜਿਹੜੇ ਇਹ ਲੋਕ ਪਰਮੇਸ਼ਰ ਦੇ ਵਚਨ ਦਾ ਅਪਮਾਨ ਕਰਦੇ ਉਹਨਾਂ ਨੂੰ ਪਰਮੇਸ਼ਰ ਦੇ ਵਚਨ ਨੂੰ ਆਪਣੇ ਮੂੰਹ ਨਾਲ ਬੋਲਣ ਦਾ ਅਤੇ ਪਰਮੇਸ਼ਰ ਦੇ ਨੇਮ ਦੇ ਲਾਭਾਂ ਉੱਤੇ ਦਾਅਵਾ ਕਰਨ ਦੀ ਕੋਸ਼ਿਸ਼ ਕਰਨ ਦਾ ਕੋਈ ਹੱਕ ਨਹੀਂ ਹੈ।

ਪਰ ਅਸੀਂ ਜਿਹੜੇ ਪਰਮੇਸ਼ਰ ਦੇ ਵਚਨ ਦਾ ਵਿਸ਼ਵਾਸ ਅਤੇ ਆਦਰ ਕਰਦੇ ਹਾਂ, ਜਦੋਂ ਅਸੀਂ ਉਹਨਾਂ ਦੇ ਵਚਨ ਦੀ ਘੋਸ਼ਣਾ ਕਰਦੇ ਹਾਂ, ਤਾਂ ਪਰਮੇਸ਼ਰ ਇਹ ਨੂੰ ਇਸ ਤਰ੍ਹਾਂ ਵੇਖਦੇ ਹਨ ਜਿਸ ਤਰ੍ਹਾਂ ਅਸੀਂ ਸਾਡੇ ਨਾਲ ਉਹ ਨੇਮ ਦਾ ਦਾਅਵਾ ਕਰ ਰਹੇ ਹਾਂ ਜਿਹੜਾ ਸਾਡਾ ਉਹਨਾਂ ਨਾਲ ਹੈ। ਜਦੋਂ ਅਸੀਂ ਪਰਮੇਸ਼ਰ ਦੇ ਵਚਨ ਦੀ ਘੋਸ਼ਣਾ ਕਰਨ ਰਾਹੀਂ ਉਹਨਾਂ ਦੇ ਨੇਮ ਨੂੰ ਆਪਣੇ ਮੂੰਹ ਵਿੱਚ ਲੈਂਦੇ ਹਾਂ, ਤਾਂ ਅਸੀਂ ਸਾਡੇ ਨਾਲ ਪਰਮੇਸ਼ਰ ਦੇ ਨੇਮ ਦੇ ਲਾਭਾਂ ਦਾ ਦਾਅਵਾ ਕਰ ਰਹੇ ਹਾਂ।

ਪਰਮੇਸ਼ਰ ਯਹੋਵਾਹ ਹਨ, ਸਦੀਪਕ, ਸਵੈ-ਹੋਂਦ ਵਾਲੇ, ਨਾ ਬਦਲਨ ਵਾਲੇ ਪਰਮੇਸ਼ਰ ਜਿਹੜੇ ਨੇਮ ਨੂੰ ਕਾਇਮ ਰੱਖਦੇ ਹਨ ਅਤੇ ਵਾਅਦਿਆਂ ਨੂੰ ਪੂਰੇ ਕਰਦੇ ਹਨ। ਉਹ ਕਦੇ ਵੀ ਆਪਣੇ ਨੇਮ ਨੂੰ ਨਹੀਂ ਤੋੜਨਗੇ ਜਾਂ ਉਹਨਾਂ ਸ਼ਬਦਾਂ ਨੂੰ ਤਬਦੀਲ ਨਹੀਂ ਕਰਦੇ ਜਿਹੜੇ ਉਹਨਾਂ ਨੇ ਬੋਲੇ ਹਨ। ਅਸੀਂ ਉਹਨਾਂ ਦੇ ਪੁੱਤਰ ਪ੍ਰਭੂ ਯਿਸੂ ਮਸੀਹ ਰਾਹੀਂ ਸਰਬਸ਼ਕਤੀਮਾਨ ਪਰਮੇਸ਼ਰ ਨਾਲ ਲਹੂ ਦੇ ਨੇਮ ਵਿੱਚ ਹਾਂ। ਸਾਡੇ ਨਾਲ ਆਪਣੇ ਲਹੂ ਦੇ ਨੇਮ ਰਾਹੀਂ, ਉਹਨਾਂ ਨੇ ਸਾਰਾ ਆਪਣੇ ਆਪ ਨੂੰ, ਜੋ ਵੀ ਉਹ ਹਨ, ਸਾਡੇ ਲਈ ਉਪਲਬਧ ਕੀਤਾ ਹੈ। ਅਸੀਂ ਇਨ੍ਹਾਂ ਵਿੱਚੋਂ ਕੁਝ ਨੂੰ ਉਹਨਾਂ ਦੇ ਨੇਮ ਦੇ ਨਾਵਾਂ ਰਾਹੀਂ ਸਮਝਦੇ ਹਾਂ। ਤੁਹਾਡੀਆਂ ਨੇਮ ਦੀਆਂ ਅਸੀਸਾਂ ਨੂੰ ਜਾਣੋ। ਹਰ ਪ੍ਰਕਾਰ ਦੇ ਹਾਲਾਤ ਵਿੱਚ, ਉਹਨਾਂ ਦੇ ਵਚਨ ਦੀ ਘੋਸ਼ਣਾ ਕਰੋ। ਤੁਹਾਡੀਆਂ ਨੇਮ ਦੀਆਂ ਅਸੀਸਾਂ ਵਿੱਚ ਚੱਲੋ ਅਤੇ ਉਹਨਾਂ ਦਾ ਦਾਅਵਾ ਕਰੋ।

# 16
# ਮੈਂ ਯਹੋਵਾਹ ਦੇ ਵਿਖੇ ਆਖਾਂਗਾ

**ਜ਼ਬੂਰ 91:1,2**
**1ਜਿਹੜਾ ਅੱਤ ਮਹਾਨ ਦੀ ਓਟ ਵਿੱਚ ਵੱਸਦਾ ਹੈ, ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਟਿਕੇਗਾ।**
**2ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੇਰੀ ਪਨਾਹ ਅਤੇ ਮੇਰਾ ਗੜ੍ਹ ਹੈ, ਮੇਰਾ ਪਰਮੇਸ਼ਰ ਜਿਹ ਦੇ ਉੱਤੇ ਮੈਂ ਭਰੋਸਾ ਰੱਖਦਾ ਹਾਂ।**

ਤੁਸੀਂ ਯਹੋਵਾਹ ਦੇ ਵਿਖੇ ਕੀ ਆਖੋਗੇ? ਜ਼ਬੂਰਾਂ ਦੇ ਲਿਖਾਰੀ ਨੇ ਯਹੋਵਾਹ ਵਿਖੇ ਆਖਿਆ ਸੀ ਕਿ ਪਰਮੇਸ਼ਰ ਯਹੋਵਾਹ ਉਸ ਦੀ ਪਨਾਹ ਅਤੇ ਗੜ੍ਹ ਹਨ। ਉਹ ਆਪਣੀ ਰਾਖੀ ਲਈ ਯਹੋਵਾਹ ਉੱਤੇ ਆਪਣਾ ਭਰੋਸਾ, ਆਸਰਾ, ਆਤਮ ਵਿਸ਼ਵਾਸ ਅਤੇ ਨਿਰਭਰਤਾ ਰੱਖ ਰਿਹਾ ਸੀ।

ਤੁਸੀਂ ਯਹੋਵਾਹ ਦੇ ਵਿਖੇ ਕੀ ਆਖੋਗੇ?

- ਮੈਂ ਯਹੋਵਾਹ ਦੇ ਵਿਖੇ ਆਖਾਂਗਾ। ਉਹ ਮੇਰੇ ਮੁਕਤੀਦਾਤਾ ਹਨ। ਉਹਨਾਂ ਨੇ ਮੈਨੂੰ ਮੇਰੇ ਸਾਰੇ ਪਾਪਾਂ ਤੋਂ ਬਚਾਇਆ ਹੈ। ਉਹਨਾਂ ਨੇ ਮੇਰੇ ਜੀਵਨ ਉੱਤੋਂ ਪਾਪਾਂ ਦੀ ਸਮਰੱਥਾ ਨੂੰ ਤੋੜ ਦਿੱਤਾ ਹੈ। ਮੈਂ ਪਾਪ ਦੀ ਹਕੂਮਤ ਤੋਂ ਆਜ਼ਾਦ ਹਾਂ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ। ਉਹ ਮੇਰੇ ਸਵਰਗੀ ਪਿਤਾ ਹਨ। ਉਹ ਮੈਨੂੰ ਆਪਣਾ ਸਮਝ ਕੇ ਮੇਰੀ ਸੰਭਾਲ ਕਰਦੇ ਹਨ। ਉਹਨਾਂ ਦਾ ਪਿਆਰ ਨਾ ਹੀ ਕਦੇ ਘੱਟਦਾ ਹੈ ਅਤੇ ਨਾ ਹੀ ਕਦੇ ਅਸਫ਼ਲ ਹੁੰਦਾ ਹੈ। ਮੈਂ ਉਹਨਾਂ ਦਾ ਆਪਣਾ ਮੰਨ ਕੇ ਸਵੀਕਾਰ ਕੀਤਾ ਹੋਇਆ ਹਾਂ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੈਨੂੰ ਚੰਗਿਆ ਕਰਨ ਵਾਲੇ ਅਤੇ ਮੇਰੇ ਛੁਡਾਉਣ ਵਾਲੇ ਹਨ। ਉਹ ਮੈਨੂੰ ਮੇਰੇ ਸਾਰੇ ਰੋਗਾਂ ਤੋਂ ਨਰੋਇਆਂ ਕਰਦੇ ਹਨ। ਉਹ ਮੈਨੂੰ ਮੇਰੀਆਂ ਸਾਰੀਆਂ ਪੀੜਾਂ ਅਤੇ ਤੰਗੀਆਂ ਤੋਂ ਛੁਟਕਾਰਾ ਦਿੰਦੇ ਹਨ।

- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰਾ ਨਿਸਤਾਰਾ ਕਰਨ ਵਾਲੇ ਹਨ। ਉਹਨਾਂ ਨੇ ਮੈਨੂੰ ਅੰਧਕਾਰ ਦੀਆਂ ਸ਼ਕਤੀਆਂ ਤੋਂ ਛੁਟਕਾਰਾ ਦਿੱਤਾ ਹੈ ਅਤੇ ਮੈਨੂੰ ਆਪਣੇ ਰਾਜ ਵਿੱਚ ਦਾਖ਼ਲ ਕਰ ਲਿਆ ਹੈ। ਮੈਂ ਉਹਨਾਂ ਦੇ ਪੁੱਤਰ ਪ੍ਰਭੂ ਯਿਸੂ ਮਸੀਹ ਦੇ ਲਹੂ ਦੁਆਰਾ ਛੁਡਾਇਆ ਗਿਆ ਹਾਂ!
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੀ ਧਾਰਮਿਕਤਾ ਹਨ। ਮੈਂ ਉਹਨਾਂ ਦੀ ਧਾਰਮਿਕਤਾ ਨੂੰ ਪਹਿਨਿਆ ਹੋਇਆ ਹਾਂ, ਅਤੇ ਮੈਂ ਬਿਨਾਂ ਕਿਸੇ ਦੋਸ਼, ਸ਼ਰਮ, ਤੁੱਛਤਾ, ਜਾਂ ਸਜ਼ਾ ਦੀ ਭਾਵਨਾ ਤੋਂ ਉਹਨਾਂ ਦੇ ਅੱਗੇ ਖੜ੍ਹਾ ਹਾਂ। ਮੈਂ ਉਹਨਾਂ ਦੇ ਸਾਹਮਣੇ ਪਵਿੱਤਰ ਅਤੇ ਦੋਸ਼ ਰਹਿਤ ਹਾਂ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਪ੍ਰਬੰਧ ਕਰਨ ਵਾਲੇ ਹਨ। ਉਹ ਆਪਣੇ ਧਨ ਦੇ ਅਨੁਸਾਰ ਮੇਰੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਉਹ ਕਿਸੇ ਵੀ ਚੰਗੀ ਵਸਤੂ ਨੂੰ ਮੇਰੇ ਤੋਂ ਨਹੀਂ ਰੋਕਦੇ ਅਤੇ ਮੇਰੇ ਉੱਤੇ ਸਾਰੀ ਕਿਰਪਾ ਭਰਪੂਰ ਕਰ ਦਿੰਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੈਨੂੰ ਪਵਿੱਤਰ ਕਰਨ ਵਾਲੇ ਹਨ ਜਿਨ੍ਹਾਂ ਨੇ ਮੈਨੂੰ ਆਪਣੇ ਲਈ ਵੱਖਰਾ ਕੀਤਾ ਹੈ। ਜਿਸ ਤਰ੍ਹਾਂ ਉਹ ਪਵਿੱਤਰ ਹਨ, ਮੈਂ ਵੀ ਪਵਿੱਤਰ ਹਾਂ। ਉਹਨਾਂ ਨੇ ਮੈਨੂੰ ਆਪਣੇ ਵਿਸ਼ੇਸ਼ ਲੋਕਾਂ ਦਾ ਹਿੱਸਾ ਬਣਨ ਲਈ ਆਪਣੇ ਲਈ ਸ਼ੁੱਧ ਕੀਤਾ ਹੈ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਚਰਵਾਹੇ ਹਨ ਜੋ ਮੇਰੀ ਅਗਵਾਈ ਕਰਦੇ ਹਨ, ਮੇਰਾ ਪ੍ਰਬੰਧ ਕਰਦੇ ਹਨ, ਮੇਰੀ ਰਾਖੀ ਕਰਦੇ ਹਨ, ਮੇਰਾ ਮਾਰਗ ਦਰਸ਼ਨ ਕਰਦੇ ਹਨ ਅਤੇ ਮੇਰੀ ਜਾਨ ਨੂੰ ਬਹਾਲ ਕਰਦੇ ਹਨ। ਉਹ ਮੇਰੇ ਵਿਰੋਧੀਆਂ ਦੇ ਸਨਮੁੱਖ ਮੇਰੇ ਅੱਗੇ ਮੇਜ਼ ਵਿਛਾਉਂਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਸਲਾਹਕਾਰ ਹਨ ਜੋ ਮੇਰੀ ਅਗਵਾਈ ਕਰਦੇ ਹਨ ਅਤੇ ਮੇਰੇ ਕਦਮਾਂ ਨੂੰ ਦਿਸ਼ਾ ਪ੍ਰਦਾਨ ਕਰਦੇ ਹੈ। ਅਤੇ ਭਾਵੇਂ ਮੈਂ ਡਿੱਗ ਵੀ ਪਵਾਂ, ਉਹ ਮੈਨੂੰ ਸੰਭਾਲ ਲੈਂਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਸਹਾਇਕ ਹਨ। ਮੇਰੀ ਸਹਾਇਤਾ ਅਕਾਸ਼ ਅਤੇ ਧਰਤੀ ਦੇ ਕਰਤਾ ਤੋਂ ਆਉਂਦੀ ਹੈ। ਉਹ ਮੈਨੂੰ ਕਦੇ ਵੀ ਨਿਰਾਸ਼ ਨਹੀਂ ਹੋਣ ਦਿੰਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਧਰਮੀ ਨਿਆਂਈ ਅਤੇ ਮੇਰਾ

ਨਿਆਂ ਕਰਨ ਵਾਲੇ ਹਨ। ਮੈਂ ਆਪਣੇ ਮੁੱਦਿਆ ਨੂੰ ਉਹਨਾਂ ਦੇ ਸਾਹਮਣੇ ਰੱਖਦਾ ਹਾਂ। ਮੈਂ ਕਿਸੇ ਵੀ ਬੁਰਿਆਈ ਦੇ ਬਦਲੇ ਬੁਰਿਆਈ ਨਹੀਂ ਕਰਦਾ। ਮੈਂ ਬੁਰਿਆਈ ਨੂੰ ਭਲਿਆਈ ਨਾਲ ਜਿੱਤਦਾ ਹਾਂ। ਮੇਰੇ ਪਰਮੇਸ਼ਰ ਮੇਰਾ ਸਮਰਥਨ ਕਰਦੇ ਹਨ।

- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰਾ ਝੰਡਾ ਹਨ, ਉਹ ਜਿਨ੍ਹਾਂ ਦੇ ਨਾਮ ਵਿੱਚ ਮੈਂ ਜਿੱਤ ਪ੍ਰਾਪਤ ਕਰਦਾ ਹਾਂ। ਉਹ ਸਾਰੇ ਹਾਲਾਤ ਵਿੱਚ ਹਮੇਸ਼ਾ ਮੇਰੀ ਜਿੱਤ ਦਾ ਕਾਰਨ ਬਣਦੇ ਹਨ। ਉਹਨਾਂ ਦੇ ਰਾਹੀਂ, ਮੈਂ ਸੂਰਮਿਆਂ ਵਾਲੇ ਕੰਮ ਕਰਦਾ ਹਾਂ ਕਿਉਂਕਿ ਉਹ ਮੈਨੂੰ ਜਿੱਤ ਦਿੰਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੀ ਸ਼ਾਂਤੀ ਹਨ। ਉਹ ਮੇਰੇ ਜੀਵਨ ਨੂੰ ਸੰਪੂਰਨ ਸ਼ਾਂਤੀ, ਸੰਪੂਰਨ ਸ਼ਾਲੋਮ ਅਤੇ ਪੂਰੀ ਭਲਿਆਈ ਨਾਲ ਭਰ ਦਿੰਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਰਖ਼ਵਾਲੇ ਹਨ। ਕੋਈ ਵੀ ਬੁਰਿਆਈ ਮੇਰੇ ਨੇੜੇ ਨਹੀਂ ਆਵੇਗੀ। ਯਹੋਵਾਹ ਜੋ ਮੇਰੀ ਰਾਖ਼ੀ ਕਰਦੇ ਹਨ ਉਹ ਕਦੇ ਨਹੀਂ ਸੌਂਦੇ। ਉਹਨਾਂ ਦੇ ਦੂਤ ਮੇਰੀ ਸੰਭਾਲ ਕਰਨ ਲਈ ਨਿਯੁਕਤ ਕੀਤੇ ਗਏ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੈਨੂੰ ਬਲ ਪ੍ਰਦਾਨ ਕਰਨ ਵਾਲੇ ਹਨ। ਉਹ ਮੇਰੇ ਜੀਵਨ ਦਾ ਬਲ ਹਨ। ਜਿਸ ਤਰ੍ਹਾਂ ਕਿ ਮੈਂ ਉਹਨਾਂ ਦੀ ਉਡੀਕ ਕਰਦਾ ਹਾਂ, ਉਹ ਮੈਨੂੰ ਉਕਾਬ ਵਾਂਗ ਖੰਭਾਂ ਨਾਲ ਉੱਠਣ ਦਾ ਬਲ ਦਿੰਦੇ ਹਨ।
- ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਉਹ ਮੇਰੇ ਇਨਾਮ ਦੇਣ ਵਾਲੇ ਹਨ। ਮੇਰੇ ਪਰਮੇਸ਼ਰ ਉਹਨਾਂ ਦੇ ਨਾਮ ਵਿੱਚ ਕੀਤੀ ਹੋਈ ਮੇਰੇ ਪਿਆਰ ਦੀ ਮਿਹਨਤ ਨੂੰ ਨਹੀਂ ਭੁੱਲਦੇ। ਉਹ ਹੀ ਹਨ ਜੋ ਮੈਨੂੰ ਇਨਾਮ ਦਿੰਦੇ ਹਨ, ਮੇਰੀ ਕਮਾਈ ਵਿੱਚ ਵਾਧਾ ਪਾਉਂਦੇ ਹਨ ਅਤੇ ਮੇਰੇ ਫਲ ਪੈਦਾ ਕਰਨ ਦਾ ਕਾਰਨ ਬਣਾਉਂਦੇ ਹਨ।

ਜਾਓ ਅਤੇ ਇਸ ਸੂਚੀ ਵਿੱਚ ਹੋਰ ਅਜਿਹੇ ਸ਼ਬਦਾਂ ਨੂੰ ਜੋੜੋ। ਕਿ ਤੁਸੀਂ ਯਹੋਵਾਹ ਦੇ ਵਿਖੇ ਕੀ ਆਖੋਗੇ?

# 17
# ਦੂਤ ਉਹ ਦੇ ਸ਼ਬਦ ਦੀ ਅਵਾਜ਼ ਨੂੰ ਸੁਣਦੇ ਹਨ

**ਜ਼ਬੂਰ 103:20,21**
**[20]ਹੇ ਉਹ ਦੇ ਦੂਤੋ, ਯਹੋਵਾਹ ਨੂੰ ਮੁਬਾਰਕ ਆਖੋ, ਤੁਸੀਂ ਜਿਹੜੇ ਸ਼ਕਤੀ ਵਿੱਚ ਬਲਵਾਨ ਹੋ, ਅਤੇ ਉਹ ਦਾ ਸ਼ਬਦ ਸੁਣ ਕੇ ਉਹ ਨੂੰ ਪੂਰਿਆਂ ਕਰਦੇ ਹੋ!**
**[21] ਹੇ ਉਹ ਦੀਓ ਸਾਰੀਓ ਸੈਨਾਵੋ, ਯਹੋਵਾਹ ਨੂੰ ਮੁਬਾਰਕ ਆਖੋ, ਤੁਸੀਂ ਜਿਹੜੇ ਉਹ ਦੇ ਸੇਵਕ ਹੋ ਤੇ ਉਹ ਦੀ ਮਰਜ਼ੀ ਨੂੰ ਪੂਰਿਆਂ ਕਰਦੇ ਹੋ!**

ਪਰਮੇਸ਼ਰ ਦੇ ਦੂਤ ਬਲਵਾਨ ਅਤੇ ਸਮਰੱਥਾ ਨਾਲ ਭਰੇ ਹੋਏ ਹਨ। ਉਹ ਉਹਨਾਂ ਦੇ ਸ਼ਬਦ ਨੂੰ ਸੁਣ ਕੇ ਪੂਰਿਆਂ ਕਰਦੇ ਹਨ। ਉਹ ਪਰਮੇਸ਼ਰ ਦੀ ਅਵਾਜ਼ ਵੱਲ ਧਿਆਨ ਦਿੰਦੇ ਹਨ ਅਤੇ ਉਸ ਨੂੰ ਸਾਂਝਾ ਕਰਦੇ ਹਨ ਜਿਸ ਦੀ ਪਰਮੇਸ਼ਰ ਦਾ ਵਚਨ ਘੋਸ਼ਣਾ ਕਰਦਾ ਹੈ।

ਅਸੀਂ ਇੱਥੇ ਇੱਕ ਅਨੁਮਾਨ ਲਗਾ ਰਹੇ ਹਾਂ, ਜੋ ਭਾਵੇਂ ਇਨ੍ਹਾਂ ਦੋ ਆਇਤਾਂ ਤੋਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਹੈ, ਪਰ ਇਸ ਆਇਤ ਵਿੱਚ ਜੋ ਸਾਨੂੰ ਪਤਾ ਹੈ ਉਹ ਸਵਰਗ ਦੂਤਾਂ ਦੀਆਂ ਗਤੀਵਿਧੀਆਂ ਅਤੇ ਤੱਤਾਂ ਬਾਰੇ ਚੰਗੀ ਪਕੜ ਰੱਖਦਾ ਹੈ। ਜਿਸ ਤਰ੍ਹਾਂ ਕਿ ਅਸੀਂ ਵਚਨ ਬੋਲਦੇ ਹੋਏ ਘੋਸ਼ਣਾ ਕਰਦੇ ਹਾਂ ਕਿ ਪਰਮੇਸ਼ਰ ਨੇ ਜੋ ਆਖਿਆ ਹੈ ਉਹ ਸਾਡਾ ਹੈ, ਸਵਰਗ ਦੂਤ ਉਹਨਾਂ ਦੇ ਵਚਨ ਨੂੰ ਸੁਣਦੇ ਹਨ ਜਿਸ ਦੀ ਅਸੀਂ ਘੋਸ਼ਣਾ ਕਰਦੇ ਹਾਂ, ਅਤੇ ਇਸ ਲਈ, ਦੂਤ ਸਾਡੇ ਮੁਕਤੀ ਪ੍ਰਾਪਤ ਕਰਨ ਵਾਲਿਆਂ ਲਈ ਪਰਮੇਸ਼ਰ ਦੇ ਵਚਨ ਅਨੁਸਾਰ ਸੇਵਾ ਲਈ ਭੇਜੇ ਜਾਂਦੇ ਹਨ। ਅਸੀਂ ਕੇਵਲ ਇੱਕ ਅਨੁਮਾਨ ਲਗਾ ਰਹੇ ਹਾਂ, ਪਰ ਇਹ ਇੱਕ ਮੰਨਣਯੋਗ ਅਨੁਮਾਨ ਹੈ।

ਅਸੀਂ ਜਿਹੜੇ ਮੁਕਤੀ ਦਾ ਵਿਰਸਾ ਪਾਉਣ ਵਾਲੇ ਹਾਂ, ਦੂਤ ਸਾਡੀ ਸੇਵਾ ਲਈ ਭੇਜੇ ਗਏ ਹਨ (ਇਬਰਾਨੀਆਂ 1:14)। ਉਹ ਉਸ ਦਾ ਪ੍ਰਬੰਧ ਕਰਦੇ ਹਨ, ਜੋ ਸਾਡੇ ਲਈ ਪਰਮੇਸ਼ਰ ਨੇ, ਭਾਵ, ਆਪਣੇ ਸੰਤਾਂ ਲਈ ਘੋਸ਼ਿਤ ਕੀਤਾ ਹੈ। ਦੂਤ ਉਹ ਕਰਦੇ ਹਨ ਜੋ ਪਰਮੇਸ਼ਰ ਸਾਡੇ ਲਈ, ਭਾਵ, ਆਪਣੇ ਲੋਕਾਂ ਲਈ ਕੀਤਾ ਹੋਇਆ ਚਾਹੁੰਦੇ ਹਨ। ਜਿਸ ਤਰ੍ਹਾਂ ਅਸੀਂ ਦਾਨੀਏਲ ਦੇ ਅਨੁਭਵ (ਦਾਨੀਏਲ 10)

ਅਤੇ ਪਹਿਲੀ ਸਦੀ ਦੀ ਕਲੀਸਿਯਾ ਦੇ ਅਨੁਭਵ (ਰਸੂਲਾਂ ਦੇ ਕਰਤੱਬ 12:5-7) ਵਿੱਚ ਵੇਖਦੇ ਹਾਂ, ਤਾਂ ਅਸੀਂ ਇਹ ਵੀ ਸਿੱਟਾ ਕੱਢ ਸਕਦੇ ਹਾਂ, ਕਿ ਕੁਝ ਆਤਮਿਕ ਗਤੀਵਿਧੀਆਂ ਹਨ ਜਿਨ੍ਹਾਂ ਵਿੱਚ ਅਸੀਂ ਸ਼ਾਮਲ ਹੁੰਦੇ ਹਾਂ, ਤਾਂ ਉਹ ਦੂਤਾਂ ਨੂੰ ਸਾਡੇ ਬਦਲੇ ਕੰਮ ਕਰਨ ਲਈ ਸਵਾਗਤ ਕਰਦੀਆਂ ਹਨ। ਪ੍ਰਾਰਥਨਾ ਇੱਕ ਅਜਿਹੀ ਗਤੀਵਿਧੀ ਹੈ। ਇਹ ਆਖਣਾ ਵੀ ਠੀਕ ਹੋਵੇਗਾ ਕਿ ਸਾਡੀ ਅਰਾਧਨਾ, ਸਾਡੀ ਭੇਟ ਅਤੇ ਪਰਮੇਸ਼ਰ ਪ੍ਰਤੀ ਸਾਡੀ ਆਗਿਆਕਾਰੀ ਵੀ ਦੂਤਾਂ ਨੂੰ ਸਾਡੇ ਬਦਲੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ ਕਿ ਦੂਤ ਪਰਮੇਸ਼ਰ ਦੇ ਸ਼ਬਦ ਵੱਲ ਧਿਆਨ ਦਿੰਦੇ ਹਨ ਅਤੇ ਉਹਨਾਂ ਦੇ ਸ਼ਬਦ ਨੂੰ ਪੂਰਿਆਂ ਕਰਦੇ ਹਨ, ਇਸ ਲਈ, ਇਹ ਸਿੱਟਾ ਕੱਢਣਾ ਗਲਤ ਨਹੀਂ ਹੋਵੇਗਾ, ਕਿ ਜਦੋਂ ਅਸੀਂ ਪਰਮੇਸ਼ਰ ਦੇ ਵਚਨ ਅਤੇ ਪਰਮੇਸ਼ਰ ਦੇ ਵਾਅਦਿਆਂ ਵਿੱਚ ਆਪਣੇ ਵਿਸ਼ਵਾਸ ਦੀ ਘੋਸ਼ਣਾ ਕਰਦੇ ਹਾਂ, ਤਾਂ ਇਹ ਵੀ ਦੂਤਾਂ ਨੂੰ ਸਾਡੇ ਬਦਲੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਦੂਤ ਉਸ ਗੱਲ ਵਿੱਚ ਕਦੇ ਵੀ ਸ਼ਾਮਲ ਨਹੀਂ ਹੋਣਗੇ ਜਿਹੜੀ ਪਰਮੇਸ਼ਰ ਦੇ ਵਚਨ ਦੇ ਵਿਰੁੱਧ ਹੈ। ਇਸ ਲਈ, ਜਦੋਂ ਅਸੀਂ ਪਰਮੇਸ਼ਰ ਦੇ ਵਚਨ ਦੇ ਵਿਰੁੱਧ ਵਿੱਚ ਬੋਲਦੇ ਹਾਂ, ਤਾਂ ਦੂਤ ਉਹਨਾਂ ਸ਼ਬਦਾਂ ਦੇ ਆਧਾਰ ਤੇ ਕਦੇ ਵੀ ਕੰਮ ਨਹੀਂ ਕਰਦੇ।

ਦੂਤ ਇਹ ਨੂੰ ਜਾਣਨ ਕਿ ਤੁਸੀਂ ਆਪਣੇ ਜੀਵਨ ਵਿੱਚ ਪਰਮੇਸ਼ਰ ਦੇ ਵਚਨ ਨੂੰ ਪੂਰਿਆਂ ਹੋਣ ਦੀ ਉਮੀਦ ਵਿੱਚ ਖੜ੍ਹੇ ਹੋ। ਵਚਨ ਨੂੰ ਬੋਲੋ। ਕਿਸੇ ਵੀ ਹਾਲਾਤ ਵਿੱਚ, ਨੀਤ ਨਾਲ ਉਹਨਾਂ ਦੇ ਵਚਨ ਦੀ ਘੋਸ਼ਣਾ ਕਰੋ। ਲੋੜ ਦੇ ਹਾਲਾਤ ਵਿੱਚ, ਇਹ ਘੋਸ਼ਣਾ ਕਰੋ, "ਕਿ ਮੇਰਾ ਪਰਮੇਸ਼ਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਮੇਰੀ ਹਰੇਕ ਥੁੜ ਨੂੰ ਪ੍ਰਭੂ ਯਿਸੂ ਮਸੀਹ ਵਿੱਚ ਸੰਪੂਰਨ ਕਰੇਗਾ।" ਉਲਝਣ ਦੇ ਹਾਲਾਤ ਵਿੱਚ, ਇਹ ਘੋਸ਼ਣਾ ਕਰੋ, "ਮੈਂ ਇਸ ਹਾਲਾਤ ਵਿੱਚ, ਸੰਪੂਰਨ ਸ਼ਾਂਤੀ, ਚੰਗੀ ਸਮਝ ਅਤੇ ਸਹਿਯੋਗ ਨੂੰ ਆਉਣ ਦਾ ਹੁਕਮ ਦਿੰਦਾ ਹਾਂ।" ਮੇਰਾ ਪਰਮੇਸ਼ਰ ਗੜਬੜੀ ਦਾ ਨਹੀਂ ਸਗੋਂ ਸ਼ਾਂਤੀ ਦਾ ਪਰਮੇਸ਼ਰ ਹੈ। ਦੂਤ ਤੁਹਾਡੀ ਅਵਾਜ਼ ਰਾਹੀਂ ਬਾਹਰ ਆਉਣ ਵਾਲੇ ਪਰਮੇਸ਼ਰ ਦੇ ਸ਼ਬਦ ਨੂੰ ਸੁਣਨ ਅਤੇ ਉਸ ਸ਼ਬਦ ਅਨੁਸਾਰ ਕਾਰਵਾਈ ਕਰਨ ਲਈ ਅੱਗੇ ਵੱਧਣ।

# 18
# ਯਹੋਵਾਹ ਦੇ ਛੁਡਾਏ ਹੋਏ ਏਹ ਆਖਣ

**ਜ਼ਬੂਰ 107:2**
**ਯਹੋਵਾਹ ਦੇ ਛੁਡਾਏ ਹੋਏ ਇਹ ਆਖਣ, ਜਿਨ੍ਹਾਂ ਨੂੰ ਉਹ ਨੇ ਵਿਰੋਧੀ ਦੇ ਹੱਥੋਂ ਛੁਡਾਇਆ ਹੈ।**

ਅਸੀਂ ਯਹੋਵਾਹ ਦੇ ਛੁਡਾਏ ਹੋਏ ਹਾਂ, ਅਤੇ ਸਾਨੂੰ ਅਜਿਹਾ ਜ਼ਰੂਰ ਆਖਣਾ ਚਾਹੀਦਾ ਹੈ!

ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਕੈਦੀ ਆਲੇ ਦੁਆਲੇ ਆਪਣੇ ਆਪ ਨੂੰ ਇਹ ਆਖਦੇ ਹੋਏ ਨਹੀਂ ਤੁਰਦਾ ਫਿਰਦਾ ਕਿ ਮੈਂ ਇਕ ਕੈਦੀ ਹਾਂ। ਦਲੇਰੀ ਅਤੇ ਮਾਣ ਨਾਲ ਉਹ ਘੋਸ਼ਣਾ ਕਰਦਾ ਹੈ, ਕਿ ਉਹ ਇੱਕ ਆਜ਼ਾਦ ਆਦਮੀ ਹੈ। ਉਹ ਇੱਕ ਕੈਦੀ ਸੀ, ਪਰ ਅਤੀਤ ਵਿੱਚ। ਉਹ ਹੁਣ ਕੌਣ ਹੈ, ਇਹ ਸਭ ਤੋਂ ਵੱਧ ਮਹੱਤਵਪੂਰਨ ਹੈ! ਉਹ ਇੱਕ ਆਜ਼ਾਦ ਆਦਮੀ ਹੈ। ਉਹ ਆਪਣੀ ਆਜ਼ਾਦੀ ਦੇ ਪੂਰੇ ਹੱਕਾਂ ਦਾ ਪ੍ਰਯੋਗ ਕਰ ਸਕਦਾ ਹੈ।

ਵਿਸ਼ਵਾਸੀ ਹੁੰਦਿਆਂ, ਸਾਨੂੰ ਅੰਧਕਾਰ ਦੀਆਂ ਸ਼ਕਤੀਆਂ ਤੋਂ ਛੁਡਾਇਆ ਗਿਆ ਹੈ ਅਤੇ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਰਾਜ ਵਿੱਚ ਬਦਲ ਦਿੱਤਾ ਗਿਆ ਹੈ। ਅਸੀਂ ਉਸ ਵਿਰਾਸਤ ਦੇ ਹਿੱਸੇਦਾਰ ਹੋਣ ਲਈ ਯੋਗ ਹਾਂ, ਜਿਹੜੀ ਪਰਮੇਸ਼ਰ ਨੇ ਆਪਣੇ ਲੋਕਾਂ, ਸੰਤਾਂ ਨੂੰ ਦਿੱਤੀ ਹੈ। ਅਸੀਂ ਪ੍ਰਭੂ ਯਿਸੂ ਮਸੀਹ ਦੇ ਬਹੁਮੁੱਲੇ ਲਹੂ ਦੁਆਰਾ ਛੁਡਾਏ ਗਏ ਹਾਂ (ਕੁਲੁੱਸੀਆਂ 1:12-14)। ਛਡਾਉਣ ਤੋਂ ਭਾਵ ਹੈ "ਮੁੜ ਖਰੀਦਣਾ" ਗ਼ੁਲਾਮੀ ਤੋਂ ਛੁਟਕਾਰਾ ਪਾਉਣਾ ਅਤੇ ਪ੍ਰਤਾਪ ਦੀ ਅਸਲੀ ਅਵਸਥਾ ਨੂੰ ਬਹਾਲ ਕਰਨਾ। ਅਸੀਂ ਯਹੋਵਾਹ ਦੇ ਛੁਡਾਏ ਹੋਏ ਹਾਂ। ਸ਼ੈਤਾਨ ਦਾ ਨਾ ਸਾਡੇ ਉੱਤੇ ਕੋਈ ਦਾਅਵਾ ਹੈ, ਨਾ ਸਾਡੇ ਉੱਤੇ ਕੋਈ ਹਕੂਮਤ ਹੈ ਅਤੇ ਨਾ ਹੀ ਸਾਡੇ ਉੱਤੇ ਕੋਈ ਅਧਿਕਾਰ ਹੈ। ਅਸੀਂ ਪਰਮੇਸ਼ਰ ਦੀ ਖਰੀਦੀ ਹੋਈ ਵਿਰਾਸਤ ਹਾਂ (1 ਕੁਰਿੰਥੀਆਂ 6:20)।

- ਮੈਂ ਯਹੋਵਾਹ ਦਾ ਛੁਡਾਇਆ ਹੋਇਆ ਹਾਂ ਅਤੇ ਮੈਂ ਅਜਿਹਾ ਆਖਦਾ ਹਾਂ!
- ਮੈਂ ਸ਼ੈਤਾਨ ਅਤੇ ਉਸ ਦੇ ਸਾਰੇ ਦੁਸ਼ਟ ਦੂਤਾਂ ਦੀਆਂ ਸ਼ਕਤੀਆਂ ਦੇ ਵੱਸ ਤੋਂ

ਛੁਡਾਇਆ ਗਿਆ ਹਾਂ (ਕੁਲੁੱਸੀਆਂ 1:13)। ਅੰਧਕਾਰ ਦੀਆਂ ਸ਼ਕਤੀਆਂ ਦਾ ਨਾ ਹੀ ਮੇਰੇ ਉੱਤੇ ਕੋਈ ਦਾਅਵਾ ਹੈ ਅਤੇ ਨਾ ਹੀ ਮੇਰੇ ਉੱਤੇ ਕੋਈ ਅਧਿਕਾਰ ਹੈ।

- ਮੈਂ ਪਾਪ ਦੀ ਸ਼ਕਤੀ ਦੇ ਵੱਸ ਤੋਂ ਛੁਟਕਾਰਾ ਪਾਇਆ ਹੈ (ਰੋਮੀਆਂ 6:6,14)। ਪਾਪ ਦੀ ਮੇਰੇ ਉੱਤੇ ਹਕੂਮਤ ਨਹੀਂ ਹੋਵੇਗੀ।
- ਮੈਂ ਬਿਵਸਥਾ ਦੇ ਸਰਾਪ ਤੋਂ ਛੁਡਾਇਆ ਗਿਆ ਹਾਂ (ਗਲਾਤੀਆਂ 3:13)। ਹੁਣ ਮੈਂ ਅਬਰਾਹਾਮ ਦੀਆਂ ਅਸੀਸਾਂ ਹੇਠ ਚੱਲਦਾ ਹਾਂ।
- ਮੈਂ ਇਸ ਵਰਤਮਾਨ ਬੁਰੇ ਸੰਸਾਰ ਤੋਂ ਛੁਡਾਇਆ ਗਿਆ ਹਾਂ (ਗਲਾਤੀਆਂ 1:4)। ਇਸ ਵਰਤਮਾਨ ਯੁੱਗ ਦੇ ਤਰੀਕਿਆਂ, ਪ੍ਰਭਾਵਾਂ ਅਤੇ ਬੁਰਿਆਈਆਂ ਦਾ ਮੇਰੇ ਉੱਤੇ ਕੋਈ ਅਧਿਕਾਰ ਨਹੀਂ ਹੈ।
- ਮੈਂ ਹਰੇਕ ਪਾਪੀ ਕੰਮ ਤੋਂ ਛੁਡਾਇਆ ਗਿਆ ਹਾਂ (ਤੀਤੁਸ 2:14)। ਅਤੀਤ ਦੇ ਪਾਪੀ ਜੀਵਨ ਸ਼ੈਲੀ ਦੇ ਤੌਰ-ਤਰੀਕਿਆਂ ਦਾ ਮੇਰੇ ਉੱਤੇ ਕੋਈ ਅਧਿਕਾਰ ਨਹੀਂ ਹੈ। ਮੈਂ ਉਹ ਦਾ ਬਣਨ ਅਤੇ ਭਲੇ ਕੰਮਾਂ ਲਈ ਸ਼ੁੱਧ ਕੀਤਾ ਗਿਆ ਹਾਂ।
- ਮੈਂ ਪਿਛਲੀਆਂ ਪੀੜ੍ਹੀਆਂ ਦੇ ਉਦੇਸ਼ ਰਹਿਤ ਅਤੇ ਪਾਪੀ ਜੀਵਨ ਸ਼ੈਲੀ ਦੇ ਤੌਰ-ਤਰੀਕਿਆਂ ਤੋਂ ਛੁਡਾਇਆ ਗਿਆ ਹਾਂ (1 ਪਤਰਸ 1:18,19)। ਮੈਂ ਨਵੀਂ ਸ੍ਰਿਸ਼ਟੀ ਹਾਂ ਅਤੇ ਨਵੇਂ ਜੀਵਨ ਵਿੱਚ ਚੱਲਦਾ ਹਾਂ।
- ਮੈਂ ਛੁਡਾਇਆ ਗਿਆ ਹਾਂ ਅਤੇ ਲੇਲੇ ਦੇ ਲਹੂ ਦੇ ਕਾਰਨ ਮੈਂ ਵੈਰੀ ਉੱਤੇ ਜਿੱਤ ਪਾਉਂਦਾ ਹਾਂ (ਪਰਕਾਸ਼ ਦੀ ਪੋਥੀ 12:11)। ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤ ਮੇਰੇ ਪੈਰਾਂ ਦੇ ਹੇਠਾਂ ਕੁਚਲੇ ਹੋਏ ਹਨ (ਲੂਕਾ 10:19; ਰੋਮੀਆਂ 16:20)।
- ਮੈਂ ਯਹੋਵਾਹ ਦਾ ਛੁਡਾਇਆ ਹੋਇਆ ਹਾਂ ਅਤੇ ਮੈਂ ਅਜਿਹਾ ਆਖਦਾ ਹਾਂ!

# 19
# ਜੈਕਾਰੇ ਅਤੇ ਬਚਾਓ ਦੀ ਅਵਾਜ਼ ਨੂੰ ਕਾਇਮ ਰੱਖੋ

**ਜ਼ਬੂਰ 118:15-17**

**15 ਧਰਮੀਆਂ ਦੇ ਡੇਰਿਆਂ ਵਿੱਚ ਬਚਾਓ ਤੇ ਜੈਕਾਰੇ ਦੀ ਅਵਾਜ਼ ਹੈ, ਯਹੋਵਾਹ ਦਾ ਸੱਜਾ ਹੱਥ ਸੂਰਮਗਤੀ ਕਰਦਾ ਹੈ।**
**16 ਯਹੋਵਾਹ ਦਾ ਸੱਜਾ ਹੱਥ ਉੱਚਾ ਹੋਇਆ ਹੈ, ਯਹੋਵਾਹ ਦਾ ਸੱਜਾ ਹੱਥ ਸੂਰਮਗਤੀ ਕਰਦਾ ਹੈ।**
**17 ਮੈਂ ਮਰਾਂਗਾ ਨਹੀਂ ਸਗੋਂ ਮੈਂ ਜੀਆਂਗਾ, ਅਤੇ ਯਹੋਵਾਹ ਦੇ ਕੰਮਾਂ ਦਾ ਵਰਣਨ ਕਰਾਂਗਾ।**

ਧਰਮੀ ਲੋਕਾਂ ਦੇ ਘਰਾਂ ਵਿੱਚ ਜੈਕਾਰੇ ਅਤੇ ਬਚਾਓ ਦੀ ਅਵਾਜ਼ ਹੁੰਦੀ ਹੈ। ਇਬਰਾਨੀ ਭਾਸ਼ਾਂ ਵਿੱਚ "ਬਚਾਓ" ਸ਼ਬਦ '*ਯੇਸ਼ੂਆ*' ਇੱਕ ਵਿਆਪਕ ਸ਼ਬਦ ਹੈ (ਜਿਸ ਤਰ੍ਹਾਂ ਕਿ ਯੂਨਾਨੀ ਭਾਸ਼ਾਂ ਵਿੱਚ '*ਸੋਜ਼ੋ*') ਅਤੇ ਇਸ ਵਿੱਚ ਮੁਕਤੀ, ਸੁਰੱਖਿਆ, ਛੁਟਕਾਰਾ, ਜਿੱਤ, ਖ਼ੁਸ਼ਹਾਲੀ, ਸਿਹਤ, ਸਹਾਇਤਾ, ਭਲਿਆਈ, ਸਲਾਮਤੀ ਅਤੇ ਸੰਪੂਰਨਤਾ ਸ਼ਾਮਲ ਹੈ।

ਇਸ ਸੰਸਾਰ ਦੀਆਂ ਚੁਣੌਤੀਆਂ ਕਿਸੇ ਨਾ ਕਿਸੇ ਰੂਪ ਵਿੱਚ ਜਾਂ ਕਿਸੇ ਨਾ ਕਿਸੇ ਢੰਗ ਨਾਲ ਹਰੇਕ ਘਰ ਵਿੱਚ ਆਉਣ ਦੀ ਕੋਸ਼ਿਸ਼ ਕਰਦੀਆਂ ਹਨ। ਧਰਮੀ ਲੋਕਾਂ ਦੇ ਘਰ ਚੁਣੌਤੀਆਂ ਅਤੇ ਜੀਵਨ ਦੇ ਤੂਫ਼ਾਨਾਂ ਦਾ ਸਾਹਮਣਾ ਕਰਦੇ ਹਨ। ਪਰ ਕੁਝ ਵੀ ਹੋਵੇ, *"ਯਹੋਵਾਹ ਦਾ ਸੱਜਾ ਹੱਥ"* ਧਰਮੀ ਲੋਕਾਂ ਲਈ ਸੂਰਮਗਤੀ ਕਰਦਾ ਹੈ। *"ਯਹੋਵਾਹ ਦਾ ਸੱਜਾ ਹੱਥ"* ਪਰਮੇਸ਼ਰ ਦੀ ਸਮਰੱਥਾ ਹੈ ਜਿਹੜੀ ਹਮੇਸ਼ਾ ਜੇਤੂ ਅਤੇ ਕਿਸੇ ਵੀ ਹੋਰ ਨਾਲੋਂ ਵੱਧ ਕੇ ਬਲਵੰਤ ਹੈ। ਇਸ ਲਈ, ਧਰਮੀ ਲੋਕਾਂ ਦੇ ਘਰਾਂ ਵਿੱਚ ਅਨੰਦ, ਜਿੱਤ, ਜਸ਼ਨ ਅਤੇ ਬਚਾਓ ਦੇ ਜੈਕਾਰੇ ਹੁੰਦੇ ਹਨ। ਇਸ ਲਈ, ਅਸੀਂ ਆਖ ਸਕਦੇ ਹਾਂ, *"ਮੈਂ ਮਰਾਂਗਾ ਨਹੀਂ ਸਗੋਂ ਮੈਂ ਜੀਆਂਗਾ, ਅਤੇ ਯਹੋਵਾਹ ਦੇ ਕੰਮਾਂ ਦਾ ਵਰਣਨ ਕਰਾਂਗਾ।"*

ਜਦੋਂ ਅਸੀਂ ਕੁਝ ਚੁਣੌਤੀਆਂ ਵਿੱਚੋਂ ਦੀ ਲੰਘਦੇ ਹਾਂ, ਤਾਂ ਅਸੀਂ ਕੀ ਕਰਦੇ ਹਾਂ? ਕੀ ਅਸੀਂ ਆਪਣੀ ਅਵਾਜ਼ ਬਦਲ ਲੈਂਦੇ ਹਾਂ? ਨਹੀਂ! ਅਸੀਂ ਆਪਣੇ ਘਰਾਂ ਵਿੱਚ ਜੈਕਾਰੇ ਅਤੇ ਬਚਾਓ ਦੀ ਅਵਾਜ਼ ਨੂੰ ਕਾਇਮ ਰੱਖਦੇ ਹਾਂ। ਅਸੀਂ ਇਹ ਘੋਸ਼ਣਾ ਕਰਦੇ ਰਹਿੰਦੇ ਹਾਂ, ਕਿ ਸਾਡੇ ਪਰਮੇਸ਼ਰ ਸਰਬ-ਸ਼ਕਤੀਮਾਨ ਹਨ।

ਅਸੀਂ ਬਚਾਓ ਦੀ ਅਵਾਜ਼ ਨੂੰ ਕਾਇਮ ਰੱਖਦੇ ਹਾਂ, ਕਿਉਂਕਿ ਸਾਡੇ ਪਰਮੇਸ਼ਰ ਸਾਨੂੰ ਬਚਾਉਂਦੇ ਹਨ, ਸਾਨੂੰ ਦ੍ਰਿੜ੍ਹ ਰੱਖਦੇ ਹਨ, ਸਾਡੀ ਰਾਖੀ ਕਰਦੇ ਹਨ, ਸਾਨੂੰ ਚੰਗਾ ਕਰਦੇ ਹਨ, ਸਾਨੂੰ ਛੁਡਾਉਂਦੇ ਹਨ, ਸਾਡੀ ਤਰੱਕੀ ਕਰਦੇ ਹਨ ਅਤੇ ਸਾਨੂੰ ਜਿੱਤ ਦਿੰਦੇ ਹਨ! ਯਹੋਵਾਹ ਦਾ ਸੱਜਾ ਹੱਥ ਹਰੇਕ ਰੁੱਤ ਵਿੱਚ ਹਮੇਸ਼ਾ ਸਮਰੱਥਾ ਨਾਲ ਭਰਿਆ ਹੋਇਆ ਅਤੇ ਜੇਤੂ ਹੈ। ਜੈਕਾਰੇ ਅਤੇ ਬਚਾਓ ਦੀ ਅਵਾਜ਼ ਤੁਹਾਡੇ ਘਰ ਵਿੱਚ ਸੁਣਾਈ ਦਿੰਦੀ ਰਹੇ। ਹਰੇਕ ਰੁੱਤ ਵਿੱਚ ਜੈਕਾਰੇ ਅਤੇ ਬਚਾਓ ਦੀ ਅਵਾਜ਼ ਨੂੰ ਕਾਇਮ ਰੱਖੋ।

# 20

# ਤੁਹਾਡੇ ਮਨ ਤੋਂ ਬਾਹਰ ਉਹ ਧਾਰਾਂ ਨਿੱਕਲਦੀਆਂ ਹਨ ਜਿਹੜੀਆਂ ਤੁਹਾਡੇ ਜੀਵਨ ਨੂੰ ਆਕਾਰ ਦਿੰਦੀਆਂ ਹਨ

**ਕਹਾਉਤਾਂ 4:20-23**

**20 ਹੇ ਮੇਰੇ ਪੁੱਤਰ, ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਅਤੇ ਮੇਰੇ ਬਚਨਾਂ ਉੱਤੇ ਕੰਨ ਲਾ।**
**21 ਉਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਓਹਲੇ ਨਾ ਹੋਣ ਦੇ, ਆਪਣੇ ਮਨ ਵਿੱਚ ਉਹਨਾਂ ਨੂੰ ਸੰਭਾਲ ਕੇ ਰੱਖ।**
**22 ਜਿਨ੍ਹਾਂ ਨੂੰ ਉਹ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦੇ ਲਈ ਜੀਵਨ ਅਤੇ ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ ਹਨ।**
**23 ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਵਨ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ!**

ਇੱਥੇ ਜਿਹੜੀ ਹਿਦਾਇਤ ਦਿੱਤੀ ਗਈ ਹੈ, ਉਹ ਇਹ ਹੈ, ਕਿ ਅਸੀਂ ਆਪਣੇ ਮਨਾਂ ਨੂੰ ਪਰਮੇਸ਼ਰ ਦੇ ਵਚਨ ਨਾਲ ਭਰੀਏ। ਅਸੀਂ ਉਹਨਾਂ ਦੇ ਵਚਨ ਵੱਲ ਪੂਰਾ ਧਿਆਨ ਦਿੰਦੇ ਹਾਂ, ਭਰੋਸਾ ਕਰਦੇ ਹਾਂ ਅਤੇ ਉਹਨਾਂ ਦੇ ਵਚਨ ਨੂੰ ਸੁਣਦੇ ਹਾਂ, ਅਤੇ ਉਹਨਾਂ ਦੇ ਵਚਨ ਉੱਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਾਂ, ਤਾਂ ਜੋ ਉਹਨਾਂ ਦਾ ਵਚਨ ਸਾਡੇ ਅੰਦਰੂਨੀ ਵਿਅਕਤੀ ਵਿੱਚ ਉਤਪੰਨ ਹੋ ਸਕੇ। ਉਹਨਾਂ ਦਾ ਵਚਨ ਫਿਰ ਸਾਨੂੰ ਜੀਵਨ, ਤੰਦਰੁਸਤੀ ਅਤੇ ਸੰਪੂਰਨਤਾ ਨਾਲ ਅਸੀਸਵਾਨ ਕਰਦਾ ਹੈ। ਉਹ ਸਾਨੂੰ ਸਾਡੇ ਮਨਾਂ ਦੀ ਰਾਖੀ ਕਰਨ ਦੀ ਹਿਦਾਇਤ ਦਿੰਦਾ ਹੈ। ਵਚਨ ਦੇ ਉਲਟ ਕਿਸੇ ਵੀ ਗੱਲ ਨੂੰ ਸਾਨੂੰ ਆਪਣੇ ਦਿਲਾਂ ਵਿੱਚ ਨਹੀਂ ਆਉਣ ਦੇਣਾ ਚਾਹੀਦਾ। ਸਾਨੂੰ ਆਪਣੇ ਮਨਾਂ ਦੀ ਰਾਖੀ ਕਰਨੀ ਚਾਹੀਦੀ ਹੈ, ਅਤੇ ਅਸਲ ਵਿੱਚ, ਜਿਹੜੇ ਵਚਨ ਨੂੰ ਅਸੀਂ ਉੱਥੇ ਇਕੱਠਿਆਂ ਕਰਕੇ ਰੱਖਿਆ ਹੈ ਸਾਨੂੰ ਉਸ ਦੀ ਰਾਖੀ ਕਰਨੀ ਚਾਹੀਦੀ ਹੈ।

ਮਨ, ਸਾਡਾ ਅੰਦਰੂਨੀ ਵਿਅਕਤੀ, ਬਹੁਤ ਮਹੱਤਵਪੂਰਨ ਹੈ। ਸਾਡੇ ਮਨਾਂ ਵਿੱਚੋਂ ਉਹ ਧਾਰਾਂ ਨਿੱਕਲਦੀਆਂ ਹਨ ਜਿਹੜੀਆਂ ਸਾਡੇ ਜੀਵਨ ਨੂੰ ਆਕਾਰ

ਦਿੰਦੀਆਂ ਹਨ। ਇੱਕ ਤਰੀਕਾ ਜਿਸ ਦੁਆਰਾ ਸਾਡੇ ਮਨਾਂ ਵਿੱਚ ਜੋ ਕੁਝ ਹੈ ਉਸ ਨੂੰ ਸਾਡੇ ਜੀਵਨ ਵਿੱਚ ਪ੍ਰਦਾਨ ਕੀਤਾ ਜਾਵੇ, ਤਾਂ ਉਹ ਤਰੀਕਾ ਉਹਨਾਂ ਸ਼ਬਦਾਂ ਵੱਲੋਂ ਹੈ, ਜਿਹੜੇ ਅਸੀਂ ਬੋਲਦੇ ਹਾਂ। ਉਹ ਧਾਰਾਂ ਜਿਹੜੀਆਂ ਸਾਡੇ ਜੀਵਨ ਨੂੰ ਆਕਾਰ ਦਿੰਦੀਆਂ ਹਨ, ਸਾਡੇ ਅੰਦਰੂਨੀ ਵਿਅਕਤੀ ਤੋਂ ਨਿੱਕਲਦੀਆਂ ਹਨ, ਅਤੇ ਸਾਡੇ ਬੋਲਣ ਵਾਲੇ ਸ਼ਬਦਾਂ ਰਾਹੀਂ ਪ੍ਰਦਾਨ ਹੁੰਦੀਆਂ ਹਨ।

ਜੇਕਰ ਸਾਡੇ ਮਨ ਉਹਨਾਂ ਦੇ ਵਚਨ ਨਾਲ ਭਰੇ ਹੋਏ ਹਨ, ਤਾਂ ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ ਉਹ ਉਹਨਾਂ ਦੇ ਵਚਨ ਨਾਲ ਗਠਜੋੜ ਰੱਖਦੇ ਹਨ। ਅਸੀਂ ਉਹਨਾਂ ਦਾ ਵਚਨ ਬੋਲਦੇ ਹਾਂ। ਜਿਹੜੀਆਂ ਧਾਰਾਂ ਸਾਡੇ ਜੀਵਨ ਨੂੰ ਆਕਾਰ ਦਿੰਦੀਆਂ ਹਨ ਉਹ ਉਹਨਾਂ ਦੇ ਵਚਨ ਤੋਂ ਨਿੱਕਲਦੀਆਂ ਹਨ। ਪਰਮੇਸ਼ਰ ਦੇ ਵਚਨ ਦੀ ਸਮਰੱਥਾ ਫਿਰ ਸਾਡੇ ਜੀਵਨ ਵਿੱਚ ਕੰਮ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਸਾਡੇ ਜੀਵਨ ਦੇ ਹਰੇਕ ਖੇਤਰ, ਸਾਡੇ ਵਰਤਮਾਨ ਅਤੇ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ।

ਆਪਣੇ ਮਨ ਨੂੰ ਪਰਮੇਸ਼ਰ ਦੇ ਵਚਨ ਨਾਲ ਭਰੋ। ਉਹਨਾਂ ਦੇ ਵਚਨ ਨੂੰ ਬੋਲੋ। ਤੁਹਾਡੇ ਜੀਵਨ ਨੂੰ ਆਕਾਰ ਦੇਣ ਵਾਲੀਆਂ ਧਾਰਾਂ ਨੂੰ ਤੁਹਾਡੇ ਵਿੱਚ ਪਰਮੇਸ਼ਰ ਦੇ ਵਚਨ ਤੋਂ ਉਤਪੰਨ ਹੋਣ ਦਿਓ।

# 21
# ਨੇਕ ਮਨੁੱਖ ਦੇ ਸ਼ਬਦ ਜੀਵਨ ਅਤੇ ਬਲ ਨੂੰ ਪ੍ਰਦਾਨ ਕਰਦੇ ਹਨ

**ਕਹਾਉਤਾਂ 10:11,20,21,31,32**
**[11] ਨੇਕ ਮਨੁੱਖ ਦਾ ਮੂੰਹ ਜੀਵਨ ਦਾ ਚਸ਼ਮਾ ਹੈ, ਪਰ ਦੁਸ਼ਟਾਂ ਦੇ ਮੂੰਹ ਨੂੰ ਜ਼ੁਲਮ ਢੱਕ ਲੈਂਦਾ ਹੈ।**
**[20] ਨੇਕ ਮਨੁੱਖ ਦੇ ਬੋਲ ਖਰੀ ਚਾਂਦੀ ਹਨ, ਪਰ ਦੁਸ਼ਟ ਦਾ ਮਨ ਤੁੱਛ ਹੈ।**
**[21] ਨੇਕ ਮਨੁੱਖ ਦੇ ਬੋਲ ਬਹੁਤਿਆਂ ਨੂੰ ਰਜਾਉਂਦੇ ਹਨ, ਪਰ ਮੂਰਖ ਬੇਸਮਝੀ ਦੇ ਕਾਰਨ ਮਰਦੇ ਹਨ।**
**[31] ਨੇਕ ਮਨੁੱਖ ਦਾ ਮੂੰਹ ਬੁੱਧ ਦਾ ਫਲ ਦਿੰਦਾ ਹੈ, ਪਰ ਟੇਢੀ ਜੀਭ ਵੱਢੀ ਜਾਵੇਗੀ।**
**[32] ਨੇਕ ਮਨੁੱਖ ਦੇ ਬੁੱਲ ਮਨ ਭਾਉਂਦੀ ਗੱਲ ਜਾਣਦੇ ਹਨ, ਪਰ ਦੁਸ਼ਟ ਦਾ ਮੂੰਹ ਪੁੱਠੀਆਂ ਗੱਲਾਂ ਬੋਲਦਾ ਹੈ।**

ਅਸੀਂ ਇਹਨਾਂ ਆਇਤਾਂ ਵਿੱਚ ਨੇਕ ਮਨੁੱਖ ਅਤੇ ਦੁਸ਼ਟ ਮਨੁੱਖ ਦੇ ਸ਼ਬਦਾਂ ਵਿੱਚ ਫ਼ਰਕ ਵੇਖਦੇ ਹਾਂ। ਨੇਕ ਮਨੁੱਖ ਦੇ ਸ਼ਬਦ "ਜੀਵਨ ਦਾ ਚਸ਼ਮਾ" ਹਨ। ਉਹ ਜੀਵਨ, ਸੰਪੂਰਨਤਾ, ਤੰਦਰੁਸਤੀ, ਅਤੇ ਹਰੇਕ ਗੱਲ ਜਿਸ ਬਾਰੇ ਅਸੀਂ ਜਾਣਦੇ ਹਾਂ, ਕਿ "ਜੀਵਨ" ਨਾਲ ਜੁੜੀ ਹੋਈ ਹੈ, ਉਸ ਦਾ ਪ੍ਰਬੰਧ ਕਰਦੇ ਹਨ। ਨੇਕ ਮਨੁੱਖ ਦੇ ਸ਼ਬਦ "ਖਰੀ ਚਾਂਦੀ" ਵਰਗੇ ਹਨ, ਜਿਸ ਤੋਂ ਭਾਵ ਹੈ "ਬਹੁਤ ਸ਼ੁੱਧ, ਬਹੁਮੁੱਲੇ ਅਤੇ ਬੇਹੱਦ-ਕੀਮਤੀ।" ਨੇਕ ਮਨੁੱਖ ਦੇ ਸ਼ਬਦ "ਬਹੁਤਿਆਂ ਨੂੰ ਰਜਾਉਂਦੇ ਹਨ।" ਉਹ ਬਹੁਤ ਸਾਰੇ ਲੋਕਾਂ ਨੂੰ ਪਾਲਣ ਪੋਸ਼ਣ, ਬਲ, ਜੀਵਨ, ਸਹਾਇਤਾ ਅਤੇ ਅਸੀਸ ਪ੍ਰਦਾਨ ਕਰਦੇ ਹਨ। ਦੋ ਵਾਧੂ ਗੱਲਾਂ ਹਨ ਜਿਹੜੀਆਂ ਨੇਕ ਮਨੁੱਖ ਦੇ ਸ਼ਬਦਾਂ ਦੀ ਵਿਸ਼ੇਸ਼ਤਾ ਦਾ ਵਰਣਨ ਕਰਦੀਆਂ ਹਨ – ਬੁੱਧੀ ਅਤੇ ਜੋ ਮੰਨਣ ਯੋਗ (ਮਨ ਭਾਉਂਦਾ) ਹੈ।

ਸ਼ਬਦ ਦੂਜਿਆਂ ਲਈ ਜੀਵਨ ਅਤੇ ਅਸੀਸ ਪ੍ਰਦਾਨ ਕਰਨ ਦੀ ਸੇਵਾ ਕਰ ਸਕਦੇ ਹਨ। ਜਿਹੜੇ ਸ਼ਬਦ ਅਸੀਂ ਬੋਲਦੇ ਹਾਂ, ਉਹ ਹੋਰਨਾਂ ਲਈ ਜੀਵਨ ਦਾ ਚਸ਼ਮਾ ਬਣ ਸਕਦੇ ਹਨ। ਸਾਡੇ ਸ਼ਬਦ ਹਰੇਕ ਭਾਲਣ ਵਾਲੇ ਲਈ ਖਰੀ ਚਾਂਦੀ ਬਣ ਸਕਦੇ ਹਨ ਅਤੇ ਹੋਰਨਾਂ ਲਈ ਪਾਲਣ-ਪੋਸ਼ਣ ਅਤੇ ਬਲ ਦਾ ਸਰੋਤ ਬਣ ਸਕਦੇ ਹਨ।

ਇਹ ਪੁਸ਼ਟੀ ਕਰਨਾ ਕਿ ਤੁਹਾਡੇ ਸ਼ਬਦ ਠੀਕ (ਨੇਕ ਸ਼ਬਦ) ਹਨ, ਉਹ ਦਾ ਇੱਕ ਸਪਸ਼ਟ ਢੰਗ ਇਹ ਹੈ, ਕਿ ਪਰਮੇਸ਼ਰ ਦੇ ਵਚਨ ਦੇ ਨਾਲ ਤੁਹਾਡੇ ਸ਼ਬਦਾਂ ਨੂੰ ਗਠਜੋੜ ਕਰਕੇ ਬੋਲਣਾ ਹੈ। ਜੇਕਰ ਅਸੀਂ ਅਜਿਹਾ ਕਰਦੇ ਹਾਂ, ਤਾਂ ਸਾਡੇ ਸ਼ਬਦ ਬੁੱਧੀ ਦੇ ਸ਼ਬਦ ਅਤੇ ਅਜਿਹੇ ਸ਼ਬਦ ਹੋਣਗੇ ਜੋ ਲੋਕਾਂ ਲਈ ਖ਼ੁਸ਼ੀ, ਆਜ਼ਾਦੀ ਅਤੇ ਰਿਹਾਈ ਲਿਆਉਂਦੇ ਹਨ। ਨੇਕ ਸ਼ਬਦ ਬੋਲਣ ਦੀ ਚੋਣ ਕਰੋ। ਆਪਣੇ ਸ਼ਬਦਾਂ ਨੂੰ ਪਰਮੇਸ਼ਰ ਦੇ ਵਚਨ ਨਾਲ ਗਠਜੋੜ ਕਰਕੇ ਬੋਲੋ।

# 22
# ਸ਼ਬਦ ਚੰਗਾ ਕਰ ਸਕਦੇ ਅਤੇ ਤੰਦਰੁਸਤ ਬਣਾ ਸਕਦੇ ਹਨ

**ਕਹਾਉਤਾਂ 12:18**

**ਬੇਸੋਚੇ ਬੋਲਣ ਵਾਲੇ ਦੀਆਂ ਗੱਲਾਂ ਤਲਵਾਰ ਵਾਂਗੂੰ ਵਿੰਨ੍ਹਦੀਆਂ ਹਨ, ਪਰ ਬੁੱਧਵਾਨ ਦੀ ਜੀਭ ਚੰਗਾ ਕਰ ਦਿੰਦੀ ਹੈ।**

**ਕਹਾਉਤਾਂ 15:4**

**ਸਿਹਤ ਦੇਣ ਵਾਲੀ ਰਸਨਾ ਜੀਵਨ ਦਾ ਰੁੱਖ ਹੈ, ਪਰ ਉਹ ਦੇ ਵਿੱਚ ਆਕੀਪੁਣਾ ਆਤਮਾ ਦਾ ਤੋੜਨਾ ਹੈ।**

ਕਹਾਉਤਾਂ 12:18 ਵਿੱਚੋਂ, ਅਸੀਂ ਸਿੱਖਦੇ ਹਾਂ, ਕਿ ਬੁੱਧੀਮਾਨ ਦੀ ਜੀਭ ਚੰਗਾ ਕਰ ਦਿੰਦੀ ਹੈ। "ਚੰਗਾ" ਸ਼ਬਦ ਲਈ ਇਬਰਾਨੀ ਭਾਸ਼ਾ ਵਿੱਚ ਵਰਤਿਆਂ ਜਾਣ ਵਾਲਾ ਸ਼ਬਦ *'ਮਾਰਪੇ'* ਹੈ, ਜਿਸ ਦਾ ਅਰਥ "ਇਲਾਜ, ਦਵਾਈ, ਇਲਾਜ ਦਾ ਉਪਾਉ, ਚੰਗਿਆਈ, ਛੁਟਕਾਰਾ, ਮਨ ਦੀ ਤੰਦਰੁਸਤੀ, ਸੰਪੂਰਨਤਾ ਹੈ।" ਸ਼ਬਦ, ਜੇਕਰ ਠੀਕ ਢੰਗ ਨਾਲ ਅਤੇ ਬੁੱਧੀ ਨਾਲ ਵਰਤੇ ਜਾਂਦੇ ਹਨ, ਤਾਂ ਤੁਹਾਨੂੰ ਅਤੇ ਤੁਹਾਡੇ ਸੁਣਨ ਵਾਲਿਆਂ ਨੂੰ ਚੰਗਿਆਈ ਅਤੇ ਸੰਪੂਰਨਤਾ ਲਿਆ ਸਕਦੇ ਹਨ।

ਉਹ ਹੀ ਸ਼ਬਦ *'ਮਾਰਪੇ'* ਇੱਕ ਵਾਰ ਫਿਰ ਤੋਂ ਕਹਾਉਤਾਂ 15:4 ਵਿੱਚ ਵਰਤਿਆ ਗਿਆ ਹੈ, ਜਿੱਥੇ ਇਸ ਦਾ ਅਨੁਵਾਦ "ਸਿਹਤ ਦੇਣ ਵਾਲੀ ਬੋਲੀ" ਵਜੋਂ ਕੀਤਾ ਗਿਆ ਹੈ। ਇੱਕ ਜੀਭ ਜੋ ਸਿਹਤ ਦੇਣ ਵਾਲੇ ਸ਼ਬਦ ਬੋਲਦੀ ਹੈ – ਸ਼ਾਬਦਿਕ ਤੌਰ ਤੇ ਉਸ ਜੀਭ ਦੇ ਚੰਗਿਆਈ ਅਤੇ ਛੁਟਕਾਰੇ ਦੇ ਸ਼ਬਦ – ਜੀਵਨ ਦਾ ਰੁੱਖ ਹੈ। ਪਰਕਾਸ਼ ਦੀ ਪੋਥੀ 22:1,2 ਵਿੱਚ, ਅਸੀਂ ਜੀਵਨ ਦੇ ਰੁੱਖ ਬਾਰੇ ਪੜ੍ਹਦੇ ਹਾਂ – *"ਉਸ ਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਂਗੂੰ ਸਾਫ਼ ਪਰਮੇਸ਼ਰ ਅਤੇ ਲੇਲੇ ਦੇ ਸਿੰਘਾਸਣ ਵਿੱਚੋਂ ਨਿੱਕਲਦੀ, ਉਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ। ਉਸ ਨਦੀ ਦੇ ਦੋਨਾਂ ਕਿਨਾਰਿਆਂ ਉੱਤੇ ਜੀਵਨ ਦਾ ਰੁੱਖ ਹੈ, ਜਿਸ ਨੂੰ ਬਾਰਾਂ ਪਰਕਾਰ ਦੇ ਫਲ ਲੱਗਦੇ ਹਨ ਅਤੇ ਉਹ ਹਰ ਮਹੀਨੇ ਆਪਣਾ ਫਲ ਦਿੰਦਾ ਹੈ, ਅਤੇ ਉਸ ਰੁੱਖ ਦੇ ਪੱਤੇ ਕੌਮਾਂ ਦੇ ਇਲਾਜ ਦੇ ਲਈ*

*ਹਨ।"* ਜੀਵਨ ਦੇ ਰੁੱਖ ਦੇ ਪੱਤੇ ਇਲਾਜ ਲੈ ਕੇ ਆਏ ਹਨ। ਜਦੋਂ ਅਸੀਂ ਇਲਾਜ, ਸੰਪੂਰਨਤਾ, ਛੁੱਟਕਾਰੇ ਅਤੇ ਤੰਦਰੁਸਤੀ ਦੇ ਸ਼ਬਦਾਂ ਨੂੰ ਬੋਲਦੇ ਹਾਂ, ਤਾਂ ਅਸੀਂ ਸਾਡੇ ਲਈ ਅਤੇ ਸਾਡੇ ਸੁਣਨ ਵਾਲਿਆਂ ਲਈ ਜਿਨ੍ਹਾਂ ਨਾਲ ਅਸੀਂ ਬੋਲਦੇ ਹਾਂ, ਚੰਗਿਆਈ ਦਾ ਪ੍ਰਬੰਧ ਕਰ ਸਕਦੇ ਹਾਂ।

ਸ਼ਬਦ ਚੰਗਾ ਕਰ ਅਤੇ ਤੰਦਰੁਸਤ ਬਣਾ ਸਕਦੇ ਹਨ। ਪਰਮੇਸ਼ਰ ਆਖਦੇ ਹਨ ਕਿ ਉਹਨਾਂ ਦਾ ਵਚਨ ਸਾਡੇ ਪੂਰੇ ਸਰੀਰ ਲਈ ਜੀਵਨ (ਤਾਜ਼ਗੀ, ਬਲ) ਅਤੇ ਇਲਾਜ (*'ਮਾਰਪੇ'*) ਹੈ (ਕਹਾਉਤਾਂ 4:22)। ਜਦੋਂ ਲੋਕ ਪਰਮੇਸ਼ਰ ਦੀ ਦੁਹਾਈ ਦਿੰਦੇ ਹਨ, ਤਾਂ ਉਹ ਆਪਣਾ ਵਚਨ ਭੇਜ ਕੇ ਉਹਨਾਂ ਨੂੰ ਚੰਗਿਆ (*'ਰਾਫ਼ਾ'* ਇਲਾਜ ਕਰਦੇ , ਤੰਦਰੁਸਤ ਬਣਾਉਂਦੇ) ਕਰਦੇ ਹਨ (ਜ਼ਬੂਰ 107:20)। ਪਰਮੇਸ਼ਰ ਦੇ ਵਚਨ ਵਿੱਚ ਪੂਰੇ ਮਨੁੱਖ ਨੂੰ ਚੰਗਾ ਕਰਨ ਅਤੇ ਤੰਦਰੁਸਤ ਬਣਾਉਣ ਦੀ ਸਮਰੱਥਾ ਹੈ। ਇਸ ਲਈ, ਪਰਮੇਸ਼ਰ ਦੇ ਵਚਨ ਨੂੰ ਬੋਲੋ ਅਤੇ ਉਹਨਾਂ ਦੇ ਵਚਨ ਦੀ ਚੰਗਾ ਕਰਨ ਵਾਲੀ ਸਮਰੱਥਾ ਤੁਹਾਡੇ ਮੂੰਹ ਦੇ ਸ਼ਬਦਾਂ ਰਾਹੀਂ ਪ੍ਰਦਾਨ ਹੋਵੇ। ਉਹ ਸ਼ਬਦ ਜਿਹੜੇ ਕਿ ਚੰਗਾ ਕਰਦੇ ਹਨ, ਜਿਹੜੇ ਕਿ ਚੰਗੀ ਦਵਾਈ ਹਨ, ਜਿਹੜੇ ਕਿ ਜੀਵਨ ਦੇ ਰੁੱਖ ਦੀ ਤਰ੍ਹਾਂ ਹਨ ਤੁਹਾਡੇ ਮੂੰਹ ਰਾਹੀਂ ਸਾਂਝੇ ਕੀਤੇ ਜਾਣ। ਆਪਣੇ ਲਈ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਲਈ ਇਲਾਜ ਅਤੇ ਤੰਦਰੁਸਤੀ ਨੂੰ ਦੇਣ ਲਈ, ਪਰਮੇਸ਼ਰ ਦੇ ਚੰਗਿਆਈ ਦੇਣ ਵਾਲੇ ਵਚਨ ਨੂੰ ਬੋਲ ਕੇ, ਆਪਣੇ ਸ਼ਬਦਾਂ ਦੀ ਵਰਤੋਂ ਕਰੋ।

# 23
# ਮਨਭਾਉਂਦੇ ਸ਼ਬਦਾਂ ਦੀ ਸਮਰੱਥਾ ਨੂੰ ਪ੍ਰਦਾਨ ਕਰੋ

**ਕਹਾਉਤਾਂ 16:21,24**
**21 ਜਿਹੜਾ ਬੁੱਧਵਾਨ ਹੈ ਉਹ ਸਮਝਦਾਰ ਕਹਾਉਂਦਾ ਹੈ, ਅਤੇ ਮਿੱਠਾ ਬੋਲਣ ਨਾਲ ਸਿਖਾਉਣ ਦੀ ਸ਼ਕਤੀ ਵੱਧ ਜਾਂਦੀ ਹੈ।**
**24 ਮਨਭਾਉਂਦੇ ਸ਼ਬਦ ਸ਼ਹਿਦ ਦੇ ਛੱਤੇ ਵਾਂਗੂੰ ਹਨ, ਉਹ ਜਾਨ ਨੂੰ ਮਿੱਠੇ ਲੱਗਦੇ ਹਨ ਅਤੇ ਹੱਡੀਆਂ ਨੂੰ ਸਿਹਤ ਦਿੰਦੇ ਹਨ।**

ਅਸੀਂ ਕਿਸੇ ਵੀ ਦਿੱਤੇ ਹਾਲਾਤ ਵਿੱਚ, ਬੋਲਣ ਵਾਲੇ ਸ਼ਬਦਾਂ ਦੀ ਚੋਣ ਕਰ ਸਕਦੇ ਹਾਂ। ਜਿਹੜੇ ਸ਼ਬਦ ਦਿਆਲੂ, ਕੋਮਲ, ਮਨਭਾਉਂਦੇ, ਨਿਹਾਲ ਕਰਨ ਵਾਲੇ, ਸੁਧਾਰ ਕਰਨ ਵਾਲੇ ਅਤੇ ਸਕਾਰਾਤਮਕ ਹਨ, ਉਹ ਸਮਰੱਥਾ ਨਾਲ ਭਰਿਆ ਪ੍ਰਭਾਵ ਪਾਉਂਦੇ ਹਨ। ਮਿਠਾਸ ਅਤੇ ਪਿਆਰ ਨਾਲ ਬੋਲੇ ਗਏ ਸ਼ਬਦ ਸਿੱਖਣ ਦੀ ਯੋਗਤਾ ਨੂੰ ਵਧਾਉਂਦੇ ਹਨ। ਉਹ ਲੋਕਾਂ ਨੂੰ ਹਿਦਾਇਤਾਂ ਪ੍ਰਤੀ ਵਧੇਰੇ ਗ੍ਰਹਿਣਸ਼ੀਲ ਬਣਾਉਂਦੇ ਹਨ ਅਤੇ ਵਧੇਰੇ ਮੰਨਣਯੋਗ ਅਤੇ ਪ੍ਰੇਰਨਾਮਈ ਹੁੰਦੇ ਹਨ। ਦਿਆਲੂ, ਮਨਭਾਉਂਦੇ ਅਤੇ ਸੰਪੰਨ ਬਣਾਉਣ ਵਾਲੇ ਸ਼ਬਦ ਅੰਦਰੂਨੀ ਮਨੁੱਖ ਨੂੰ ਬਲ ਵਿੱਚ ਅਤੇ ਸਿਹਤ ਨੂੰ ਧੁਰ ਅੰਦਰ ਵਿੱਚ ਲਿਆਉਂਦੇ ਹਨ। ਅਸੀਂ ਚਾਪਲੂਸੀ ਬਾਰੇ ਨਹੀਂ ਗੱਲ ਕਰ ਰਹੇ ਹਾਂ, ਜਿਹੜੇ ਕਿ ਕਪਟੀ ਅਤੇ ਮਤਲਬੀ ਸ਼ਬਦ ਹਨ ਅਤੇ ਉਹਨਾਂ ਸ਼ਬਦਾਂ ਦੇ ਪਿੱਛੇ ਕਿਸੇ ਨੂੰ ਚੰਗਾ ਮਹਿਸੂਸ ਕਰਾਉਣ ਦਾ ਕੁਝ ਵੀ ਖਰਾ ਉਦੇਸ਼ ਨਹੀਂ ਹੁੰਦਾ। ਅਸੀਂ ਦੇਖਭਾਲ, ਦਿਆਲਤਾ ਅਤੇ ਦੀਨਤਾ ਨਾਲ ਬੋਲੇ ਗਏ ਸੱਚੇ ਅਤੇ ਖਰੇ ਸ਼ਬਦਾਂ ਨੂੰ ਬੋਲਣ ਦਾ ਜ਼ਿਕਰ ਕਰ ਰਹੇ ਹਾਂ।

ਜਦੋਂ ਅਸੀਂ ਪਰਮੇਸ਼ਰ ਦੇ ਸਮਰੱਥਾ ਨਾਲ ਭਰੇ ਵਚਨਾਂ ਨੂੰ ਆਪਣੇ ਭਾਸ਼ਣ ਦਾ ਹਿੱਸਾ ਬਣਨ ਲਈ ਸ਼ਾਮਲ ਕਰਦੇ ਹਾਂ, ਤਾਂ ਅਸੀਂ ਆਪਣੇ ਸ਼ਬਦਾਂ ਰਾਹੀਂ ਵਿਸ਼ਵਾਸ, ਉਮੀਦ, ਹੌਂਸਲੇ, ਚੰਗਿਆਈ, ਬੁੱਧੀ ਅਤੇ ਸਲਾਹ ਦੀ ਸੇਵਾ ਨੂੰ ਕਰ ਸਕਦੇ ਹਾਂ। ਮਿਠਾਸ ਨਾਲ ਬੋਲੋ। ਮਨਭਾਉਂਦੇ ਸ਼ਬਦਾਂ ਨਾਲ ਬੋਲੋ। ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਲੋਕਾਂ ਦਾ ਨਿਰਮਾਣ ਕਰਦੇ ਹਨ। ਉਹ ਸ਼ਬਦ ਬੋਲੋ ਜਿਹੜੇ ਲੋਕਾਂ ਨੂੰ ਨਿਹਾਲ ਅਤੇ ਚੰਗਾ ਕਰਦੇ ਹਨ। ਲੋਕਾਂ ਨੂੰ ਪਰਮੇਸ਼ਰ ਦੀ ਸੇਵਾ ਕਰਦਿਆਂ ਹੋਇਆ ਜਦੋਂ ਤੁਸੀਂ ਪਰਮੇਸ਼ਰ ਬਾਰੇ ਬੋਲੋ, ਤਾਂ ਲੋਕਾਂ ਨੂੰ ਜਾਣੂ

ਕਰਾਓ ਕਿ ਉਹ ਕੀ ਕਰ ਸਕਦੇ ਹਨ, ਅਤੇ ਉਹਨਾਂ ਨੇ ਕੀ ਵਾਅਦਾ ਕੀਤਾ ਹੈ। ਮਨਭਾਉਂਦੇ ਸ਼ਬਦਾਂ ਦੀ ਸਮਰੱਥਾ ਨੂੰ ਪ੍ਰਦਾਨ ਕਰੋ।

# 24
# ਤੁਹਾਡਾ ਜੀਵਨ ਤੁਹਾਡੇ ਸ਼ਬਦਾਂ ਦੇ ਫਲ ਦੇ ਨਾਲ ਤ੍ਰਿਪਤ ਹੁੰਦਾ ਹੈ

**ਕਹਾਉਤਾਂ 12:14**
**ਆਦਮੀ ਆਪਣੇ ਬਚਨਾਂ ਦੇ ਫਲ ਦੇ ਕਾਰਨ ਭਲਿਆਈ ਨਾਲ ਤ੍ਰਿਪਤ ਹੁੰਦਾ ਹੈ ਅਤੇ ਜਿਹੀ ਕਿਸੇ ਦੀ ਕਰਨੀ ਤੇਹੀ ਉਸੇ ਦੀ ਭਰਨੀ ਹੁੰਦੀ ਹੈ।**

**ਕਹਾਉਤਾਂ 18:20**
**ਆਦਮੀ ਦਾ ਢਿੱਡ ਉਹ ਦੇ ਮੂੰਹ ਦੀਆਂ ਗੱਲਾਂ ਦੇ ਫਲ ਨਾਲ ਭਰਦਾ ਹੈ, ਅਤੇ ਆਪਣੇ ਬੁੱਲ੍ਹਾਂ ਦੀ ਪ੍ਰਾਪਤੀ ਨਾਲ ਉਹ ਰੱਜਦਾ ਹੈ।**

ਸਾਡੇ ਸ਼ਬਦ ਸਾਡੇ ਜੀਵਨ ਨੂੰ ਹਰੇਕ ਢੰਗ ਨਾਲ ਪ੍ਰਭਾਵਿਤ ਕਰਦੇ ਹਨ। ਉਹ ਸਾਡੇ ਅੰਦਰੂਨੀ ਮਨੁੱਖ ਨੂੰ ਪ੍ਰਭਾਵਿਤ ਕਰਦੇ ਹਨ। ਮਨੁੱਖ ਦਾ ਢਿੱਡ ਉਸ ਦੇ ਅੰਦਰੂਨੀ ਜੀਵ ਨੂੰ ਦਰਸਾਉਂਦਾ ਹੈ। ਜਿਸ ਤਰ੍ਹਾਂ ਢਿੱਡ ਭੋਜਨ ਨਾਲ ਤ੍ਰਿਪਤ ਹੁੰਦਾ ਹੈ, ਉਸ ਤਰ੍ਹਾਂ ਸਾਡੇ ਸ਼ਬਦਾਂ ਤੋਂ ਸਾਡਾ ਅੰਦਰੂਨੀ ਮਨੁੱਖ ਭਲਿਆਈ ਨਾਲ, ਸੰਤੁਸ਼ਟੀ ਨਾਲ, ਪੋਸ਼ਣ ਨਾਲ ਅਤੇ ਅਸੀਸ ਨਾਲ ਤ੍ਰਿਪਤ ਹੋ ਸਕਦਾ ਹੈ। ਸਾਡੇ ਸ਼ਬਦ ਸਾਡੇ ਜੀਵਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ। ਜੀਵਨ ਸਾਡੇ ਬੋਲਣ ਵਾਲੇ ਸ਼ਬਦਾਂ ਤੋਂ ਨਿੱਕਲੇ ਨਤੀਜਿਆਂ ਤੋਂ ਤ੍ਰਿਪਤੀ ਪ੍ਰਾਪਤ ਕਰਦਾ ਹੈ।ਅਸੀਂ ਆਪਣੇ ਸ਼ਬਦਾਂ ਦੇ ਨਤੀਜਿਆਂ ਦੇ ਨਾਲ ਰਹਿੰਦੇ ਹਾਂ, ਉਹ ਗੱਲਾਂ ਜਿਹੜੀਆਂ ਅਸੀਂ ਸਮੇਂ ਦੇ ਨਾਲ ਬੋਲਦੇ ਰਹੇ ਹਾਂ।

ਤੁਸੀਂ ਆਪਣੇ ਅੰਦਰੂਨੀ ਮਨੁੱਖ ਨੂੰ ਕਿਸ ਨਾਲ ਭਰਨਾ ਚਾਹੋਗੇ? ਭਰੋਸੇ, ਹਿੰਮਤ, ਵਿਸ਼ਵਾਸ, ਉਮੀਦ, ਧਾਰਮਿਕਤਾ, ਸ਼ਾਂਤੀ, ਅਨੰਦ, ਚੈਨ, ਬੁੱਧੀ, ਸਮਰੱਥਾ ਅਤੇ ਉਹਨਾਂ ਸਾਰੀਆਂ ਚੰਗੀਆਂ ਵਸਤਾਂ ਨਾਲ ਭਰੇ ਜਾਣ ਬਾਰੇ ਤੁਸੀਂ ਕੀ ਸੋਚਦੇ ਜਿਹੜੀਆਂ ਸਾਡੇ ਲਈ ਪਰਮੇਸ਼ਰ ਦੇ ਪੁੱਤਰਾਂ ਅਤੇ ਧੀਆਂ ਵਜੋਂ ਉਪਲਬਧ ਹਨ? ਸਪਸ਼ਟ ਤੌਰ ਤੇ! ਫਿਰ ਸਾਨੂੰ ਉਹ ਸ਼ਬਦ ਬੋਲਣ ਦੀ ਲੋੜ ਹੈ ਜਿਹੜੇ ਸਾਨੂੰ ਅਜਿਹੇ ਗੁਣਾਂ ਨਾਲ ਭਰ ਦੇਣ ਜੋ ਪਰਮੇਸ਼ਰ ਵੱਲੋਂ ਉਹਨਾਂ ਦੇ ਵਚਨ ਅਤੇ ਉਹਨਾਂ ਦੇ ਆਤਮਾ ਦੀ ਸਮਰੱਥਾ ਰਾਹੀਂ ਆਉਂਦੇ ਹਨ। ਪਰਮੇਸ਼ਰ

ਦੇ ਵਚਨ ਨੂੰ ਬੋਲੋ। ਜੋ ਮਸੀਹ ਵਿੱਚ ਤੁਹਾਡਾ ਹੈ, ਉਸ ਦੀ ਘੋਸ਼ਣਾ ਕਰੋਂ। ਘੋਸ਼ਣਾ ਕਰੋ ਕਿ ਤੁਸੀਂ ਉਹਨਾਂ ਦੇ ਰਾਜ ਦਾ ਹਿੱਸਾ ਹੋ ਅਤੇ ਇਸ ਲਈ, ਤੁਹਾਡੇ ਕੋਲ ਪਵਿੱਤਰ ਆਤਮਾ ਤੋਂ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਹੈ। ਘੋਸ਼ਣਾ ਕਰੋ ਕਿ ਤੁਹਾਡੇ ਕੋਲ ਉਹ ਸ਼ਾਂਤੀ ਹੈ, ਜਿਹੜੀ ਸ਼ਾਂਤੀ ਪ੍ਰਭੂ ਯਿਸੂ ਮਸੀਹ ਦਿੰਦੇ ਹਨ, ਉਹ ਸ਼ਾਂਤੀ ਜਿਹੜੀ ਇਹ ਸੰਸਾਰ ਨਹੀਂ ਦੇ ਸਕਦਾ, ਉਹ ਸ਼ਾਂਤੀ ਜੋ ਸਮਝ ਤੋਂ ਬਾਹਰ ਹੈ ਅਤੇ ਇਹ ਸ਼ਾਂਤੀ ਤੁਹਾਡੇ ਮਨ ਅਤੇ ਦਿਮਾਗ ਦੀ ਰਾਖੀ ਕਰਦੀ ਹੈ। ਘੋਸ਼ਣਾ ਕਰੋ ਕਿ ਤੁਹਾਡੇ ਕੋਲ ਸਮਰੱਥਾ, ਪਿਆਰ ਅਤੇ ਇੱਕ ਭਲਾ ਮਨ ਹੈ। ਯਹੋਵਾਹ ਤੁਹਾਡਾ ਭਰੋਸਾ ਹੈ, ਇਹ ਘੋਸ਼ਣਾ ਕਰੋ। ਤੁਸੀਂ ਸ਼ੇਰ ਦੀ ਤਰ੍ਹਾਂ ਦਲੇਰ ਹੋ। ਤੁਸੀਂ ਬਲਵੰਤ ਅਤੇ ਦਲੇਰ ਹੋ, ਕਿਉਂਕਿ ਤੁਸੀਂ ਜਿੱਥੇ ਵੀ ਜਾਂਦੇ ਹੋ ਯਹੋਵਾਹ ਤੁਹਾਡੇ ਨਾਲ ਹਨ। ਉਹ ਸ਼ਬਦ ਬੋਲੋ ਜਿਹੜੇ ਤੁਹਾਡੇ ਅੰਦਰੂਨੀ ਮਨੁੱਖ ਵਿੱਚ ਭਲੀਆਂ ਗੱਲਾਂ ਨੂੰ ਉਤਪੰਨ ਕਰਦੇ ਹਨ।

ਤੁਸੀਂ ਆਪਣੇ ਜੀਵਨ ਦੇ ਅਨੁਭਵ ਨੂੰ ਕਿਸ ਨਾਲ ਭਰਨਾ ਚਾਹੋਗੇ? ਤੁਸੀਂ ਆਪਣੇ ਵਰਤਮਾਨ ਅਤੇ ਭਵਿੱਖ ਨੂੰ ਕਿਸ ਨਾਲ ਭਰਨਾ ਚਾਹੋਗੇ? ਆਪਣੇ ਜੀਵਨ ਉੱਤੇ, ਤੁਹਾਡੇ ਵਰਤਮਾਨ ਉੱਤੇ ਅਤੇ ਤੁਹਾਡੇ ਭਵਿੱਖ ਉੱਤੇ ਪਰਮੇਸ਼ਰ ਦੇ ਵਾਅਦਿਆਂ ਨੂੰ ਬੋਲੋ। ਤੁਹਾਡਾ ਜੀਵਨ ਤੁਹਾਡੇ ਬੋਲਣ ਵਾਲੇ ਸ਼ਬਦਾਂ ਦੇ ਫਲ ਨਾਲ ਤ੍ਰਿਪਤ ਹੁੰਦਾ ਹੈ।

# 25
# ਤੁਹਾਡੇ ਸ਼ਬਦਾਂ ਵਿੱਚ ਜੀਵਨ ਅਤੇ ਮੌਤ ਦੀ ਸਮਰੱਥਾ ਹੈ

**ਕਹਾਉਤਾਂ 18:21**
**ਮੌਤ ਅਤੇ ਜੀਵਨ ਦੋਵੇਂ ਜੀਭ ਦੇ ਵੱਸ ਵਿੱਚ ਹਨ, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਉਹ ਉਸ ਦਾ ਫਲ ਖਾਣਗੇ।**

ਪਰਮੇਸ਼ਰ ਨੇ ਜੀਵਨ ਅਤੇ ਮੌਤ ਦੇ ਮੁੱਦਿਆਂ ਨੂੰ ਜੀਭ ਦੀ ਸਮਰੱਥਾ ਵਿੱਚ ਰੱਖਿਆ ਹੈ, ਭਾਵ, ਉਹਨਾਂ ਸ਼ਬਦਾਂ ਵਿੱਚ ਜਿਹੜੇ ਅਸੀਂ ਬੋਲਦੇ ਹਾਂ। ਸਾਡੇ ਸ਼ਬਦ ਜੀਵਨ ਜਾਂ ਮੌਤ ਲਿਆ ਸਕਦੇ ਹਨ। ਸਾਨੂੰ ਆਪਣੇ ਸ਼ਬਦਾਂ ਦੇ ਨਤੀਜਿਆਂ ਨੂੰ ਸਵੀਕਾਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਅਸੀਂ ਆਪਣੇ ਸ਼ਬਦਾਂ ਦੇ ਫਲ ਰਾਹੀਂ ਰਹਾਂਗੇ।

"ਮੌਤ" "ਸਰੀਰਕ ਤੌਰ ਤੇ ਮਰਨ" ਨੂੰ ਦਰਸਾਉਂਦੀ ਹੈ ਅਤੇ ਇਹ ਮਹਾਂਮਾਰੀ, ਰੋਗਾਂ ਅਤੇ ਨਾਸ ਨੂੰ ਦਰਸਾਉਣ ਲਈ ਲਾਖਣਿਕ ਤੌਰ ਤੇ ਵੀ ਵਰਤੀ ਜਾਂਦੀ ਹੈ। ਜੀਵਨ ਹਰੇਕ ਉਸ ਵਸਤੂ ਨੂੰ ਦਰਸਾਉਂਦਾ ਹੈ, ਜਿਸ ਦਾ ਸਬੰਧ ਸਕਾਰਾਤਮਕ ਢੰਗ ਨਾਲ ਜਿਉਂਦੇ ਹੋਣ ਨਾਲ ਹੁੰਦਾ ਹੈ ਅਤੇ ਇਸ ਵਿੱਚ ਤਾਜ਼ਗੀ ਅਤੇ ਬਲ ਸ਼ਾਮਲ ਹਨ।

ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ ਉਹ ਸ਼ਬਦ ਸਾਨੂੰ ਨਾਸ ਕਰ ਸਕਦੇ ਹਨ ਜਾਂ ਸਾਨੂੰ ਅਸੀਸ ਦੇ ਸਕਦੇ ਹਨ। ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ, ਉਹ ਸ਼ਬਦ ਸਾਨੂੰ ਜੀਵਨ ਅਤੇ ਬਲ ਦੇਣ ਲਈ ਸਮਰੱਥਾ ਨਾਲ ਭਰ ਸਕਦੇ ਹਨ ਜਾਂ ਜਿਹੜੇ ਸ਼ਬਦ ਅਸੀਂ ਬੋਲਦੇ ਹਾਂ, ਉਹ ਸ਼ਬਦ ਸਾਡੇ ਜੀਵਨਾਂ ਨੂੰ ਤੋੜ ਮਰੋੜ ਕੇ ਸਾਨੂੰ ਕਮਜ਼ੋਰ ਅਤੇ ਸੱਖਣਾ ਛੱਡ ਸਕਦੇ ਹਨ। ਪਰਮੇਸ਼ਰ ਨੇ ਸਾਡੇ ਸ਼ਬਦਾਂ ਨੂੰ ਸਾਡੇ ਉੱਤੇ ਅਜਿਹਾ ਪ੍ਰਭਾਵ ਅਤੇ ਅਸਰ ਪਾਉਣ ਲਈ ਤਿਆਰ ਕੀਤਾ ਹੈ।

ਇਸ ਲਈ, ਸਾਨੂੰ ਅਜਿਹੇ ਸ਼ਬਦਾਂ ਨੂੰ ਬੋਲਣ ਦੀ ਚੋਣ ਕਰਨੀ ਜ਼ਰੂਰੀ ਹੈ, ਜਿਹੜੇ ਸਾਡੇ ਆਪਣੇ ਲਈ ਅਤੇ ਦੂਜਿਆਂ ਲਈ ਜੀਵਨ ਅਤੇ ਅਸੀਸ ਪ੍ਰਦਾਨ

ਕਰਦੇ ਹਨ। ਪਰਮੇਸ਼ਰ ਦੇ ਵਚਨ ਨੂੰ ਬੋਲਣ ਤੋਂ ਵਧੀਆ ਹੋਰ ਕੁਝ ਨਹੀਂ ਹੋ ਸਕਦਾ ਹੈ। ਆਪਣੇ ਜੀਵਨ ਉੱਤੇ ਪਰਮੇਸ਼ਰ ਦੇ ਵਾਅਦਿਆਂ ਨੂੰ ਬੋਲੋ। ਇਹ ਬੋਲੋ ਕਿ ਪਰਮੇਸ਼ਰ ਨੇ ਤੁਹਾਨੂੰ ਮਸੀਹ ਵਿੱਚ ਇੱਕ ਨਵੀਂ ਸ੍ਰਿਸ਼ਟੀ ਵਜੋਂ ਘੋਸ਼ਿਤ ਕੀਤਾ ਹੈ। ਪਰਮੇਸ਼ਰ ਦੇ ਵਚਨ ਦੇ ਅਨੁਸਾਰ ਆਪਣੇ ਜੀਵਨ ਵਿੱਚ ਅਸੀਸ, ਖ਼ੁਸ਼ਹਾਲੀ, ਸਫ਼ਲਤਾ, ਭਰਪੂਰੀ ਅਤੇ ਭਲਿਆਈ ਨੂੰ ਬੋਲੋ। ਘੋਸ਼ਣਾ ਕਰੋ, ਕਿ ਤੁਸੀਂ ਬਹੁਤਿਆਂ ਲਈ ਅਸੀਸ ਬਣੋਗੇ। ਘੋਸ਼ਣਾ ਕਰੋ, ਕਿ ਤੁਸੀਂ ਹੋਰਨਾਂ ਲਈ ਅਸੀਸ ਬਣਨ ਲਈ ਅਸੀਸਵਾਨ ਹੋ। ਘੋਸ਼ਣਾ ਕਰੋ, ਕਿ ਤੁਸੀਂ ਆਪਣੇ ਲਈ ਪਰਮੇਸ਼ਰ ਦੇ ਸਾਰੇ ਉਦੇਸ਼ਾਂ ਅਤੇ ਸੌਂਪੇ ਹੋਏ ਕੰਮਾਂ ਨੂੰ ਪੂਰਾ ਕਰੋਗੇ। ਘੋਸ਼ਣਾ ਕਰੋ, ਕਿ ਤੁਹਾਡੇ ਜੀਵਨ ਰਾਹੀਂ ਪਰਮੇਸ਼ਰ ਦੀ ਵਡਿਆਈ ਹੋਵੇਗੀ। ਆਪਣੇ ਵਰਤਮਾਨ ਅਤੇ ਭਵਿੱਖ ਉੱਤੇ ਜੀਵਨ ਅਤੇ ਅਸੀਸ ਪ੍ਰਦਾਨ ਕਰਨ ਲਈ ਆਪਣੇ ਸ਼ਬਦਾਂ ਦੀ ਵਰਤੋਂ ਕਰੋ।

# 26
# ਤੁਹਾਡੇ ਮੂੰਹ ਵਿੱਚ ਉਹ ਦਾ ਵਚਨ ਕੌਮਾਂ ਉੱਤੇ ਪ੍ਰਭਾਵ ਪਾ ਸਕਦਾ ਹੈ

**ਯਿਰਮਿਯਾਹ 1:9,10**
**9 ਤਦ ਯਹੋਵਾਹ ਨੇ ਆਪਣਾ ਹੱਥ ਵਧਾ ਕੇ ਮੇਰੇ ਮੂੰਹ ਨੂੰ ਛੂਹਿਆ, ਅਤੇ ਯਹੋਵਾਹ ਨੇ ਮੈਨੂੰ ਆਖਿਆ,**
**ਵੇਖ ਮੈਂ ਆਪਣੇ ਵਚਨ ਤੇਰੇ ਮੂੰਹ ਵਿੱਚ ਪਾ ਦਿੱਤੇ।**
**10 ਵੇਖ ਮੈਂ ਅੱਜ ਦੇ ਦਿਨ ਤੈਨੂੰ ਕੌਮਾਂ ਉੱਤੇ ਅਤੇ ਪਾਤਸ਼ਾਹੀਆਂ ਉੱਤੇ ਠਹਿਰਾਇਆ ਹੈ,**
**ਕਿ ਤੂੰ ਪੁੱਟੇ ਤੇ ਢਾਵੇਂ,**
**ਨਾਸ ਕਰੇ ਤੇ ਡੇਗੇ,**
**ਬਣਾਵੇ ਤੇ ਲਾਵੇਂ।**

ਇਹਨਾਂ ਦੋ ਆਇਤਾਂ ਵਿੱਚ, ਅਸੀਂ ਭਵਿੱਖਬਾਣੀ ਦੇ ਵਚਨ ਦੀ ਸਮਰੱਥਾ ਬਾਰੇ ਵੇਖਦੇ ਹਾਂ। ਜਦੋਂ ਯਿਰਮਿਯਾਹ ਉਹ ਸ਼ਬਦ ਬੋਲਦਾ ਜਿਹੜੇ ਪਰਮੇਸ਼ਰ ਨੇ ਯਿਰਮਿਯਾਹ ਦੇ ਮੂੰਹ ਵਿੱਚ ਪਾਏ ਸਨ, ਤਾਂ ਕੌਮਾਂ ਅਤੇ ਪਾਤਸ਼ਾਹੀਆਂ ਵਿੱਚੋਂ, ਚੀਜ਼ਾਂ ਨੂੰ ਜੜ੍ਹੋਂ ਪੁੱਟਿਆ ਜਾਂਦਾ, ਢਾਹਿਆ ਜਾਂਦਾ, ਨਾਸ ਕਰ ਦਿੱਤਾ ਜਾਂਦਾ ਅਤੇ ਹੇਠਾਂ ਡੇਗ ਦਿੱਤਾ ਜਾਂਦਾ। ਕੌਮਾਂ ਅਤੇ ਪਾਤਸ਼ਾਹੀਆਂ ਜਿਨ੍ਹਾਂ ਨੂੰ ਪਰਮੇਸ਼ਰ ਹੇਠਾਂ ਡੇਗਣਾ ਚਾਹੁੰਦੇ ਸਨ, ਉਹਨਾਂ ਕੌਮਾਂ ਅਤੇ ਪਾਤਸ਼ਾਹੀਆਂ ਵਿੱਚ ਨਾਸ ਅਤੇ ਉੱਥਲ ਪੁਥਲ ਹੋ ਜਾਂਦੀ ਜਿਵੇਂ ਯਿਰਮਿਯਾਹ ਉਹ ਸ਼ਬਦ ਬੋਲਦਾ ਜਿਹੜੇ ਉਸ ਨੂੰ ਪਰਮੇਸ਼ਰ ਨੇ ਦਿੱਤੇ ਸਨ। ਅਤੇ ਚੀਜ਼ਾਂ ਦਾ ਨਿਰਮਾਣ ਵੀ ਕੀਤਾ ਜਾਂਦਾ, ਸਥਾਪਨਾ ਵੀ ਕੀਤੀ ਜਾਂਦੀ ਅਤੇ ਕੌਮਾਂ ਅਤੇ ਪਾਤਸ਼ਾਹੀਆਂ ਨੂੰ ਉਠਾਇਆ ਵੀ ਜਾਂਦਾ, ਜਿਵੇਂ ਯਿਰਮਿਯਾਹ ਭਵਿੱਖਬਾਣੀ ਦੇ ਸ਼ਬਦ ਬੋਲਦਾ।

ਭਵਿੱਖਬਾਣੀ ਦੇ ਸ਼ਬਦ ਪਵਿੱਤਰ ਆਤਮਾ ਦੀ ਪ੍ਰੇਰਨਾ ਨਾਲ ਲੋਕਾਂ ਰਾਹੀਂ ਪ੍ਰਦਾਨ ਕੀਤੇ ਜਾਣ ਵਾਲੇ ਸ਼ਬਦ ਹਨ। ਪਵਿੱਤਰ ਆਤਮਾ ਹੁਣ ਵੀ ਪਰਮੇਸ਼ਰ ਦੇ ਲੋਕਾਂ ਦੇ ਜੀਵਨਾਂ ਵਿੱਚ ਕੰਮ ਕਰਦਾ ਹੈ। ਪਵਿੱਤਰ ਆਤਮਾ ਹੁਣ ਵੀ ਸਾਡੇ ਉੱਤੇ ਭਵਿੱਖਬਾਣੀ ਕਰਨ ਵਾਲੇ ਅਤੇ ਪ੍ਰੇਰਨਾ ਵਾਲੇ ਸ਼ਬਦਾਂ ਜਾਂ ਕੌਮਾਂ ਅਤੇ ਲੋਕਾਂ ਉੱਤੇ ਭਵਿੱਖਬਾਣੀ ਕਰਨ ਵਾਲੇ ਸ਼ਬਦਾਂ ਨੂੰ ਪ੍ਰਦਾਨ ਕਰਨ ਲਈ ਪ੍ਰੇਰਨਾ ਦਿੰਦਾ ਹੈ।

ਜਿਸ ਤਰ੍ਹਾਂ ਕਿ ਪਰਮੇਸ਼ਰ ਆਪਣੇ ਸ਼ਬਦ ਸਾਡੇ ਮੂੰਹ ਵਿੱਚ ਪਾਉਂਦੇ ਹਨ ਅਤੇ ਅਸੀਂ ਉਹਨਾਂ ਨੂੰ ਬੋਲਦੇ ਹਾਂ, ਅਸੀਂ ਉਹਨਾਂ ਹਾਲਾਤਾਂ (ਆਤਮਿਕ, ਸਮਾਜਿਕ, ਆਰਥਿਕ, ਆਦਿ) ਨੂੰ ਪ੍ਰਭਾਵਿਤ ਕਰਦੇ ਹਾਂ ਜਿਹੜੇ ਕੌਮਾਂ ਅਤੇ ਪਾਤਸ਼ਾਹੀਆਂ ਉੱਤੇ ਪ੍ਰਬਲ ਹਨ। ਸਾਡੇ ਮੂੰਹੋਂ ਸਾਂਝੇ ਕੀਤੇ ਜਾਣ ਵਾਲੇ ਪਰਮੇਸ਼ਰ ਦੇ ਵਚਨ ਕੌਮਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਰਮੇਸ਼ਰ ਆਪਣੇ ਵਚਨਾਂ ਨੂੰ ਪੂਰਿਆਂ ਕਰਨ ਲਈ ਜਾਗਦੇ ਰਹਿੰਦੇ ਹਨ (ਯਿਰਮਿਯਾਹ 1:12)।

# 27

# ਸੁੱਕੀਆਂ ਹੱਡੀਆਂ ਨੂੰ ਬੋਲ ਕਿ ਉਹ ਜੀਉਂਦੀਆਂ ਹੋ ਸਕਣ

**ਹਿਜ਼ਕੀਏਲ 37:1-7**
**1ਯਹੋਵਾਹ ਦਾ ਹੱਥ ਮੇਰੇ ਉੱਤੇ ਸੀ, ਉਹ ਮੈਨੂੰ ਯਹੋਵਾਹ ਦੇ ਆਤਮਾ ਵਿੱਚ ਬਾਹਰ ਲੈ ਗਿਆ ਅਤੇ**
**ਉਸ ਵਾਦੀ ਵਿੱਚ ਜਿਹੜੀ ਹੱਡੀਆਂ ਨਾਲ ਭਰੀ ਹੋਈ ਸੀ, ਮੈਨੂੰ ਉਤਾਰ ਦਿੱਤਾ।**
**2 ਮੈਨੂੰ ਉਹਨਾਂ ਦੇ ਆਲੇ-ਦੁਆਲੇ ਚਾਰੇ ਪਾਸੇ ਘੁਮਾਇਆ ਅਤੇ ਵੇਖੋ, ਉਹ ਉਸ ਵਾਦੀ ਦੇ ਮੂੰਹ ਉੱਤੇ**
**ਬਹੁਤ ਸਾਰੀਆਂ ਸਨ ਅਤੇ ਵੇਖੋ, ਉਹ ਬਹੁਤ ਸੁੱਕੀਆਂ ਹੋਈਆਂ ਸਨ।**
**3 ਉਹ ਨੇ ਮੇਰੇ ਕੋਲੋਂ ਪੁੱਛਿਆ, ਹੇ ਮਨੁੱਖ ਦੇ ਪੁੱਤਰ, ਕੀ ਇਹ ਹੱਡੀਆਂ ਜੀਉਂਦੀਆਂ ਹੋ ਸਕਦੀਆਂ**
**ਹਨ? ਮੈਂ ਆਖਿਆ, ਹੇ ਪ੍ਰਭੂ ਯਹੋਵਾਹ, ਤੂੰ ਹੀ ਜਾਣਦਾ ਹੈਂ।**
**4 ਫੇਰ ਉਸ ਮੈਨੂੰ ਆਖਿਆ, ਤੂੰ ਇਹਨਾਂ ਹੱਡੀਆਂ ਉੱਤੇ ਭਵਿੱਖਬਾਣੀ ਕਰ ਅਤੇ ਇਹਨਾਂ ਨੂੰ ਆਖ,**
**ਹੇ ਸੁੱਕੀ ਹੱਡੀਓ, ਯਹੋਵਾਹ ਦਾ ਬਚਨ ਸੁਣੋ!**
**5 ਪ੍ਰਭੂ ਯਹੋਵਾਹ ਇਹਨਾਂ ਹੱਡੀਆਂ ਨੂੰ ਇਹ ਆਖਦਾ ਹੈ, ਵੇਖੋ! ਮੈਂ ਤੁਹਾਡੇ ਅੰਦਰ ਸਾਹ ਪਾਵਾਂਗਾ**
**ਅਤੇ ਤੁਸੀਂ ਜੀਉਂਦੀਆਂ ਹੋ ਜਾਓਗੀਆਂ।**
**6 ਮੈਂ ਤੁਹਾਡੇ ਉੱਤੇ ਨਾੜਾਂ ਦਿਆਂਗਾ, ਤੁਹਾਡੇ ਉੱਤੇ ਮਾਸ ਚੜ੍ਹਾਵਾਂਗਾ ਅਤੇ ਤੁਹਾਨੂੰ ਚੰਮ ਨਾਲ**
**ਢੱਕਾਂਗਾ। ਤੁਹਾਡੇ ਵਿੱਚ ਆਤਮਾ ਪਾਵਾਂਗਾ, ਤੁਸੀਂ ਜੀ ਪਵੋਗੀਆਂ ਅਤੇ ਤੁਸੀਂ ਜਾਣੋਗੀਆਂ ਕਿ ਮੈਂ**
**ਯਹੋਵਾਹ ਹਾਂ!**
**7 ਇਸ ਲਈ ਮੈਂ ਹੁਕਮ ਅਨੁਸਾਰ ਭਵਿੱਖਬਾਣੀ ਕੀਤੀ ਅਤੇ ਜਿਸ ਵੇਲੇ ਮੈਂ ਭਵਿੱਖਬਾਣੀ ਕਰ**
**ਰਿਹਾ ਸੀ, ਤਾਂ ਇੱਕ ਸ਼ੋਰ ਆਇਆ ਅਤੇ ਵੇਖੋ, ਇਹ ਭੂਚਾਲ ਸੀ ਅਤੇ ਹੱਡੀਆਂ ਇੱਕ ਦੂਜੀ ਨਾਲ**
**ਜੁੜ ਗਈਆਂ, ਹਰੇਕ ਹੱਡੀ ਆਪਣੀ ਹੱਡੀ ਨਾਲ।**

ਇਹ ਹਵਾਲਾ ਹਿਜ਼ਕੀਏਲ ਦੇ ਭਵਿੱਖਬਾਣੀ ਵਾਲੇ ਅਨੁਭਵ ਦੇ ਇੱਕ ਹਿੱਸੇ ਨੂੰ ਪ੍ਰਗਟ ਕਰਦਾ ਹੈ। ਇਹ ਸੁੱਕੀਆਂ ਹੱਡੀਆਂ ਇਸਰਾਏਲ ਕੌਮ ਦੀ ਤਸਵੀਰ ਸਨ, ਜੋ ਆਪਣੇ ਹੀ ਦੇਸ਼ ਤੋਂ ਖਿੰਡੇ ਹੋਏ ਸਨ ਅਤੇ ਨਿਰਾਸ਼ਾ ਮਹਿਸੂਸ ਕਰਦੇ ਸਨ (ਹਿਜ਼ਕੀਏਲ 37:11,12)। ਪਰਮੇਸ਼ਰ ਨੇ ਹਿਜ਼ਕੀਏਲ ਨੂੰ ਇਹਨਾਂ ਸੁੱਕੀਆਂ ਹੱਡੀਆਂ ਨੂੰ ਭਵਿੱਖਬਾਣੀ ਦੇ ਸ਼ਬਦ - ਪਰਮੇਸ਼ਰ ਰਾਹੀਂ ਦਿੱਤੇ ਸ਼ਬਦ ਬੋਲਣ ਲਈ ਆਖਿਆ ਸੀ। ਹੱਡੀਆਂ ਇੱਕ ਦੂਜੀ ਨਾਲ ਜੁੜ ਗਈਆਂ, ਉਹਨਾਂ ਉੱਤੇ ਮਾਸ ਚੜ੍ਹ ਆਇਆ, ਉਹਨਾਂ ਵਿੱਚ ਸਾਹ ਪੈ ਗਿਆ ਅਤੇ ਉਹ ਇੱਕ ਵੱਡੀ ਸੈਨਾ

ਦੇ ਰੂਪ ਵਿੱਚ ਜੀਉਂਦੀਆਂ ਹੋ ਕੇ ਖੜ੍ਹੀਆਂ ਹੋ ਗਈਆਂ (ਹਿਜ਼ਕੀਏਲ 37:10)। ਭਵਿੱਖਬਾਣੀ ਦੇ ਸ਼ਬਦ ਰਾਹੀਂ ਪੂਰੀ ਕੌਮ ਦਾ ਨਸੀਬ ਪ੍ਰਭਾਵਿਤ ਹੋਇਆ ਸੀ। ਭਵਿੱਖਬਾਣੀ ਦੇ ਸ਼ਬਦ ਇੱਕ ਮਾਧਿਅਮ ਸੀ, ਜਿਸ ਰਾਹੀਂ ਪਰਮੇਸ਼ਰ ਦੇ ਉਦੇਸ਼ਾਂ ਨੂੰ ਪੂਰਿਆਂ ਕਰਨ ਲਈ ਪਰਮੇਸ਼ਰ ਦੀ ਸਮਰੱਥਾ ਧਰਤੀ ਉੱਤੇ ਪ੍ਰਦਾਨ ਕੀਤੀ ਗਈ ਸੀ।

ਅੱਜ ਤੀਕ ਵੀ, ਪਵਿੱਤਰ ਆਤਮਾ ਸਾਨੂੰ ਪ੍ਰੇਰਨਾ ਦਿੰਦਾ ਹੈ ਅਤੇ ਸਾਨੂੰ ਭਵਿੱਖਬਾਣੀ ਨਾਲ ਬੋਲਣ ਲਈ ਸ਼ਬਦ ਦਿੰਦਾ ਹੈ। ਇਹ ਭਵਿੱਖਬਾਣੀ ਦੇ ਸ਼ਬਦ ਸਾਡੇ ਆਪਣੇ ਜੀਵਨ ਲਈ, ਦੂਜੇ ਲੋਕਾਂ ਦੇ ਜੀਵਨ ਲਈ, ਸ਼ਹਿਰਾਂ, ਪਾਤਸ਼ਾਹੀਆਂ ਅਤੇ ਕੌਮਾਂ ਲਈ ਹੋ ਸਕਦੇ ਹਨ। ਜਦੋਂ ਅਸੀਂ ਉਹ ਸ਼ਬਦ ਬੋਲਦੇ ਹਾਂ ਜਿਨ੍ਹਾਂ ਦੀ ਪਵਿੱਤਰ ਆਤਮਾ ਸਾਨੂੰ ਬੋਲਣ ਲਈ ਪ੍ਰੇਰਨਾ ਦਿੰਦਾ ਹੈ, ਤਾਂ ਸੁੱਕੀਆਂ ਹੱਡੀਆਂ ਵੀ ਜੀਉਂਦੀਆਂ ਹੋ ਜਾਂਦੀਆਂ ਹਨ! ਜੋ ਮਰਿਆ ਹੋਇਆ ਹੈ ਉਹ ਮੁੜ ਜੀਉਂਦਾ ਹੋ ਜਾਂਦਾ ਹੈ! ਲੋਕ ਅਤੇ ਕੌਮਾਂ ਉਮੀਦ ਅਤੇ ਜੀਵਨ ਨਾਲ ਖੜ੍ਹੇ ਹੋ ਜਾਂਦੇ ਹਨ। ਚੇਤੇ ਰੱਖੋ, ਜਿਸ ਤਰ੍ਹਾਂ ਪਵਿੱਤਰ ਆਤਮਾ ਤੁਹਾਨੂੰ ਪ੍ਰੇਰਨਾ ਦਿੰਦਾ ਹੈ, ਤਾਂ ਸੁੱਕੀਆਂ ਹੱਡੀਆਂ ਨੂੰ ਬੋਲੋ, ਅਤੇ ਉਹ ਜੀਉਂਦੀਆਂ ਹੋ ਜਾਣਗੀਆਂ!

# 28
# ਤੁਹਾਡੇ ਸ਼ਬਦ ਸਵਰਗ ਵਿੱਚ ਸੁਣੇ ਜਾਂਦੇ ਹਨ

**ਦਾਨੀਏਲ 10:12**
**ਤਦ ਉਸ ਨੇ ਮੈਨੂੰ ਆਖਿਆ, ਹੇ ਦਾਨੀਏਲ, ਨਾ ਡਰ ਕਿਉਂ ਜੋ ਪਹਿਲੇ ਹੀ ਦਿਨ ਤੋਂ ਜਦ ਤੂੰ ਆਪਣਾ ਮਨ ਸਮਝਣ ਲਈ ਅਤੇ ਆਪਣੇ ਪਰਮੇਸ਼ਰ ਦੇ ਅੱਗੇ ਅਧੀਨਗੀ ਕਰਨ ਲਈ ਲਾਇਆ, ਸੋ ਤੇਰੀਆਂ ਗੱਲਾਂ ਸੁਣੀਆਂ ਗਈਆਂ ਅਤੇ ਤੇਰੀਆਂ ਗੱਲਾਂ ਦੇ ਲਈ ਹੀ ਮੈਂ ਆਇਆ ਹਾਂ।**

ਜਿਹੜੇ ਸ਼ਬਦ ਅਸੀਂ ਇੱਥੇ ਧਰਤੀ ਉੱਤੇ ਬੋਲਦੇ ਹਾਂ, ਉਹ ਸ਼ਬਦ ਸਵਰਗ ਵਿੱਚ ਸੁਣੇ ਜਾਂਦੇ ਹਨ। ਸਾਡੇ ਰਾਹੀਂ ਬੋਲੇ ਜਾਣ ਵਾਲੇ ਸ਼ਬਦਾਂ ਦਾ ਜਵਾਬ ਦੇਣ ਲਈ ਦੂਤ ਪਰਮੇਸ਼ਰ ਰਾਹੀਂ ਭੇਜੇ ਜਾਂਦੇ ਹਨ।

ਅਸੀਂ ਪ੍ਰਾਰਥਨਾ ਵਿੱਚ ਸ਼ਬਦਾਂ ਨੂੰ ਬੋਲਦੇ ਹਾਂ। ਅਸੀਂ ਆਪਣੇ ਵਿਸ਼ਵਾਸ ਦਾ ਪ੍ਰਯੋਗ ਕਰਨ ਲਈ ਸ਼ਬਦਾਂ ਨੂੰ ਬੋਲਦੇ ਹਾਂ। ਅਸੀਂ ਸ਼ਬਦਾਂ ਨੂੰ ਬੋਲਦੇ ਹਾਂ, ਜਦੋਂ ਅਸੀਂ ਅੰਧਕਾਰ ਦੀਆਂ ਸ਼ਕਤੀਆਂ ਦੇ ਵਿਰੁੱਧ ਲੜਾਈ ਵਿੱਚ ਆਤਮਾ ਦੀ ਤਲਵਾਰ ਚਲਾਉਂਦੇ ਹਾਂ। ਅਸੀਂ ਲੋਕਾਂ ਨੂੰ ਅਸੀਸ ਦੇਣ ਲਈ ਸ਼ਬਦਾਂ ਨੂੰ ਬੋਲਦੇ ਹਾਂ। ਅਸੀਂ ਲੋਕਾਂ ਨੂੰ ਚੰਗਿਆਈ, ਛੁਟਕਾਰੇ ਅਤੇ ਚਮਤਕਾਰਾਂ ਦੀ ਸੇਵਾ ਕਰਨ ਲਈ, ਸ਼ਬਦਾਂ ਨੂੰ ਬੋਲਦੇ ਹਾਂ। ਅਸੀਂ ਪਹਾੜਾਂ ਨੂੰ ਹਟਾਉਣ ਅਤੇ ਤੂਫ਼ਾਨਾਂ ਨੂੰ ਸ਼ਾਂਤ ਕਰਨ ਲਈ, ਸ਼ਬਦਾਂ ਨੂੰ ਬੋਲਦੇ ਹਾਂ। ਅਸੀਂ ਧਰਤੀ ਉੱਤੇ ਆਪਣੇ ਅਧਿਕਾਰ ਦਾ ਪ੍ਰਯੋਗ ਕਰਦੇ ਹੋਏ ਬੰਨ੍ਹਣ ਅਤੇ ਖੋਲ੍ਹਣ ਲਈ ਸ਼ਬਦਾਂ ਨੂੰ ਬੋਲਦੇ ਹਾਂ। ਸਾਡੇ ਸ਼ਬਦਾਂ ਨੂੰ ਸਵਰਗ ਵਿੱਚ ਸੁਣਿਆ ਜਾਂਦਾ ਹੈ! ਸਾਡੇ ਸ਼ਬਦਾਂ ਦੇ ਜਵਾਬ ਵਿੱਚ ਦੂਤਾਂ ਨੂੰ ਭੇਜਿਆ ਜਾਂਦਾ ਹੈ।

ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਤੁਹਾਡੇ ਸ਼ਬਦਾਂ ਸਵਰਗ ਵਿੱਚ ਸੁਣਿਆ ਜਾਂਦਾ ਹੈ, ਤਾਂ ਤੁਸੀਂ ਕਿਹੜੇ ਸ਼ਬਦਾਂ ਨੂੰ ਬੋਲੋਗੇ? ਇਹ ਪਰਮੇਸ਼ਰ ਦਾ ਵਚਨ ਹੈ, ਜੋ ਸਵਰਗ ਵਿੱਚ ਪ੍ਰਬਲ ਹੈ। *"ਹੇ ਯਹੋਵਾਹ, ਸਦਾ ਤੀਕ ਤੇਰਾ ਵਚਨ ਅਕਾਸ਼ ਵਿੱਚ ਇਸਥਿਰ ਹੈ"* (ਜ਼ਬੂਰ 119:89)। ਜਿਹੜੇ ਸ਼ਬਦਾਂ ਨੂੰ ਅਸੀਂ ਪ੍ਰਾਰਥਨਾ, ਵਿਸ਼ਵਾਸ, ਯੁੱਧ, ਸੇਵਕਾਈ, ਅਤੇ ਅਧਿਕਾਰਾਂ ਦੀ ਵਰਤੋਂ ਵਿੱਚ ਬੋਲਦੇ ਹਾਂ – ਸਾਰੇ ਹਾਲਾਤਾਂ ਵਿੱਚ – ਉਹ ਸ਼ਬਦ ਸਵਰਗ ਵਿੱਚ ਪਹਿਲਾਂ ਹੀ ਇਸਥਿਰ

ਪਰਮੇਸ਼ਰ ਦੇ ਵਚਨ ਨਾਲ ਇਕਸਾਰ ਹੋਣੇ ਜ਼ਰੂਰੀ ਹਨ। ਚੇਤੇ ਰੱਖੋ, ਤੁਹਾਡੇ ਸ਼ਬਦਾਂ ਨੂੰ ਸਵਰਗ ਵਿੱਚ ਸੁਣਿਆ ਜਾਂਦਾ ਹੈ। ਹਮੇਸ਼ਾ ਸਵਰਗ ਨਾਲ ਗਠਜੋੜ ਹੋਕੇ ਬੋਲੋ ਅਤੇ ਸਵਰਗ ਤੁਹਾਡੇ ਪੱਖ ਵਿੱਚ ਅੱਗੇ ਰਹੇਗਾ।

# 29
# ਸ਼ਬਦ ਆਤਮਿਕ ਤੋਂ ਸੁਭਾਵਿਕਤਾ ਵਿੱਚ ਪਹੁੰਚ ਕਰਦੇ ਹਨ

**ਦਾਨੀਏਲ 10:17-19**
**17 ਇਸ ਲਈ ਪ੍ਰਭੂ ਦਾ ਦਾਸ ਆਪਣੇ ਪ੍ਰਭੂ ਦੇ ਨਾਲ ਕਿਵੇਂ ਗੱਲਾਂ ਕਰ ਸਕਦਾ ਹੈ? ਕਿਉਂ ਜੋ ਮੇਰੇ ਅੰਦਰ ਕੋਈ ਸ਼ਕਤੀ ਨਾ ਰਹੀ ਨਾ ਮੇਰੇ ਵਿੱਚ ਸਾਹ ਰਿਹਾ।**
**18 ਤਦ ਇੱਕ ਜਨ ਨੇ ਜਿਸ ਦਾ ਮੂੰਹ ਮਨੁੱਖ ਵਰਗਾ ਸੀ ਮੁੜ ਮੈਨੂੰ ਛੂਹਿਆ ਅਤੇ ਉਸ ਨੇ ਮੈਨੂੰ ਜ਼ੋਰ ਦਿੱਤਾ।**
**19 ਅਤੇ ਉਹ ਬੋਲਿਆ, ਹੇ ਪਿਆਰੇ ਮਨੁੱਖ, ਨਾ ਡਰ, ਤੈਨੂੰ ਸੁੱਖ-ਸਾਂਦ ਹੋਵੇ! ਜ਼ੋਰ ਫੜ, ਹਾਂ, ਬਲਵਾਨ ਹੋ! ਜਦੋਂ ਉਸ ਨੇ ਮੈਨੂੰ ਇਹ ਆਖਿਆ ਮੈਂ ਜ਼ੋਰ ਪਾਇਆ ਅਤੇ ਬੋਲਿਆ, ਹੇ ਮੇਰੇ ਸੁਆਮੀ, ਹੁਣ ਦੱਸ ਕਿਉਂ ਜੋ ਤੂੰ ਹੀ ਮੈਨੂੰ ਜ਼ੋਰ ਦਿੱਤਾ ਹੈ!**

ਜਿਸ ਤਰ੍ਹਾਂ ਕਿ ਇਹ ਦੂਤ ਦਾ ਦਾਨੀਏਲ ਕੋਲ ਆਉਣਾ ਹੁੰਦਾ ਹੈ, ਉਸ ਨੇ ਦੱਬਿਆ, ਕਮਜ਼ੋਰ, ਸ਼ਕਤੀਹੀਣ ਅਤੇ ਸ਼ਾਇਦ ਡਰਿਆ ਹੋਇਆ ਵੀ ਮਹਿਸੂਸ ਕੀਤਾ ਸੀ। ਦੂਤ ਨੇ ਉਸ ਨੂੰ ਛੂਹਿਆ ਅਤੇ ਉਸ ਨੂੰ ਇਹ ਸ਼ਬਦ ਬੋਲੇ, *"ਨਾ ਡਰ, ਤੈਨੂੰ ਸੁੱਖ-ਸਾਂਦ ਹੋਵੇ, ਬਲਵਾਨ ਹੋ"*। ਅਤੇ ਦਾਨੀਏਲ ਨੇ ਜ਼ੋਰ ਪਾਇਆ ਸੀ। ਦੂਤ ਰਾਹੀਂ ਦਾਨੀਏਲ ਨੂੰ ਬੋਲੇ ਗਏ ਸ਼ਬਦਾਂ ਨੇ, ਦਾਨੀਏਲ ਨੂੰ ਸ਼ਾਂਤੀ ਅਤੇ ਜ਼ੋਰ ਵਿੱਚ ਤਬਦੀਲ ਕਰ ਦਿੱਤਾ ਸੀ। ਸ਼ਬਦ ਆਤਮਿਕ ਖੇਤਰ ਅਤੇ ਕੁਦਰਤੀ ਖੇਤਰ ਨੂੰ ਆਪਸ ਵਿੱਚ ਜੋੜਦੇ ਹਨ। ਸ਼ਬਦ ਆਤਮਿਕ ਖੇਤਰ ਤੋਂ ਕੁਦਰਤੀ ਖੇਤਰ ਵਿੱਚ ਪ੍ਰਸਾਰਿਤ ਕਰਦੇ ਹਨ।

ਪਰਮੇਸ਼ਰ ਦੇ ਲੋਕ ਹੁੰਦੇ ਹੋਏ, ਸਾਨੂੰ ਆਤਮਿਕ ਅਤੇ ਕੁਦਰਤੀ ਦੋਵੇਂ ਖੇਤਰਾਂ ਵਿੱਚ ਕਿਰਿਆਸ਼ੀਲ ਹੋਣ ਲਈ ਤਿਆਰ ਕੀਤਾ ਗਿਆ। ਵਿਸ਼ਵਾਸੀ ਹੁੰਦੇ ਹੋਇਆਂ, ਆਤਮਿਕ ਖੇਤਰ ਵਿੱਚ ਸਾਡੇ ਕੋਲ ਪ੍ਰਭੂ ਯਿਸੂ ਮਸੀਹ ਵਿੱਚ ਪਰਮੇਸ਼ਰ ਦੇ ਸੱਜੇ ਹੱਥ ਬੈਠਣਾ ਹੈ। ਅਸੀਂ ਮਸੀਹ ਵਿੱਚ ਹਾਂ। ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਅਤੇ ਪ੍ਰਭੂ ਯਿਸੂ ਮਸੀਹ ਦੇ ਨਾਲ ਸਾਂਝੇ ਵਾਰਸ ਹਾਂ। ਇਹ ਉਹ ਹੈ, ਜੋ ਅਸੀਂ ਆਤਮਿਕ ਖੇਤਰ ਵਿੱਚ ਹਾਂ। ਸਾਡੇ ਸ਼ਬਦ ਸਾਨੂੰ ਉਹ ਲੈਣ ਵਿੱਚ ਜੋ ਪਰਮੇਸ਼ਰ ਨੇ ਸਾਨੂੰ ਆਤਮਿਕ ਖੇਤਰ ਵਿੱਚ ਦਿੱਤਾ ਹੈ ਅਤੇ ਕੁਦਰਤੀ ਖੇਤਰ ਵਿੱਚ ਕਿਸੇ ਲਈ ਪ੍ਰਬੰਧ

ਕਰਨ ਦੇ ਯੋਗ ਬਣਾਉਂਦੇ ਹਨ।

ਉਦਾਹਰਨ ਵਜੋਂ, ਜਦੋਂ ਅਸੀਂ ਰੋਗੀਆਂ ਦੀ ਸੇਵਾ ਕਰਦੇ ਹਾਂ ਅਤੇ ਉਹਨਾਂ ਲਈ ਚੰਗਿਆਈ ਦਾ ਹੁਕਮ ਦਿੰਦੇ ਹਾਂ, ਤਾਂ ਕੀ ਕੁਦਰਤੀ ਤੌਰ ਤੇ ਸਾਡੇ ਵਿੱਚ ਕੋਈ ਅਜਿਹੀ ਵਸਤੂ ਹੈ ਜਿਹੜੀ ਅਲੌਕਿਕ ਚੰਗਿਆਈ ਲਿਆ ਸਕਦੀ ਹੈ? ਬਿਲਕੁਲ ਨਹੀਂ। ਅਸੀਂ ਜੋ ਕਰ ਰਹੇ ਹਾਂ, ਉਹ ਪ੍ਰਭੂ ਯਿਸੂ ਮਸੀਹ ਦੇ ਸੰਪੂਰਨ ਕੰਮ ਨੂੰ ਲੈ ਰਹੇ ਹਾਂ, ਉਸ ਮਸਹ ਅਤੇ ਅਧਿਕਾਰ ਨੂੰ ਲੈ ਰਹੇ ਹਾਂ ਜਿਹੜਾ ਆਤਮਿਕ ਖੇਤਰ ਵਿੱਚ ਸਾਡਾ ਹੈ, ਅਤੇ ਉਹਨਾਂ ਨੂੰ ਮਨੁੱਖਾਂ ਦੀ ਸਰੀਰਕ ਚੰਗਿਆਈ ਲਈ ਪ੍ਰਬੰਧਿਤ ਕਰ ਰਹੇ ਹਾਂ। ਸਾਡੇ ਸ਼ਬਦ ਆਤਮਿਕ ਖੇਤਰ ਅਤੇ ਕੁਦਰਤੀ ਖੇਤਰ ਨੂੰ ਆਪਸ ਵਿੱਚ ਜੋੜਦੇ ਹਨ। ਜਦੋਂ ਅਸੀਂ ਪਰਮੇਸ਼ਰ ਦੇ ਵਚਨ ਦੇ ਅਧਾਰ ਤੇ ਬੋਲਦੇ ਹਾਂ, ਤਾਂ ਆਤਮਿਕ ਰੂਪ ਵਿੱਚ ਜੋ ਸਾਡਾ ਹੈ ਅਸੀਂ ਉਸ ਨੂੰ ਲੈਂਦੇ ਹਾਂ ਅਤੇ ਇਸ ਨੂੰ ਕੁਦਰਤ ਵਿੱਚ ਪ੍ਰਦਾਨ ਕਰ ਸਕਦੇ ਹਾਂ। ਅਸੀਂ ਇੱਥੇ ਇਹ ਵੇਖਣ ਲਈ ਹਾਂ, ਕਿ ਪਰਮੇਸ਼ਰ ਦਾ ਰਾਜ ਆਵੇ ਅਤੇ ਉਹਨਾਂ ਦੀ ਮਰਜ਼ੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਧਰਤੀ ਉੱਤੇ ਵੀ ਹੋਵੇ। ਸਾਡੇ ਅਜਿਹਾ ਕਰਨ ਦਾ ਇੱਕ ਢੰਗ ਇਹ ਹੈ, ਕਿ ਅਸੀਂ ਉਹਨਾਂ ਦੇ ਵਚਨ ਨਾਲ ਗਠਜੋੜ ਹੋ ਕੇ ਬੋਲਣਾ ਹੈ, ਤਾਂ ਕਿ ਜੋ ਉਹਨਾਂ ਨੇ ਸਾਨੂੰ ਆਤਮਿਕ ਰੂਪ ਵਿੱਚ ਦਿੱਤਾ ਹੈ, ਉਹ ਇੱਥੇ ਕੁਦਰਤੀ ਰੂਪ ਵਿੱਚ ਪ੍ਰਦਾਨ ਕੀਤਾ ਜਾਵੇ।

# 30
# ਕਮਜ਼ੋਰ ਆਖੇ, ਮੈਂ ਬਲਵੰਤ ਹਾਂ

**ਯੋਏਲ 3:9,10**
**9 ਕੌਮਾਂ ਵਿੱਚ ਇਸ ਗੱਲ ਦੀ ਘੋਸ਼ਣਾ ਕਰੋ, ਲੜਾਈ ਦੀ ਤਿਆਰੀ ਕਰੋ, ਸੂਰਮਿਆਂ ਨੂੰ ਪਰੇਰੋ, ਤਾਂ ਜੋ ਸਾਰੇ ਯੋਧੇ ਨੇੜੇ ਆਉਣ, ਉਹ ਉਤਾਹਾਂ ਆਉਣ!**
**10 ਤੁਸੀਂ ਆਪਣਿਆਂ ਹਲ਼ਾਂ ਦੀ ਫ਼ਾਲ ਨੂੰ ਕੁੱਟ ਕੇ ਤਲਵਾਰਾਂ ਅਤੇ ਆਪਣਿਆਂ ਦਾਤਰਿਆਂ ਨੂੰ ਬਰਛੀਆਂ ਬਣਾਓ! ਅਤੇ ਜੋ ਕਮਜ਼ੋਰ ਹੈ, ਉਹ ਆਖੇ, ਮੈਂ ਸੂਰਬੀਰ ਹਾਂ!**

ਯੋਏਲ 3 ਅਧਿਆਇ ਵਿੱਚ, ਯਹੋਸ਼ਾਫ਼ਾਤ ਦੀ ਘਾਟੀ ਵਿੱਚ ਹਰਮਗਿੱਦੋਨ ਦੀ ਲੜਾਈ ਅਤੇ ਪ੍ਰਭੂ ਦੇ ਦਿਨ ਬਾਰੇ ਇੱਕ ਭਵਿੱਖਬਾਣੀ ਹੈ। ਕੌਮਾਂ ਨੂੰ ਯੁੱਧ ਲਈ ਲਾਮਬੰਦ ਕੀਤਾ ਜਾ ਰਿਹਾ ਹੈ। ਯੋਏਲ ਨੇ ਸ਼ਾਂਤਮਈ ਔਜ਼ਾਰਾਂ (ਹਲ਼ਾਂ ਦੀ ਫ਼ਾਲ ਅਤੇ ਦਾਤਰਿਆਂ) ਨੂੰ ਵੀ ਯੁੱਧ ਦੇ ਹਥਿਆਰਾਂ (ਤਲਵਾਰਾਂ ਅਤੇ ਬਰਛੀਆਂ) ਵਿੱਚ ਤਬਦੀਲ ਕਰਨ ਦਾ ਵਰਣਨ ਕੀਤਾ ਹੈ। ਇਹਨਾਂ ਆਇਤਾਂ ਵਿੱਚ ਇਹ ਦਿਲਚਸਪ ਬਿਆਨ ਹੈ- ਜੋ ਕਮਜ਼ੋਰ ਹੈ, ਉਹ ਆਖੇ, ਮੈਂ ਸੂਰਬੀਰ ਹਾਂ! ਕਮਜ਼ੋਰਾਂ ਨੇ ਇਹ ਨਹੀਂ ਆਖਣਾ ਸੀ, "ਮੈਂ ਕਮਜ਼ੋਰ ਹਾਂ।" ਕਮਜ਼ੋਰਾਂ ਨੇ ਇਹ ਆਖਣਾ ਸੀ, *"ਮੈਂ ਸੂਰਬੀਰ ਹਾਂ।"* ਇੱਥੇ ਅਰਥ ਸੰਭਾਵਨਾ ਇਹ ਹੈ, ਕਿ ਕਮਜ਼ੋਰ ਇਹ ਆਖ ਕੇ ਬਲਵੰਤ ਬਣ ਸਕਦਾ ਹੈ, ਕਿ *"ਮੈਂ ਸੂਰਬੀਰ ਹਾਂ"* ਅਤੇ ਲੜਾਈ ਵਿੱਚ ਅੱਗੇ ਵੱਲ ਨੂੰ ਵਧ ਸਕਦਾ ਹੈ।

ਕੀ ਸਾਡੇ ਲਈ ਇਸ ਦੀ ਪੁਸ਼ਟੀ ਕਰਨੀ ਠੀਕ ਰਹੇਗੀ, ਕਿ ਪਰਮੇਸ਼ਰ ਨੇ ਸਾਡੇ ਲਈ ਆਪਣੇ ਵਚਨ ਵਿੱਚ ਇਸ ਪ੍ਰਕਾਰ ਦੀ ਇੱਕ ਵਿਧੀ ਨੂੰ ਘੋਸ਼ਿਤ ਕੀਤਾ ਹੈ, ਭਾਂਵੇ ਅਸੀਂ ਇਸ ਸਮੇਂ ਅਜਿਹਾ ਮਹਿਸੂਸ ਨਹੀਂ ਕਰਦੇ?

ਕੀ ਪਾਪ ਨਾਲ ਸੰਘਰਸ਼ ਕਰ ਰਹੇ ਲੋਕਾਂ ਲਈ ਇਹ ਆਖਣਾ ਠੀਕ ਰਹੇਗਾ, "ਪਾਪ ਦੀ ਮੇਰੇ ਉੱਤੇ ਕੋਈ ਹਕੂਮਤ ਨਹੀਂ ਹੋਵੇਗੀ" ਤਾਂ ਜੋ ਉਹ ਪਾਪ ਉੱਤੇ ਜਿੱਤ ਪ੍ਰਾਪਤ ਕਰਦੇ ਹੋਏ ਚੱਲ ਸਕਣ? ਹਾਂ ਜੀ ਬਿਲਕੁਲ!

ਜਿਹੜੇ ਲੋਕ ਪਾਪ ਅਤੇ ਪਰਤਾਵੇ ਦਾ ਸਾਹਮਣਾ ਕਰ ਰਹੇ ਹਨ (ਜੋ ਅਸੀਂ

ਸਾਰੇ ਹਾਂ) ਆਖਣ, "ਮੇਰੇ ਪੁਰਾਣੇ ਪਾਪੀ ਸੁਭਾਅ ਨੂੰ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਹੈ ਅਤੇ ਮੇਰੇ ਜੀਵਨ ਉੱਤੋਂ ਪਾਪ ਦੀ ਸ਼ਕਤੀ ਦੇ ਬੰਧਨਾਂ ਨੂੰ ਤੋੜ ਦਿੱਤਾ ਗਿਆ ਹੈ। ਪਾਪ ਦੀ ਮੇਰੇ ਉੱਤੇ ਕੋਈ ਹਕੂਮਤ ਨਹੀਂ ਹੋਵੇਗੀ।"

ਕੀ ਰੋਗੀਆਂ ਲਈ ਇਹ ਆਖਣਾ ਠੀਕ ਰਹੇਗਾ, ਕਿ ਅਸੀਂ "ਪ੍ਰਭੂ ਯਿਸੂ ਮਸੀਹ ਦੇ ਮਾਰ ਖਾਣ ਤੋਂ ਨਰੋਇਆ ਕੀਤਾ ਗਏ ਹਾਂ" ਤਾਂ ਜੋ ਉਹ ਨਰੋਏ ਹੋ ਸਕਣ? ਹਾਂ ਜੀ ਬਿਲਕੁਲ!

ਰੋਗੀ ਇਹ ਆਖਣ, "ਕਿ ਪ੍ਰਭੂ ਯਿਸੂ ਮਸੀਹ ਨੇ ਆਪਣੇ ਉੱਤੇ ਮੇਰੇ ਸਾਡੇ ਰੋਗਾਂ ਨੂੰ ਲੈ ਲਿਆ ਹੈ ਅਤੇ ਮੇਰੇ ਦੁੱਖਾਂ ਨੂੰ ਚੁੱਕ ਲਿਆ ਹੈ ਅਤੇ ਉਹਨਾਂ ਦੇ ਮਾਰ ਖਾਣ ਨਾਲ, ਮੈਂ ਨਰੋਇਆ ਕੀਤਾ ਗਿਆ ਹਾਂ।"

ਕੀ ਲੋੜਵੰਦਾਂ ਲਈ ਇਹ ਆਖਣਾ ਠੀਕ ਰਹੇਗਾ, "ਕਿ ਸਾਡੇ ਪਰਮੇਸ਼ਰ ਸਾਡੀਆਂ ਸਾਰੀਆਂ ਲੋੜਾਂ ਨੂੰ ਪੂਰਿਆਂ ਕਰਦੇ ਹਨ" ਤਾਂ ਜੋ ਉਹਨਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ? ਹਾਂ ਜੀ ਬਿਲਕੁਲ!

ਜਿਹੜੇ ਵੀ ਲੋੜਵੰਦ ਹਨ ਇਹ ਆਖਣ, "ਯਹੋਵਾਹ ਮੇਰਾ ਅਯਾਲੀ ਹੈ, ਮੈਨੂੰ ਥੁੜ ਨਹੀਂ ਹੋਵੇਗੀ।" ਮੇਰਾ ਪਰਮੇਸ਼ਰ ਮਹਿਮਾ ਵਿੱਚ ਆਪਣੇ ਧਨ ਦੇ ਅਨੁਸਾਰ ਮੇਰੀ ਹਰੇਕ ਥੁੜ ਨੂੰ ਪ੍ਰਭੂ ਯਿਸੂ ਮਸੀਹ ਵਿੱਚ ਸੰਪੂਰਨ ਕਰੇਗਾ।

ਜਿਹੜੇ ਬਲਹੀਣ ਮਹਿਸੂਸ ਕਰਦੇ ਹਨ ਕਿ ਉਹਨਾਂ ਲਈ ਇਹ ਆਖਣਾ ਠੀਕ ਰਹੇਗਾ, "ਸੱਚਮੁੱਚ ਅਸੀਂ ਸਮਰੱਥਾ ਨਾਲ ਭਰੇ ਹੋਏ ਹਾਂ, ਕਿਉਂਕਿ ਪਵਿੱਤਰ ਆਤਮਾ ਸਾਡੇ ਉੱਤੇ ਉੱਤਰਿਆ ਹੈ" ਤਾਂ ਜੋ ਉਹ ਆਤਮਾ ਦੀ ਸਮਰੱਥਾ ਵਿੱਚ ਕੰਮ ਕਰ ਸਕਣ? ਹਾਂ ਜੀ ਬਿਲਕੁਲ!

ਆਓ ਆਖੀਏ, "ਮੇਰੇ ਉੱਤੇ ਪਵਿੱਤਰ ਆਤਮਾ ਉੱਤਰਨ ਤੋਂ ਬਾਅਦ ਮੈਂ ਸਮਰੱਥਾ ਨੂੰ ਪ੍ਰਾਪਤ ਕੀਤਾ ਹੈ, ਮੈਂ ਗਰੀਬਾਂ ਨੂੰ ਖੁਸ਼ ਖ਼ਬਰੀ ਸਣਾਉਣ, ਟੁੱਟੇ ਦਿਲ ਵਾਲਿਆਂ ਨੂੰ ਚੰਗਾ ਕਰਨ ਅਤੇ ਬੰਦੀਆਂ ਨੂੰ ਛੁਟਕਾਰੇ ਦਾ ਪਰਚਾਰ ਕਰਨ ਲਈ ਮਸਹ ਕੀਤਾ ਗਿਆ ਹਾਂ।"

ਪੁਸ਼ਟੀ ਕਰੋ, ਕਿ ਪਰਮੇਸ਼ਰ ਦਾ ਵਚਨ ਤੁਹਾਡੇ ਬਾਰੇ ਕੀ ਆਖਦਾ ਹੈ, ਭਾਵੇਂ ਤੁਸੀਂ ਬਿਲਕੁਲ ਹੀ ਉਲਟ ਮਹਿਸੂਸ ਕਰਦੇ ਹੋ। ਪਰਮੇਸ਼ਰ ਦਾ ਵਚਨ

ਸਚਿਆਈ ਹੈ। ਤੱਥ ਬਦਲ ਸਕਦੇ ਹਨ। ਪਰਮੇਸ਼ਰ ਦਾ ਸੱਚ ਸਦੀਪਕ ਹੈ ਅਤੇ ਬਦਲੇਗਾ ਨਹੀਂ। ਤੁਸੀਂ ਜੋ ਸਾਹਮਣਾ ਕਰ ਰਹੇ ਹੋ, ਉਸ ਦੇ ਤੱਥਾਂ ਨੂੰ ਪਰਮੇਸ਼ਰ ਦੇ ਵਚਨ ਦੀ ਸਚਿਆਈ ਦੇ ਨਾਲ ਇਕਸਾਰ ਕਰਨ ਲਈ ਬਦਲਿਆ ਜਾ ਸਕਦਾ ਹੈ। ਕਮਜ਼ੋਰ ਆਖੇ "ਮੈਂ ਸੂਰਬੀਰ ਹਾਂ" ਅਤੇ ਇਸ ਤਰ੍ਹਾਂ ਬਲਵੰਤ ਬਣੇ।

# 31
# ਤੁਹਾਡੇ ਸ਼ਬਦਾਂ ਨਾਲ ਪਰਮੇਸ਼ਰ ਨੂੰ ਨਾਰਾਜ਼ ਨਾ ਕਰੋ

**ਮਲਾਕੀ 3:13-16**
**[13] ਤੁਹਾਡੀਆਂ ਗੱਲਾਂ ਮੇਰੇ ਵਿਰੁੱਧ ਕਰੜੀਆਂ ਹਨ,**
**ਯਹੋਵਾਹ ਆਖਦਾ ਹੈ,**
**ਤਦ ਵੀ ਤੁਸੀਂ ਆਖਦੇ ਹੋ,**
**ਤੇਰੇ ਵਿਰੁੱਧ ਸਾਡੇ ਕੋਲੋਂ ਕੀ ਬੋਲਿਆ ਗਿਆ?**
**[14] ਤੁਸੀਂ ਆਖਿਆ,**
**ਪਰਮੇਸ਼ਰ ਦੀ ਸੇਵਾ ਵਿਅਰਥ ਹੈ**
**ਅਤੇ ਕੀ ਲਾਭ ਹੈ ਕਿ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ**
**ਅਤੇ ਸੈਨਾਂ ਦੇ ਯਹੋਵਾਹ ਦੇ**
**ਸਨਮੁਖ ਸਿਆਪਾ ਕਰਦੇ ਹੋਏ ਚੱਲੀਏ?**
**[15] ਹੁਣ ਤਾਂ ਅਸੀਂ ਆਕੜਬਾਜ਼ਾਂ ਨੂੰ ਧੰਨ ਆਖਦੇ ਹਾਂ**
**ਅਤੇ ਦੁਸ਼ਟ ਸਫ਼ਲ ਹੀ ਹੁੰਦੇ ਹਨ।**
**ਉਹ ਪਰਮੇਸ਼ਰ ਨੂੰ ਪਰਤਾ ਕੇ ਵੀ ਛੁਟਕਾਰਾ ਪਾਉਂਦੇ ਹਨ।**
**[16] ਤਦ ਯਹੋਵਾਹ ਦਾ ਭੈਅ ਮੰਨਣ ਵਾਲਿਆਂ ਨੇ ਇੱਕ ਦੂਜੇ ਨਾਲ ਗੱਲਾਂ ਕੀਤੀਆਂ**
**ਅਤੇ ਯਹੋਵਾਹ ਨੇ ਧਿਆਨ ਦੇ ਕੇ ਸੁਣੀਆਂ**
**ਤਾਂ ਯਹੋਵਾਹ ਤੋਂ ਡਰਨ ਵਾਲਿਆਂ ਲਈ**
**ਅਤੇ ਉਸ ਦੇ ਨਾਮ ਦਾ ਵਿਚਾਰ ਕਰਨ ਵਾਲਿਆਂ ਲਈ**
**ਉਸ ਦੇ ਸਨਮੁਖ ਯਾਦਗਿਰੀ ਦੀ ਪੁਸਤਕ ਲਿਖੀ ਗਈ।**

ਕਲਪਨਾ ਕਰੋ, ਕਿ ਪਰਮੇਸ਼ਰ ਨੂੰ ਉਹਨਾਂ ਗੱਲਾਂ ਅਤੇ ਸ਼ਬਦਾਂ ਤੋਂ ਸੱਟ ਅਤੇ ਦੁੱਖ ਲੱਗਿਆ ਹੋਵੇ, ਜਿਹੜੇ ਪਰਮੇਸ਼ਰ ਦੇ ਲੋਕਾਂ ਨੇ ਬੋਲੇ ਹੋਣ। ਆਇਤ 16 ਸਾਨੂੰ ਸੂਚਨਾ ਦਿੰਦੀ ਹੈ, ਕਿ ਜਿਹੜੇ ਲੋਕ ਪਰਮੇਸ਼ਰ ਦੇ ਸਨਮਾਨ ਬਾਰੇ ਬੋਲਦੇ ਅਤੇ ਉਹਨਾਂ ਦੇ ਨਾਮ ਦਾ ਵਿਚਾਰ ਕਰਦੇ ਹਨ, ਇਹਨਾਂ ਲੋਕਾਂ ਨੂੰ ਲਿਪੀਬੱਧ ਕਰਨ ਲਈ ਯਾਦਗਿਰੀ ਦੀ ਇੱਕ ਪੁਸਤਕ ਲਿਖੀ ਗਈ।

ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ, ਪਰਮੇਸ਼ਰ ਉਹਨਾਂ ਸ਼ਬਦਾਂ ਨੂੰ ਸੁਣਦੇ

ਹਨ। ਜਦੋਂ ਤੁਹਾਨੂੰ ਬੋਲਦਿਆਂ ਹੋਇਆ ਪਰਮੇਸ਼ਰ ਸੁਣਨ ਤਾਂ ਤੁਸੀਂ ਉਹਨਾਂ ਨੂੰ ਕਿਸ ਤਰ੍ਹਾਂ ਦਾ ਮਹਿਸੂਸ ਕਰਾਉਣਾ ਪਸੰਦ ਕਰੋਗੇ? ਇਹ ਗੱਲ ਤਾਂ ਪੱਕੀ ਹੈ, ਕਿ ਅਸੀਂ ਆਪਣੇ ਸ਼ਬਦਾਂ ਨਾਲ ਪਰਮੇਸ਼ਰ ਨੂੰ ਦੁਖੀ ਜਾਂ ਨਾਰਾਜ਼ ਕਰਨ ਦੀ ਇੱਛਾ ਨਹੀਂ ਰੱਖਦੇ ਹਾਂ।

ਕਿਸ ਤਰ੍ਹਾਂ ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਜੋ ਅਸੀਂ ਬੋਲਦੇ ਹਾਂ ਉਹ ਸਾਡੇ ਪਰਮੇਸ਼ਰ ਨੂੰ ਵਡਿਆਈ ਅਤੇ ਉਸਤਤ ਦਿੰਦਾ ਹੈ ਅਤੇ ਉਹਨਾਂ ਦੇ ਮਨ ਨੂੰ ਖੁਸ਼ ਕਰਦਾ ਹੈ? ਜਦੋਂ ਅਸੀਂ ਉਹ ਬੋਲਦੇ ਹਾਂ, ਜੋ ਉਹਨਾਂ ਦੇ ਵਚਨ ਅਨੁਸਾਰ ਹੈ ਅਤੇ ਉਹ ਕਰਦੇ ਹਾਂ, ਜੋ ਉਹਨਾਂ ਦੀਆਂ ਨਜ਼ਰਾਂ ਵਿੱਚ ਠੀਕ ਹੈ।

ਤੁਹਾਡੇ ਸ਼ਬਦਾਂ ਨਾਲ ਪਰਮੇਸ਼ਰ ਨੂੰ ਨਾਰਾਜ਼ ਨਾ ਹੋਣ ਦਿਓ। ਉਹ ਆਖੋ, ਜੋ ਪਰਮੇਸ਼ਰ ਨੇ ਆਖਿਆ ਹੈ। ਹਰੇਕ ਹਾਲਾਤ ਵਿੱਚ ਉਹਨਾਂ ਦੇ ਵਚਨ ਨੂੰ ਬੋਲੋ। ਪਰਮੇਸ਼ਰ ਜਾਣਨ, ਕਿ ਤੁਸੀਂ ਹਰੇਕ ਹਾਲਾਤ ਵਿੱਚ ਉਹਨਾਂ ਦਾ ਅਤੇ ਉਹਨਾਂ ਦੇ ਵਚਨ ਦਾ ਆਦਰ ਕਰਦੇ ਹੋ।

# 32
# “ਇਹ ਲਿਖਿਆ ਹੋਇਆ ਹੈ” ਆਖਣਾ ਸਿੱਖੋ – ਪ੍ਰਭੂ ਯਿਸੂ ਮਸੀਹ ਨੇ ਇਹ ਕੀਤਾ ਸੀ

**ਮੱਤੀ 4:1-4**
**1 ਤਦ ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿੱਚ ਗਿਆ ਕਿ ਸ਼ੈਤਾਨ ਕੋਲੋਂ ਉਸ ਨੂੰ ਪਰਤਾਇਆ ਜਾਵੇ।**
**2 ਜਦ ਉਸ ਨੇ ਚਾਲ੍ਹੀ ਦਿਨ ਅਤੇ ਰਾਤ ਵਰਤ ਰੱਖਿਆ ਤਾਂ ਅੰਤ ਵਿੱਚ ਉਹ ਨੂੰ ਭੁੱਖ ਲੱਗੀ।**
**3 ਤਦ ਸ਼ੈਤਾਨ ਨੇ ਆ ਕੇ ਉਸ ਨੂੰ ਆਖਿਆ, ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਆਖ ਜੋ ਇਹ ਪੱਥਰ ਰੋਟੀਆਂ ਬਣ ਜਾਣ।**
**4 ਪਰ ਉਹ ਨੇ ਉੱਤਰ ਦਿੱਤਾ, ਜੋ ਪਵਿੱਤਰ ਸ਼ਾਸਤਰ ਵਿੱਚ ਲਿਖਿਆ ਹੈ ਕਿ ਮਨੁੱਖ ਸਿਰਫ਼ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ, ਪਰ ਹਰੇਕ ਵਚਨ ਨਾਲ ਜਿਹੜਾ ਪਰਮੇਸ਼ੁਰ ਦੇ ਮੂੰਹੋਂ ਨਿੱਕਲਦਾ ਹੈ।**

ਪ੍ਰਭੂ ਯਿਸੂ ਮਸੀਹ, ਜਿਨ੍ਹਾਂ ਦੀ ਅਸੀਂ ਨਕਲ ਕਰਦੇ ਅਤੇ ਹਰੇਕ ਗੱਲ ਵਿੱਚ ਪਿੱਛੇ ਚੱਲਦੇ ਹਾਂ, ਉਹ ਸਾਡੀ ਸੰਪੂਰਨ ਉਦਹਾਰਨ ਹਨ। ਅਸੀਂ ਸਾਡੇ ਲਈ ਉਹਨਾਂ ਤਿੰਨ ਪਰਤਾਵਿਆਂ ਨੂੰ ਲਿਪੀਬੱਧ ਕੀਤਾ ਹੈ, ਜਿਨ੍ਹਾਂ ਦਾ ਪ੍ਰਭੂ ਯਿਸੂ ਮਸੀਹ ਨੇ ਉਜਾੜ ਵਿੱਚ ਸਾਹਮਣਾ ਕੀਤਾ ਸੀ। ਸਿਰਫ਼ ਇਹ ਹੀ ਪਰਤਾਵੇ ਨਹੀਂ ਸਨ, ਜਿਨ੍ਹਾਂ ਦਾ ਉਹਨਾਂ ਨੇ ਕਦੇ ਸਾਹਮਣਾ ਕੀਤਾ ਸੀ। ਉਹ ਸਾਰੀਆਂ ਗੱਲਾਂ (ਹਰੇਕ ਖੇਤਰ, ਹਰੇਕ ਤਰੀਕੇ) ਵਿੱਚ ਸਾਡੇ ਵਾਂਗ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ (ਇਬਰਾਨੀਆਂ 4:15)। ਸਾਡੇ ਕੋਲ ਇਹ ਸਾਰੇ ਪਰਤਾਵੇ ਦਰਜ ਨਹੀਂ ਹਨ। ਪਰੰਤੂ, ਮੱਤੀ 4 ਵਿੱਚ ਦਰਜ ਤਿੰਨ ਪਰਤਾਵਿਆਂ ਵਿੱਚ, ਅਸੀਂ ਵੇਖਦੇ ਹਾਂ, ਕਿ ਹਰੇਕ ਵਾਰ ਪ੍ਰਭੂ ਯਿਸੂ ਮਸੀਹ ਨੇ ਵਚਨ ਨੂੰ ਬੋਲ ਕੇ ਪਰਤਾਵੇ ਦਾ ਜਵਾਬ ਦਿੱਤਾ। ਹਰੇਕ ਵਾਰ, ਪ੍ਰਭੂ ਯਿਸੂ ਮਸੀਹ ਨੇ ਆਖਿਆ, “ਇਹ ਲਿਖਿਆ ਹੈ।” ਇਸ ਲਈ, ਅਸੀਂ ਨਿਸ਼ਚਿਤ ਹੋ ਸਕਦੇ ਹਾਂ, ਕਿ ਪ੍ਰਭੂ ਯਿਸੂ ਮਸੀਹ ਨੇ ਵਚਨ ਬੋਲ ਕੇ ਹਰੇਕ ਪਰਤਾਵੇ ਨਾਲ ਇੱਕ ਤਰ੍ਹਾਂ ਦੇ ਢੰਗ ਨਾਲ ਹੀ ਨਜਿੱਠਿਆ।

ਹਰੇਕ ਪਰਤਾਵੇ ਵਿੱਚ, ਹਰੇਕ ਹਾਲਾਤ ਵਿੱਚ, ਇਹ ਆਖਣਾ ਸਿੱਖੋ “ਇਹ

ਲਿਖਿਆ ਹੈ।” ਉਹ ਆਖੋ, ਜੋ ਪਰਮੇਸ਼ਰ ਨੇ ਆਖਿਆ ਹੈ। ਉਹ ਪਰਤਾਵੇ ਅਤੇ ਹਾਲਾਤ ਜਿਹੜੇ ਤੁਹਾਨੂੰ ਚੁਣੌਤੀ ਦਿੰਦੇ ਹਨ ਉਹਨਾਂ ਉੱਤੇ ਜਿੱਤ ਪਾਉਣ ਲਈ ਵਚਨ ਨੂੰ ਬੋਲੋ। ਜਦੋਂ ਪਰਤਾਵੇ ਦਾ ਸਾਹਮਣਾ ਕਰਦੇ ਹੋਏ, ਇਹ ਆਖੋ, “ਇਹ ਲਿਖਿਆ ਹੈ” ਕਿ ਮੇਰਾ ਸਰੀਰ ਪਵਿੱਤਰ ਆਤਮਾ ਦੀ ਹੈਕਲ ਹੈ ਅਤੇ ਉਹ ਮੇਰੇ ਅੰਦਰ ਵਾਸ ਕਰਦਾ ਹੈ। “ਇਹ ਲਿਖਿਆ ਹੈ” ਕਿ ਪਾਪ ਦੀ ਮੇਰੇ ਉੱਤੇ ਕੋਈ ਹਕੂਮਤ ਨਹੀਂ ਹੋਵੇਗੀ। ਮੈਂ ਆਪਣੇ ਸਰੀਰ ਨੂੰ ਨੇਕੀ ਦੇ ਸਾਧਨ ਵਜੋਂ ਸੌਂਪਦਾ ਹਾਂ। ਜਦੋਂ ਤੁਸੀਂ ਅਜਿਹੇ ਹਾਲਾਤ ਦਾ ਸਾਹਮਣਾ ਕਰਦੇ ਹਾਂ, ਜਿੱਥੇ ਚੁਣੌਤੀਆਂ ਬੇਕਾਬੂ ਲੱਗਦੀਆਂ ਹੋਣ, ਇਹ ਆਖੋ, “ਇਹ ਲਿਖਿਆ ਹੈ” ਕਿ ਮੈਂ ਪਰਮੇਸ਼ਰ ਤੋਂ ਜੰਮਿਆ ਹਾਂ ਅਤੇ ਮੈਂ ਇਸ ਸੰਸਾਰ ਉੱਤੇ ਜਿੱਤ ਪਾਉਂਦਾ ਹਾਂ। ਇਹ ਉਹ ਜਿੱਤ ਹੈ ਅਤੇ ਮੇਰਾ ਵਿਸ਼ਵਾਸ ਵੀ ਹੈ, ਜਿਹੜਾ ਇਸ ਸੰਸਾਰ ਉੱਤੇ ਜਿੱਤ ਪਾਉਂਦਾ ਹੈ। ਪਰਮੇਸ਼ਰ ਹਮੇਸ਼ਾ ਮੇਰੀ ਜਿੱਤ ਦਾ ਕਾਰਨ ਬਣਦੇ ਹਨ। ਮੈਂ ਇਸ ਹਾਲਾਤ ਵਿੱਚ ਵੀ ਜਿੱਤਾਂਗਾ। ਇਹ ਆਖਣਾ ਸਿੱਖੋ, “ਇਹ ਲਿਖਿਆ ਹੈ।” ਪ੍ਰਭੂ ਯਿਸੂ ਮਸੀਹ ਨੇ ਵੀ ਇਹ ਕੀਤਾ ਸੀ। ਹਰੇਕ ਹਾਲਾਤ ਵਿੱਚ ਪਰਮੇਸ਼ਰ ਦੇ ਵਚਨ ਨੂੰ ਬੋਲੋ।

# 33
# ਵਚਨ ਨਾਲ ਭੂਤਾਂ ਨੂੰ ਬਾਹਰ ਕੱਢੋ

**ਮੱਤੀ 8:16**
**ਅਤੇ ਜਦੋਂ ਸ਼ਾਮ ਹੋਈ, ਉਸ ਦੇ ਕੋਲ ਬਹੁਤਿਆਂ ਨੂੰ ਲਿਆਏ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ; ਅਤੇ ਉਸ ਨੇ ਬਚਨ ਨਾਲ ਭੂਤਾਂ ਨੂੰ ਕੱਢ ਦਿੱਤਾ ਅਤੇ ਸਾਰੇ ਰੋਗੀਆਂ ਨੂੰ ਚੰਗਾ ਕੀਤਾ।**

ਜਦੋਂ ਅਸੀਂ ਇੰਜੀਲਾਂ ਵਿੱਚ ਪ੍ਰਭੂ ਯਿਸੂ ਮਸੀਹ ਦੀ ਸੇਵਕਾਈ ਬਾਰੇ ਪੜ੍ਹਦੇ ਹਾਂ, ਤਾਂ ਅਸੀਂ ਸਿੱਖਦੇ ਹਾਂ, ਕਿ ਉਹ ਦੁਸ਼ਟ ਆਤਮਾਵਾਂ ਨਾਲ ਕਿਸ ਤਰ੍ਹਾਂ ਨਜਿੱਠਦੇ ਸਨ। ਉਹਨਾਂ ਨੇ ਵਚਨ ਨੂੰ ਬੋਲਦੇ ਹੋਏ ਹੁਕਮ ਨਾਲ, ਭੂਤਾਂ ਉੱਤੇ ਆਪਣੇ ਅਧਿਕਾਰ ਅਤੇ ਹਕੂਮਤ ਦਾ ਪ੍ਰਯੋਗ ਕੀਤਾ। ਮੱਤੀ ਇੱਥੇ ਹਵਾਲਾ ਦਿੰਦਾ ਹੈ, ਕਿ ਉਹਨਾਂ ਨੇ ਇੱਕ ਵਚਨ ਨਾਲ ਭੂਤਾਂ ਨੂੰ ਬਾਹਰ ਕੱਢਿਆ। ਉਹਨਾਂ ਨੇ ਕੇਵਲ ਹੁਕਮ ਦਾ ਇੱਕ ਵਚਨ ਬੋਲਿਆ।

ਆਓ, ਪ੍ਰਭੂ ਯਿਸੂ ਮਸੀਹ ਦੀ ਉਦਹਾਰਨ ਦੀ ਪਾਲਣਾ ਕਰੀਏ। ਸਾਡੇ ਸ਼ਬਦ ਉਸ ਅਧਿਕਾਰ ਅਤੇ ਹਕੂਮਤ ਦਾ ਪ੍ਰਗਟੀਕਰਨ ਹਨ ਜੋ ਮਸੀਹ ਵਿੱਚ ਸਾਨੂੰ ਦਿੱਤਾ ਗਿਆ ਹੈ। ਅਸੀਂ ਉਹਨਾਂ ਦੇ ਨਾਮ ਦੀ ਵਰਤੋਂ ਕਰਨ ਦੇ ਹੱਕ ਰਾਹੀਂ ਸਾਨੂੰ ਸੌਂਪੇ ਗਏ ਅਧਿਕਾਰ ਨੂੰ ਲੈ ਕੇ ਚੱਲਦੇ ਹਾਂ। ਅਸੀਂ ਉਹਨਾਂ ਦੇ ਅਧਿਕਾਰ ਵਿੱਚ ਚੱਲਦੇ ਹਾਂ। ਜਦੋਂ ਅਸੀਂ ਦੁਸ਼ਟ ਸ਼ਕਤੀਆਂ ਨਾਲ ਮੁਕਾਬਲਾ ਕਰਦੇ ਹਾਂ, ਤਾਂ ਅਸੀਂ ਅਧਿਕਾਰ ਦੇ ਵਚਨ ਬੋਲ ਕੇ ਅਜਿਹਾ ਕਰਦੇ ਹਾਂ। ਅਸੀਂ ਹੁਕਮ ਦੇ ਇੱਕ ਵਚਨ ਨਾਲ ਭੂਤਾਂ ਨੂੰ ਬਾਹਰ ਕੱਢਦੇ ਹਾਂ।

ਅਧਿਕਾਰ ਦੇ ਵਚਨ ਨੂੰ ਬੋਲਣਾ ਸਿੱਖੋ। ਤੁਸੀਂ ਇਹ ਆਪਣੇ ਲਈ ਕਰਦੇ ਹੋ ਅਤੇ ਤੁਸੀਂ ਦੂਜਿਆਂ ਲਈ ਵੀ ਕਰਦੇ ਹੋ, ਜਦੋਂ ਤੁਸੀ ਉਹਨਾਂ ਦੀ ਸੇਵਾ ਕਰਦੇ ਹੋ। ਜਦੋਂ ਡਰ ਦੇ ਵਿਚਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਹ ਆਖਣਾ ਸਿੱਖੋ, ਮੈਂ ਡਰ ਦੀ ਆਤਮਾ ਨੂੰ "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੁਕਮ ਦਿੰਦਾ ਹਾਂ" ਉਹ ਹੁਣੇ ਛੱਡ ਕੇ ਚਲੀ ਜਾਵੇ। ਮੈਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਡਰ ਦੇ ਵਿਚਾਰਾਂ ਨੂੰ ਰੱਦ ਕਰਦਾ ਹਾਂ। ਮਿਸਾਲ ਦੇ ਤੌਰ ਤੇ, ਤੁਸੀਂ ਉਸ ਹਾਲਾਤ ਦੀ ਦੁਸ਼ਟ ਆਤਮਾ ਨੂੰ ਪੁਕਾਰੋ ਜੋ ਉਸ ਹਾਲਾਤ ਦਾ ਕਾਰਨ ਬਣ ਰਹੀ ਹੈ।

ਜੇਕਰ ਤੁਸੀਂ ਮਹਿਸੂਸ ਕਰਦੇ ਹੋ, ਕਿ ਕੋਈ ਅਸਾਧਾਰਨ ਜਾਂ ਨਾ ਸਮਝੀ ਜਾਣ ਵਾਲੀ "ਚੀਜ਼" ਉਲਝਣ ਪੈਦਾ ਕਰ ਰਹੀ ਹੈ, ਤਾਂ ਉਸ ਉਲਝਣ ਉੱਤੇ ਅਧਿਕਾਰ ਦੀ ਵਰਤੋਂ ਕਰੋ। ਇਹ ਆਖਣਾ ਸਿੱਖੋ, "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਇਸ ਹਾਲਾਤ ਵਿੱਚ ਉਲਝਣ ਦਾ ਕੰਮ ਕਰ ਰਹੀਆਂ ਦੁਸ਼ਟ ਆਤਮਾਵਾਂ ਉੱਤੇ ਅਧਿਕਾਰ ਦੀ ਵਰਤੋਂ ਕਰਦਾ ਹਾਂ। ਮੈਂ ਉਹਨਾਂ ਦਾ ਕੰਮ ਬੰਨ੍ਹਦਾ ਹਾਂ। ਮੈਂ ਉਹਨਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਛੱਡ ਕੇ ਚਲੇ ਜਾਣ ਦਾ ਹੁਕਮ ਦਿੰਦਾ ਹਾਂ।" ਜਦੋਂ ਤੁਸੀਂ ਕਿਸੇ ਰੋਗੀ ਲਈ ਪ੍ਰਾਰਥਨਾ ਕਰਦੇ ਹੋ ਅਤੇ ਤੁਹਾਨੂੰ ਪਤਾ ਲੱਗੇ, ਕਿ ਉਸ ਦੇ ਇਹ ਹਾਲਾਤ ਦਾ ਕਾਰਨ ਇੱਕ ਦੁਸ਼ਟ ਆਤਮਾ ਹੈ, ਤਾਂ ਤੁਸੀਂ ਇਹ ਆਖੋ, "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਇਸ ਕਮਜ਼ੋਰੀ ਦੀ ਆਤਮਾ ਉੱਤੇ ਅਧਿਕਾਰ ਦੀ ਵਰਤੋਂ ਕਰਦਾ ਹਾਂ ਅਤੇ ਇਸ ਨੂੰ ਹੁਣੇ ਛੱਡ ਕੇ ਚਲੇ ਜਾਣ ਦਾ ਹੁਕਮ ਦਿੰਦਾ ਹਾਂ।"

ਵਚਨ ਦੇ ਹੁਕਮ ਨਾਲ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢੋ। ਪ੍ਰਭੂ ਯਿਸੂ ਮਸੀਹ ਨੇ ਅਜਿਹਾ ਕੀਤਾ ਸੀ, ਅਤੇ ਅਸੀਂ ਵੀ ਅਜਿਹਾ ਕਰਨਾ ਹੈ।

# 34
# ਜਦੋਂ ਤੁਸੀਂ ਧਰਤੀ ਉੱਤੇ ਉਹ ਦਾ ਇਕਰਾਰ ਕਰਦੇ ਹੋ, ਤਾਂ ਤੁਹਾਡਾ ਜ਼ਿਕਰ ਸਵਰਗ ਵਿੱਚ ਕੀਤਾ ਜਾਂਦਾ ਹੈ

**ਮੱਤੀ 10:32,33**
**32 ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸਵਰਗ ਵਿੱਚ ਹੈ ਉਹ ਦਾ ਇਕਰਾਰ ਕਰਾਂਗਾ**
**33 ਪਰ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸਵਰਗ ਦੇ ਵਿੱਚ ਹੈ ਉਹ ਦਾ ਇਨਕਾਰ ਕਰਾਂਗਾ।**

ਪ੍ਰਭੂ ਯਿਸੂ ਮਸੀਹ ਦੇ ਸ਼ਬਦ ਬਹੁਤ ਸਪਸ਼ਟ ਹਨ। ਜੇਕਰ ਅਸੀਂ ਮਨੁੱਖਾਂ ਦੇ ਸਾਹਮਣੇ ਉਹਨਾਂ ਦਾ ਇਕਰਾਰ ਕਰਦੇ, ਤਾਂ ਉਹ ਸਵਰਗ ਵਿੱਚ ਪਿਤਾ ਦੇ ਸਾਹਮਣੇ ਸਾਡਾ ਇਕਰਾਰ ਕਰਦੇ ਹਨ।

ਯੂਨਾਨੀ ਭਾਸ਼ਾਂ ਵਿੱਚ "ਇਕਰਾਰ" ਸ਼ਬਦ *'ਹੋਮੋਲੋਗੀਆ'* ਹੈ, ਯੂਨਾਨੀ ਭਾਸ਼ਾਂ ਦੇ ਸ਼ਬਦ *'ਹੋਮੋ'* ਦਾ ਇੱਕ ਮਿਸ਼ਰਿਤ ਸ਼ਬਦ ਹੈ ਜਿਸ ਦਾ ਅਰਥ ਹੈ "ਉਸੇ ਤਰ੍ਹਾਂ" ਅਤੇ ਯੂਨਾਨੀ ਭਾਸ਼ਾਂ ਦੇ ਸ਼ਬਦ *'ਲੋਗੋ'* ਦਾ ਅਰਥ ਹੈ "ਕੁਝ ਆਖਿਆ ਗਿਆ।" ਇਸ ਲਈ, "ਇਕਰਾਰ ਕਰਨ" ਦਾ ਅਰਥ ਹੈ "ਉਸੇ ਗੱਲ ਨੂੰ ਆਖਣਾ, ਹਾਮੀ ਭਰਨਾ, ਸਹਿਮਤੀ ਦੇਣਾ, ਮੰਨਣਾ, ਦਾਅਵਾ ਕਰਨਾ।"

"ਇਕਰਾਰ ਕਰਨ" ਤੋਂ ਭਾਵ ਹੈ "ਉਸੇ ਗੱਲ ਨੂੰ ਆਖਣਾ, ਜਿਹੜਾ ਦੂਜਾ ਵਿਅਕਤੀ ਆਖਦਾ ਹੈ।" ਬਾਈਬਲ ਦਾ ਨੇਮ ਇਹ ਹੈ, ਕਿ ਜੋ ਪਰਮੇਸ਼ਰ ਨੇ ਆਪਣੇ ਵਚਨ ਵਿੱਚ ਆਖਿਆ ਹੈ- ਉਹ ਦੇ ਇਕਰਾਰ ਵਿੱਚ ਆਉਣਾ। ਇਹ ਉਹ ਹੀ ਗੱਲ ਆਖ ਰਿਹਾ ਹੈ, ਜਿਹੜੀ ਪਰਮੇਸ਼ਰ ਨੇ ਆਖੀ ਹੈ। ਤੁਸੀਂ ਪਰਮੇਸ਼ਰ ਦੇ ਵਚਨ ਦੇ ਉਲਟ ਆਪਣੀ ਹੀ ਗੱਲ ਆਖ ਕੇ ਉਸ ਨੂੰ ਇਕਰਾਰ ਨਹੀਂ ਆਖ ਸਕਦੇ ਹੋ।

ਸਾਨੂੰ ਇਕਰਾਰ ਕਰਨਾ ਚਾਹੀਦਾ ਹੈ, ਕਿ ਪ੍ਰਭੂ ਯਿਸੂ ਮਸੀਹ ਨੇ ਆਖਿਆ

ਹੈ, ਕਿ ਉਹ ਕੌਣ ਹਨ। ਸਾਡਾ ਇਕਰਾਰ ਉਸ ਨਾਲ ਸਹਿਮਤ ਹੋਣਾ ਚਾਹੀਦਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਆਪਣੇ ਬਾਰੇ ਆਖਿਆ ਸੀ। ਪ੍ਰਭੂ ਯਿਸੂ ਮਸੀਹ (ਮਸੀਹਾ), ਜਿਉਂਦੇ ਪਰਮੇਸ਼ਰ ਦਾ ਪੁੱਤਰ ਹੈ। ਉਹ ਰਾਹ, ਸਚਿਆਈ ਅਤੇ ਜੀਵਨ ਹਨ; ਕੋਈ ਵੀ ਉਹਨਾਂ ਦੇ ਵਸੀਲੇ ਬਿਨਾਂ ਪਿਤਾ ਕੋਲ ਨਹੀਂ ਆ ਸਕਦਾ। ਜਦੋਂ ਅਸੀਂ ਉਹਨਾਂ ਦਾ ਇਕਰਾਰ ਕਰਦੇ ਹਾਂ, ਅਰਥਾਤ, ਮਨੁੱਖਾਂ ਦੇ ਸਾਹਮਣੇ ਉਸੇ ਗੱਲ ਨੂੰ ਆਖਦੇ ਹਾਂ, ਜਿਹੜੀ ਉਹਨਾਂ ਨੇ ਆਪਣੇ ਬਾਰੇ ਆਖੀ ਸੀ, ਤਾਂ ਉਹ ਸਵਰਗ ਵਿੱਚ ਪਿਤਾ ਦੇ ਸਾਹਮਣੇ ਸਾਡਾ (ਸਾਡੇ ਨਾਲ ਉਸ ਦੇ ਰਿਸ਼ਤੇ ਵਿੱਚ ਜੋ ਅਸੀਂ ਆਪਣੇ ਬਾਰੇ ਆਖਦੇ ਹਾਂ ਉਸ ਨਾਲ ਸਹਿਮਤ ਹੋਵੇਗਾ) ਇਕਰਾਰ ਕਰੇਗਾ। ਤੁਸੀਂ ਫਿਰ ਆਖ ਸਕਦੇ ਹੋ, “ਮੈਂ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਧੋਤਾ ਹੋਇਆ, ਪਾਪ ਤੋਂ ਬਚਾਇਆ ਗਿਆ ਅਤੇ ਪਰਮੇਸ਼ਰ ਦੇ ਰਾਜ ਵਿੱਚ ਬਦਲ ਦਿੱਤਾ ਗਿਆ ਪਰਮੇਸ਼ਰ ਦਾ ਬੱਚਾ ਹਾਂ” ਅਤੇ ਇਸ ਤਰ੍ਹਾਂ ਅਤੇ ਇਹ ਹੀ ਢੰਗ ਨਾਲ ਹੈ, ਜੋ ਪ੍ਰਭੂ ਯਿਸੂ ਮਸੀਹ ਸਵਰਗ ਵਿੱਚ ਪਿਤਾ ਦੇ ਸਾਹਮਣੇ ਤੁਹਾਡੇ ਬਾਰੇ ਸਵੀਕਾਰ ਕਰੇਗਾ!

ਪ੍ਰਭੂ ਯਿਸੂ ਮਸੀਹ ਬਾਰੇ ਆਖੋ, ਜੋ ਉਹਨਾਂ ਨੇ ਆਪਣੇ ਬਾਰੇ ਕੀ ਆਖਿਆ ਹੈ ਅਤੇ ਪਰਮੇਸ਼ਰ ਦਾ ਵਚਨ ਉਹਨਾਂ ਦੇ ਬਾਰੇ ਜੋ ਪ੍ਰਗਟ ਕਰਦਾ ਹੈ। ਉਹ ਮੁਕਤੀਦਾਤਾ ਹਨ। ਉਹ ਚੰਗਾ ਕਰਨ ਵਾਲੇ ਹਨ। ਉਹ ਛੁਟਕਾਰਾ ਦੇਣ ਵਾਲੇ ਹਨ। ਉਹ ਸ਼ਾਂਤੀ ਦੇ ਰਾਜਕੁਮਾਰ ਹਨ। ਮਨੁੱਖਾਂ ਸਾਹਮਣੇ ਉਹਨਾਂ ਦਾ ਇਕਰਾਰ ਕਰੋ। ਉਹ ਪਿਤਾ ਸਾਹਮਣੇ ਤੁਹਾਡਾ ਇਕਰਾਰ ਕਰਨਗੇ।

# 35
# ਵਚਨ ਉਹ ਨੂੰ ਜੋ ਤੁਹਾਡੇ ਮਨ ਵਿੱਚ ਹੁੰਦਾ ਹੈ ਤੁਹਾਡੇ ਜੀਵਨ ਵਿੱਚ ਪ੍ਰਦਾਨ ਕਰਦੇ ਹਨ

**ਮੱਤੀ 12:33-35**

**33 ਜੇ ਰੁੱਖ ਨੂੰ ਚੰਗਾ ਆਖੋ, ਤਾਂ ਉਸ ਦੇ ਫਲ ਨੂੰ ਵੀ ਚੰਗਾ ਆਖੋ ਜਾਂ ਰੁੱਖ ਨੂੰ ਬੁਰਾ ਆਖੋ ਤਾਂ ਉਸ ਦੇ ਫਲ ਨੂੰ ਵੀ ਬੁਰਾ ਆਖੋ, ਕਿਉਂਕਿ ਰੁੱਖ ਆਪਣੇ ਫਲਾਂ ਤੋਂ ਹੀ ਪਛਾਣਿਆ ਜਾਂਦਾ ਹੈ।**
**34 ਹੇ ਸੱਪਾਂ ਦੇ ਬੱਚਿਓ! ਤੁਸੀਂ ਬੁਰੇ ਹੋ ਕੇ ਚੰਗੀਆਂ ਗੱਲਾਂ ਕਿਵੇਂ ਕਰ ਸਕਦੇ ਹੋ? ਕਿਉਂਕਿ ਜੋ ਮਨ ਵਿੱਚ ਭਰਿਆ ਹੋਇਆ ਹੈ ਉਹੀ ਮੂੰਹ ਵਿੱਚੋਂ ਨਿੱਕਲਦਾ ਹੈ।**
**35 ਭਲਾ ਮਨੁੱਖ ਮਨ ਦੇ ਭਲੇ ਖ਼ਜ਼ਾਨੇ ਵਿੱਚੋਂ ਭਲੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖ਼ਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ।**

ਰੁੱਖ ਆਪਣੇ ਫਲਾਂ ਤੋਂ ਹੀ ਪਛਾਣਿਆ ਜਾਂਦਾ ਹੈ। ਰੁੱਖ ਜੋ ਫਲ ਦਿੰਦਾ ਹੈ, ਉਹ ਇਸ ਉੱਤੇ ਨਿਰਭਰ ਕਰਦਾ ਹੈ, ਕਿ ਰੁੱਖ ਵਿੱਚ ਕੀ ਹੈ ਅਤੇ ਇਹ ਕਿਸ ਪ੍ਰਕਾਰ ਦਾ ਰੁੱਖ ਹੈ। ਫਿਰ ਪ੍ਰਭੂ ਯਿਸੂ ਮਸੀਹ ਇਸ ਨੂੰ ਲੋਕਾਂ ਨਾਲ ਜੋੜਦੇ ਹਨ। ਜੇਕਰ ਮਨ ਬੁਰਾ ਹੈ, ਤਾਂ ਮੂੰਹ ਬੁਰਿਆਈ ਹੀ ਬੋਲਗਾ ਕਿਉਂਕਿ ਜੋ ਮਨ ਦੇ ਵਿੱਚ ਹੁੰਦਾ ਹੈ, ਉਹ ਹੀ ਸਾਡੇ ਮੂੰਹ ਸ਼ਬਦਾਂ ਰਾਹੀਂ ਬਾਹਰ ਆਉਂਦਾ ਹੈ।

ਆਇਤ 35 ਵਿੱਚੋਂ, ਅਸੀਂ ਸਿੱਖਦੇ ਹਾਂ ਕਿ ਅਸੀਂ ਆਪਣੇ ਜੀਵਨ ਵਿੱਚ ਜੋ ਪੈਦਾ ਕਰਦੇ ਹਾਂ (ਫਲ) ਸਾਡੇ ਅੰਦਰ ਜੋ ਹੁੰਦਾ ਹੈ, ਉਹ ਇਸ ਉੱਤੇ ਨਿਰਭਰ ਕਰਦਾ ਹੈ। ਜੇਕਰ ਤੁਹਾਡੇ ਅੰਦਰ ਭਲੀਆਂ ਗੱਲਾਂ ਭਰੀਆਂ(ਚੰਗਾ ਖਜ਼ਾਨਾ) ਹਨ, ਤਾਂ ਤੁਸੀਂ ਚੰਗੇ ਫਲ ਪੈਦਾ ਕਰੋਗੇ – ਆਪਣੇ ਜੀਵਨ ਵਿੱਚ ਭਲੀਆਂ ਗੱਲਾਂ ਨੂੰ ਉਤਪੰਨ ਕਰੋ।

ਸਾਡੇ ਅੰਦਰ ਜੋ ਕੁਝ ਹੈ (ਚੰਗੇ ਖਜ਼ਾਨੇ) ਉਸ ਨੂੰ ਸਾਡੇ ਜੀਵਨ (ਫਲ) ਵਿੱਚ ਉਤਪੰਨ ਕਰਨ ਵਿੱਚ ਸ਼ਬਦ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਮਨ ਵਿੱਚ ਭਰੀਆਂ ਗੱਲਾਂ (ਚੰਗੇ ਖਜ਼ਾਨੇ) ਤੋਂ ਹੀ ਮੂੰਹ ਬੋਲਦਾ ਹੈ।

ਸ਼ਬਦ ਸਾਡੇ ਅੰਦਰ ਭਰੀਆਂ ਹੋਈਆਂ ਗੱਲਾਂ ਨੂੰ ਸਾਡੇ ਜੀਵਨ ਵਿੱਚ ਪ੍ਰਦਾਨ

ਕਰਦੇ ਹਨ। ਸਾਡੇ ਮਨ ਵਿੱਚ ਜਮ੍ਹਾਂ ਕੀਤੀਆਂ ਗੱਲਾਂ ਸਾਡੇ ਜੀਵਨਾ ਵਿੱਚ ਉਹਨਾਂ ਸ਼ਬਦਾਂ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਬੋਲਦੇ ਹਾਂ।

ਚੰਗੀਆਂ ਗੱਲਾਂ ਨੂੰ ਭਰੋ। ਸਾਨੂੰ ਹਿਦਾਇਤ ਦਿੱਤੀ ਗਈ ਹੈ ਕਿ ਮਸੀਹ ਦਾ ਵਚਨ ਸਾਡੇ ਵਿੱਚ ਵਧੇਰੇ ਵੱਸੇ (ਕੁਲੁੱਸੀਆਂ 3:16)। ਆਪਣੇ ਅੰਦਰ ਪਰਮੇਸ਼ਰ ਦੇ ਵਚਨ ਦਾ ਭਰਪੂਰ ਖਜ਼ਾਨਾ ਰੱਖੋ। ਫਿਰ, ਜਿਹੜੇ ਸ਼ਬਦ ਤੁਸੀਂ ਬੋਲਦੇ ਹੋ ਉਹ ਤੁਹਾਡੇ ਵਿੱਚ ਪਰਮੇਸ਼ਰ ਦੇ ਵਚਨ ਨਾਲ ਗਠਜੋੜ ਕਰ ਲੈਣਗੇ। ਤੁਸੀਂ ਸਹਾਇਤਾ ਨਹੀਂ ਕਰ ਸਕਦੇ ਪਰ ਵਚਨ ਦੇ ਅਨੁਸਾਰ ਬੋਲ ਸਕਦੇ ਹੋ ਕਿਉਂਕਿ ਉਹ ਤੁਹਾਡੇ ਅੰਦਰ ਜਮ੍ਹਾ ਹੁੰਦਾ ਹੈ। ਤੁਸੀਂ ਭਲੀਆਂ ਗੱਲਾਂ ਵੀ ਉਤਪੰਨ ਕਰੋ, ਕਿਉਂਕਿ ਤੁਹਾਡੇ ਮਨ ਵਿੱਚੋਂ ਉਹ ਧਾਰਾਂ ਨਿੱਕਲਦੀਆਂ ਹਨ ਜਿਹੜੀਆਂ ਤੁਹਾਡੇ ਜੀਵਨ ਨੂੰ ਆਕਾਰ ਦਿੰਦੀਆਂ ਹਨ (ਕਹਾਉਤਾਂ 4:22)। ਵਚਨ ਉਹ ਨੂੰ ਜੋ ਤੁਹਾਡੇ ਮਨ ਵਿੱਚ ਹੁੰਦਾ ਹੈ ਤੁਹਾਡੇ ਜੀਵਨ ਵਿੱਚ ਪ੍ਰਦਾਨ ਕਰਦੇ ਹਨ। ਆਪਣੇ ਆਪ ਨੂੰ ਵਚਨ ਨਾਲ ਭਰੋ। ਵਚਨ ਨੂੰ ਬੋਲੋ।

# 36
# ਤੁਸੀਂ ਆਪਣੇ ਸ਼ਬਦਾਂ ਰਾਹੀਂ ਨੇਕ ਜਾਂ ਦੋਸ਼ੀ ਠਹਿਰਾਏ ਜਾਂਦੇ ਹੋ

**ਮੱਤੀ 12:36,37**
**[36] ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਮਨੁੱਖ ਹਰੇਕ ਅਕਾਰਥ ਗੱਲ ਦਾ ਜੋ ਉਹ ਬੋਲਣ, ਨਿਆਂ ਦੇ ਦਿਨ ਉਹ ਦਾ ਹਿਸਾਬ ਦੇਣਗੇ।**
**[37] ਇਸ ਲਈ ਜੋ ਤੂੰ ਆਪਣੀਆਂ ਗੱਲਾਂ ਦੇ ਕਾਰਨ ਨਿਰਦੋਸ਼ ਅਤੇ ਆਪਣੀਆਂ ਗੱਲਾਂ ਦੇ ਕਾਰਨ ਦੋਸ਼ੀ ਠਹਿਰਾਇਆ ਜਾਵੇਂਗਾ।**

ਸਾਡੇ ਸ਼ਬਦ ਕਿੰਨੇ ਮਹੱਤਵਪੂਰਨ ਹਨ? ਪ੍ਰਭੂ ਯਿਸੂ ਮਸੀਹ ਨੇ ਆਖਿਆ ਹੈ, ਕਿ ਸਾਨੂੰ ਉਹਨਾਂ ਸ਼ਬਦਾਂ ਦਾ ਵੀ ਹਿਸਾਬ ਦੇਣਾ ਪਵੇਗਾ, ਜਿਹੜੇ ਅਸੀਂ ਵਿਅਰਥ ਵਿੱਚ ਬੋਲੇ ਹਨ। ਅਸੀਂ ਕਹਾਉਤਾਂ 18:21 ਵਿੱਚ ਵੇਖਿਆ ਹੈ, ਕਿ ਮੌਤ ਅਤੇ ਜੀਵਨ ਦੋਵੇਂ ਸਾਡੇ ਸ਼ਬਦਾਂ ਦੇ ਵੱਸ ਵਿੱਚ ਹੈ। ਮੱਤੀ 12:36,37 ਵਿੱਚ, ਸਾਨੂੰ ਪ੍ਰਭੂ ਯਿਸੂ ਮਸੀਹ ਸਾਡੇ ਸ਼ਬਦਾਂ ਦੇ ਸਦੀਪਕ ਨਤੀਜਿਆਂ ਬਾਰੇ ਪਰਗਟ ਕਰਦੇ ਹਨ। ਅਸੀਂ ਆਪਣੇ ਸ਼ਬਦਾਂ ਰਾਹੀਂ ਨੇਕ ਜਾਂ ਦੋਸ਼ੀ ਠਹਿਰਾਏ ਜਾਵੇਗਾ। ਜੇਕਰ ਸ਼ਬਦ ਸਾਡੇ ਜੀਉਂਦੇ ਜੀ ਅਤੇ ਮੌਤ ਤੋਂ ਬਾਅਦ ਵਿੱਚ ਇੰਨਾ ਮਹੱਤਵ ਰੱਖਦੇ ਹਨ, ਤਾਂ ਸਾਨੂੰ ਆਪਣੇ ਸ਼ਬਦਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਯੂਨਾਨੀ ਭਾਸ਼ਾ ਵਿੱਚ "ਅਕਾਰਥ" ਸ਼ਬਦ ਲਈ *'ਆਰਗੋਸ'* ਸ਼ਬਦ ਹੈ, ਜਿਸ ਦਾ ਅਰਥ ਨਿਕੰਮਾ, ਵਿਹਲਾ, ਵਿਅਰਥ, ਬੇਕਾਰ, ਬੇਅਰਥ ਅਤੇ ਬੰਜਰ ਹੈ। ਪ੍ਰਭੂ ਯਿਸੂ ਮਸੀਹ ਨੇ ਆਖਿਆ ਕਿ ਸਾਨੂੰ ਹਰੇਕ ਵਿਅਰਥ ਸ਼ਬਦ ਦਾ ਹਿਸਾਬ ਦੇਣਾ ਪਵੇਗਾ, ਉਹ ਸ਼ਬਦ ਜਿਹੜੇ ਅਸੀਂ ਬੋਲਦੇ ਹਾਂ, ਜਿਹੜੇ ਅਸੀਂ ਅਸਲ ਵਿੱਚ ਸਾਨੂੰ ਆਖਣੇ ਨਹੀਂ ਸੀ, ਭਾਵ, ਉਹ ਸ਼ਬਦ ਜਿਹੜੇ ਅਸੀਂ ਸਰਗਰਮੀ ਨਾਲ ਕਿਰਿਆ ਵਿੱਚ ਨਹੀਂ ਲਿਆ ਰਹੇ ਸੀ। ਮੈਨੂੰ ਨਹੀਂ ਪਤਾ ਕਿ ਇਹ ਕਿਸ ਤਰ੍ਹਾਂ ਕੀਤਾ ਜਾਵੇਗਾ, ਪਰ ਆਓ ਅਸੀਂ ਪ੍ਰਭੂ ਯਿਸੂ ਮਸੀਹ ਦੀ ਚੇਤਾਵਨੀ ਨੂੰ ਗੰਭੀਰਤਾ ਨਾਲ ਲਈਏ।

ਵਿਅਰਥ ਸ਼ਬਦ ਬੋਲਣ ਦੇ ਬਦਲੇ, ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਤੁਹਾਡੇ

ਆਪਣੇ ਅਤੇ ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਲਈ ਉਪਯੋਗੀ, ਫਲਦਾਇਕ ਅਤੇ ਲਾਭਦਾਇਕ ਹੋਣ। ਉਹਨਾਂ ਸ਼ਬਦਾਂ ਨੂੰ ਬੋਲੋ ਜੋ ਤੁਹਾਡੇ ਆਪਣੇ ਅਤੇ ਦੂਜਿਆਂ ਦੇ ਜੀਵਨ ਵਿੱਚ ਬਹਾਲੀ, ਅਸੀਸ, ਬਲ ਅਤੇ ਸਮਰੱਥਾ ਨੂੰ ਪ੍ਰਦਾਨ ਕਰਨ। ਉਹਨਾਂ ਸ਼ਬਦਾਂ ਨੂੰ ਬੋਲੋ ਜਿਹੜੇ ਤੁਹਾਨੂੰ ਅਤੇ ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਨੂੰ ਨੇਕ ਠਹਿਰਾਉਣ, ਤਰੱਕੀ ਦੇਣ, ਉੱਚਾ ਚੁੱਕਣ ਅਤੇ ਖੁਸ਼ਹਾਲ ਬਣਾਉਣ। ਵਚਨ ਨੂੰ ਬੋਲੋ।

# 37
# ਸ਼ਬਦ ਪਰਮੇਸ਼ਰ ਦੇ ਰਾਜ ਵਿੱਚ ਬੰਨ੍ਹਣ ਅਤੇ ਖੋਲ੍ਹਣ ਦਾ ਅਧਿਕਾਰ ਪ੍ਰਦਾਨ ਕਰਦੇ ਹਨ।

**ਮੱਤੀ 16:18,19**
**18 ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।**
**19 ਮੈਂ ਸਵਰਗ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸਵਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸਵਰਗ ਵਿੱਚ ਖੋਲ੍ਹਿਆ ਜਾਵੇਗਾ।**

ਕਲੀਸਿਯਾ ਨੂੰ ਚੱਟਾਨ, ਜਿਉਂਦੇ ਪਰਮੇਸ਼ਰ ਦੇ ਪੁੱਤਰ, ਪ੍ਰਭੂ ਯਿਸੂ ਮਸੀਹ (ਮਸੀਹਾ) ਉੱਤੇ ਬਣਾਇਆ ਗਿਆ ਹੈ। ਇਹ ਪਤਰਸ ਦਾ ਮਹਾਨ ਇਕਰਾਰ ਸੀ, ਜਿਸ ਦਾ ਉਸ ਨੂੰ ਪਿਤਾ ਵੱਲੋਂ ਪ੍ਰਕਾਸ਼ ਪਰਗਟ ਹੋਇਆ ਸੀ। ਜਿਸ ਕਲੀਸਿਯਾ ਦਾ ਨਿਰਮਾਣ ਪ੍ਰਭੂ ਯਿਸੂ ਮਸੀਹ ਕਰ ਰਹੇ ਹਨ, ਉਹ ਇੱਕ ਸਮਰੱਥਾ ਨਾਲ ਭਰੀ ਹੋਈ ਕਲੀਸਿਯਾ ਹੈ ਅਤੇ ਪਤਾਲ ਦੀਆਂ ਸਾਰੀਆਂ ਸ਼ਕਤੀਆਂ ਦਾ ਉਸ ਉੱਤੇ ਕੋਈ ਵੱਸ ਨਹੀਂ ਚੱਲੇਗਾ ਜਾਂ ਪ੍ਰਬਲ ਨਹੀਂ ਹੋ ਸਕਣਗੀਆਂ। ਇਸ ਕਲੀਸਿਯਾ ਨੂੰ, ਪ੍ਰਭੂ ਯਿਸੂ ਮਸੀਹ ਨੇ ਸਵਰਗ ਦੇ ਰਾਜ ਦਾ ਅਧਿਕਾਰ (ਕੁੰਜੀਆਂ) ਸੌਂਪਿਆ ਹੈ – ਪਰਮੇਸ਼ਰ ਦੇ ਆਪਣੇ ਰਾਜ ਦਾ ਅਧਿਕਾਰ। ਇਸ ਖੇਤਰ ਵਿੱਚ ਕਲੀਸਿਯਾ ਨੂੰ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦਾ ਭਾਗੀਦਾਰ ਹੋਣ ਅਤੇ ਰਾਜ ਦਾ ਅਧਿਕਾਰ ਸੌਂਪਿਆ ਗਿਆ ਹੈ।

ਇੱਥੇ ਧਰਤੀ ਦੇ ਖੇਤਰ ਵਿੱਚ, ਕਿਸ ਤਰ੍ਹਾਂ ਰਾਜ ਦੇ ਅਧਿਕਾਰ ਦੀ ਵਰਤੋਂ ਕੀਤੀ ਜਾਵੇਗੀ? ਪ੍ਰਭੂ ਯਿਸੂ ਮਸੀਹ ਨੇ ਆਖਿਆ ਸੀ, ਅਸੀਂ "ਧਰਤੀ ਉੱਤੇ ਬੰਨ੍ਹਾਂਗੇ" ਅਤੇ "ਧਰਤੀ ਉੱਤੇ ਖੋਲ੍ਹਾਂਗੇ"। "ਬੰਨ੍ਹਣ" ਸ਼ਬਦ ਤੋਂ ਭਾਵ ਹੈ, "ਮਨ੍ਹਾਂ ਕਰਨਾ, ਮਨਾਹੀ ਕਰਨਾ, ਨਾਮਨਜ਼ੂਰ ਕਰਨਾ ਅਤੇ ਗੈਰ-ਕਾਨੂੰਨੀ ਘੋਸ਼ਿਤ ਕਰਨਾ।" "ਖੋਲ੍ਹਣ" ਸ਼ਬਦ ਤੋਂ ਭਾਵ ਹੈ, "ਤਬਾਹ ਕਰਨਾ, ਰੱਦ ਕਰਨਾ, ਬੰਦ ਕਰਨਾ, ਬੰਧਨ ਵਿੱਚੋਂ ਕੱਢਣਾ, ਢਿੱਲਾ ਕਰਨਾ, ਛੱਡਣਾ, ਭੰਗ ਕਰਨਾ, ਮਿਟਾਉਣਾ, ਸੁੱਟ ਦੇਣਾ, ਸਮਾਪਤ ਕਰਨਾ ਅਤੇ ਦੂਰ ਕਰ ਦੇਣਾ।" ਅਸੀਂ ਕਿਸ ਤਰ੍ਹਾਂ ਬੰਨ੍ਹਦੇ

ਹਾਂ ਅਤੇ ਖੋਲ੍ਹਦੇ ਹਾਂ? ਅਸੀਂ ਪ੍ਰਭੂ ਯਿਸੂ ਮਸੀਹ ਨੂੰ ਉਹਨਾਂ ਦੀ ਸੇਵਕਾਈ ਵਿੱਚ ਅਜਿਹਾ ਕਰਦੇ ਹੋਏ ਵੇਖਦੇ ਹਾਂ। ਪ੍ਰਭੂ ਯਿਸੂ ਮਸੀਹ ਨੇ ਆਪਣੇ ਬੋਲੇ ਹੋਏ ਸ਼ਬਦਾਂ ਰਾਹੀਂ ਆਪਣੇ ਅਧਿਕਾਰ ਦੀ ਵਰਤੋਂ ਕਰਕੇ ਅਜਿਹਾ ਕੀਤਾ। ਬੋਲ਼ਿਆਂ ਅਤੇ ਗੂੰਗਿਆਂ ਨੂੰ ਪ੍ਰਭੂ ਯਿਸੂ ਮਸੀਹ ਨੇ ਆਖਿਆ, *"ਖੁੱਲ੍ਹ ਜਾਓ"* ਅਤੇ ਉਹਨਾਂ ਦੇ ਕੰਨ ਅਤੇ ਜੀਭ ਖੁੱਲ੍ਹ ਗਈਆਂ (ਮਰਕੁਸ 7:33-35)। ਉਹਨਾਂ ਨੇ ਔਰਤ ਨੂੰ ਆਖਿਆ, *"ਤੂੰ ਆਪਣੀ ਕਮਜ਼ੋਰੀ ਤੋਂ ਛੁੱਟ ਗਈ ਹੈਂ"* (ਲੂਕਾ 13:12)। ਪ੍ਰਭੂ ਯਿਸੂ ਮਸੀਹ ਨੇ ਅਧਿਕਾਰ ਦੇ ਸ਼ਬਦਾਂ ਨੂੰ ਬੋਲਿਆ ਅਤੇ ਉਹਨਾਂ ਦੇ ਅਧਿਕਾਰ ਦੇ ਸ਼ਬਦਾਂ ਨੇ ਲੋਕਾਂ ਨੂੰ ਛੁਟਕਾਰਾ ਦਿੱਤਾ ਅਤੇ ਸ਼ੈਤਾਨ ਦੇ ਕੰਮਾਂ ਨੂੰ ਰੋਕਿਆ।

ਅਸੀਂ ਪ੍ਰਭੂ ਯਿਸੂ ਮਸੀਹ ਦੀ ਉਦਹਾਰਨ ਦੀ ਪਾਲਣਾ ਕਰਦੇ ਹਾਂ। ਅਸੀਂ ਅਧਿਕਾਰ ਦੇ ਸ਼ਬਦਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬੋਲਦੇ ਹਾਂ। ਅਸੀਂ ਉਹਨਾਂ ਸ਼ਬਦਾਂ ਰਾਹੀਂ ਬੰਨ੍ਹਦੇ ਅਤੇ ਖੋਲ੍ਹਦੇ ਹਾਂ, ਜਿਨ੍ਹਾਂ ਨੂੰ ਅਸੀਂ ਸਾਨੂੰ ਸੌਂਪੇ ਗਏ ਅਧਿਕਾਰ ਵਿੱਚ ਬੋਲਦੇ ਹਾਂ। ਇੱਕ ਵਿਸ਼ਵਾਸੀ ਹੁੰਦੇ ਹੋਇਆ, ਪਰਮੇਸ਼ਰ ਦੇ ਰਾਜ ਦੇ ਅਧਿਕਾਰ ਵਿੱਚ ਤੁਹਾਨੂੰ ਸੌਂਪੇ ਗਏ ਅਧਿਕਾਰ ਦਾ ਪ੍ਰਯੋਗ ਕਰਨ ਲਈ ਆਪਣੇ ਸ਼ਬਦਾਂ ਦੀ ਵਰਤੋਂ ਕਰੋ। ਤੁਹਾਡੇ ਵਚਨ ਪਰਮੇਸ਼ਰ ਦੇ ਰਾਜ ਵਿੱਚ ਬੰਨ੍ਹਣ ਅਤੇ ਖੋਲ੍ਹਣ ਦਾ ਅਧਿਕਾਰ ਪ੍ਰਦਾਨ ਕਰਦੇ ਹਨ। ਅਧਿਕਾਰ ਦੇ ਸ਼ਬਦਾਂ ਨੂੰ ਬੋਲੋ।

# 38
# ਪਹਾੜ ਨੂੰ ਬੋਲੋ

**ਮੱਤੀ 17:20**
**ਉਸ ਨੇ ਉਹਨਾਂ ਨੂੰ ਕਿਹਾ, ਆਪਣੇ ਥੋੜ੍ਹੇ ਵਿਸ਼ਵਾਸ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਵਿਸ਼ਵਾਸ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ, ਜੋ ਇੱਥੋਂ ਹੱਟ ਕੇ ਉਸ ਥਾਂ ਚੱਲਿਆ ਜਾ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਡੇ ਲਈ ਕੋਈ ਵੀ ਕੰਮ ਮੁਸ਼ਕਿਲ ਨਾ ਹੋਵੇਗਾ।**

ਜੇਕਰ ਅਸੀਂ ਇੰਜੀਲਾਂ ਵਿੱਚ, ਵਿਸ਼ਵਾਸ ਬਾਰੇ ਪ੍ਰਭੂ ਯਿਸੂ ਮਸੀਹ ਦੀ ਸਿੱਖਿਆ ਦਾ ਅਧਿਐਨ ਕਰਾਂਗੇ, ਤਾਂ ਸਾਨੂੰ ਪਤਾ ਲੱਗੇਗਾ, ਕਿ ਉਹਨਾਂ ਨੇ ਸਾਡੇ ਵਿਸ਼ਵਾਸ ਨੂੰ ਬੋਲਣ ਬਾਰੇ ਬਹੁਤ ਜ਼ੋਰ ਦਿੱਤਾ। ਮੱਤੀ 17 ਅਧਿਆਇ ਵਿੱਚ, ਜਦੋਂ ਚੇਲੇ ਦੁਸ਼ਟ ਆਤਮਾ ਨੂੰ ਕੱਢਣ ਵਿੱਚ ਅਸਫ਼ਲ ਰਹੇ ਸਨ ਅਤੇ ਬਾਅਦ ਵਿੱਚ ਉਹਨਾਂ ਨੇ ਪ੍ਰਭੂ ਯਿਸੂ ਮਸੀਹ ਮਸੀਹ ਨੂੰ ਪ੍ਰਸ਼ਨ ਪੁੱਛਿਆ ਸੀ, ਕਿ ਉਹ ਦੁਸ਼ਟ ਆਤਮਾ ਨੂੰ ਕਿਉਂ ਨਹੀਂ ਕੱਢ ਸਕੇ। ਪ੍ਰਭੂ ਯਿਸੂ ਮਸੀਹ ਨੇ ਉਹਨਾਂ ਦੀ ਬੇਪਰਤੀਤੀ ਅਤੇ ਘੱਟ ਵਿਸ਼ਵਾਸ ਵੱਲ ਇਸ਼ਾਰਾ ਕੀਤਾ ਸੀ। ਫਿਰ ਉਹ ਉਹਨਾਂ ਨੂੰ (ਅਤੇ ਸਾਨੂੰ) ਵਿਸ਼ਵਾਸ ਦੀਆਂ ਸੰਭਾਵਨਾਵਾਂ ਬਾਰੇ ਸਿਖਾਉਣ ਲੱਗੇ। ਸਿਖਾਉਂਦੇ ਹੋਏ, ਪ੍ਰਭੂ ਨੇ ਦੱਸਿਆ ਕਿ ਅਸੀਂ ਇਸ ਬਾਰੇ ਕੀ ਕਰ ਸਕਦੇ ਹਾਂ ਅਤੇ ਅਸੀਂ ਕਿਸ ਤਰ੍ਹਾਂ ਸਾਡੇ ਵਿਸ਼ਵਾਸ ਦਾ ਪ੍ਰਯੋਗ ਅਤੇ ਵਰਤੋਂ ਕਰ ਸਕਦੇ ਹਾਂ।

ਸੰਖੇਪ ਰੂਪ ਵਿੱਚ, ਵਿਸ਼ਵਾਸ ਨਾ ਸਿਰਫ਼ ਦੁਸ਼ਟ ਆਤਮਾਵਾਂ ਅਤੇ ਉਹਨਾਂ ਦੇ ਕੰਮਾਂ ਨੂੰ ਨਸ਼ਟ ਕਰ ਸਕਦਾ ਹੈ, ਸਗੋਂ ਕੁਦਰਤੀ ਸੰਸਾਰ ਵਿੱਚ ਬਦਲਾਅ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ (ਉਦਾਹਰਨ ਵਜੋਂ, ਪਹਾੜ ਨੂੰ ਇੱਕ ਸਥਾਨ ਤੋਂ ਹਟਾ ਕੇ ਦੂਜੇ ਸਥਾਨ ਲੈ ਕੇ ਜਾਣਾ)। ਪ੍ਰਭੂ ਯਿਸੂ ਮਸੀਹ ਨੇ ਆਖਿਆ, ਵਿਸ਼ਵਾਸ ਨਾਲ, "ਤੁਹਾਡੇ ਲਈ ਕੁਝ ਵੀ ਅਨਹੋਣਾ ਨਾ ਹੋਵੇਗਾ।" ਅਸੀਂ ਆਪਣੇ ਮਨ ਵਿੱਚ ਰੱਖੇ ਵਿਸ਼ਵਾਸ ਨਾਲ ਕੰਮ ਨੂੰ ਪੂਰਾ ਕਰ ਸਕਦੇ ਹਾਂ। ਪ੍ਰਭੂ ਯਿਸੂ ਮਸੀਹ ਨੇ ਆਖਿਆ, ਕਿ ਸਾਡੇ ਮਨ ਦਾ ਵਿਸ਼ਵਾਸ ਇੰਨਾ ਪ੍ਰਭਾਵਸ਼ਾਲੀ ਹੁੰਦਾ ਹੈ, ਕਿ ਸਿਰਫ਼ ਇੱਕ ਰਾਈ ਦੇ ਦਾਣੇ ਸਮਾਨ ਵਿਸ਼ਵਾਸ ਪਹਾੜ ਨੂੰ ਹਿਲਾ ਸਕਦਾ ਹੈ। ਵਿਸ਼ਵਾਸ ਕਰਨ ਦਾ ਢੰਗ ਆਖਣਾ ਹੈ! ਆਪਣੇ ਵਿਸ਼ਵਾਸ ਨੂੰ ਬੋਲੋ। ਆਪਣੇ ਮਨ ਵਿੱਚ

ਵਿਸ਼ਵਾਸ ਦੇ ਨਾਲ, ਉਹ ਸ਼ਬਦ ਬੋਲੋ ਜਿਹੜੇ ਬਿਆਨ ਕਰਦੇ ਹਨ, ਕਿ ਤੁਸੀਂ ਕਿਸ ਲਈ ਵਿਸ਼ਵਾਸ ਕਰ ਰਹੇ ਹੋ।

ਉਹਨਾਂ ਨੇ ਇਹ ਵੀ ਸਪਸ਼ਟ ਕੀਤਾ, ਕਿ ਅਸੀਂ ਪਹਾੜ ਨੂੰ ਬੋਲਣਾ ਹੈ। ਜੇਕਰ ਅਸੀਂ ਪਹਾੜ ਨੂੰ ਹਿਲਾਉਣਾ ਚਾਹੁੰਦੇ ਹਾਂ, ਤਾਂ ਅਸੀਂ ਪਹਾੜ ਨੂੰ ਬੋਲਣਾ ਹੈ। ਅਕਸਰ ਹੀ, ਅਸੀਂ ਦੂਜਿਆਂ ਨੂੰ ਪਹਾੜ ਬਾਰੇ ਬੋਲਣ ਦੀ ਗਲਤੀ ਕਰਦੇ ਹਾਂ। ਕਦੇ-ਕਦੇ, ਅਸੀਂ ਪਹਾੜ ਬਾਰੇ ਪਰਮੇਸ਼ਰ ਨੂੰ ਇਸ ਤਰ੍ਹਾਂ ਬੋਲਾਂਗੇ ਜਾਂ ਸ਼ਿਕਾਇਤ ਕਰਾਂਗੇ, ਜਿਵੇਂ ਕਿ ਉਹਨਾਂ ਨੂੰ ਪਹਿਲਾਂ ਪਤਾ ਹੀ ਨਹੀਂ ਹੈ, ਕਿ ਉਹ ਪਹਾੜ ਉੱਥੇ ਸੀ। ਪ੍ਰਭੂ ਯਿਸੂ ਮਸੀਹ ਨੇ ਸਾਨੂੰ ਸਪਸ਼ਟ ਤੌਰ ਤੇ ਹਦਾਇਤ ਦਿੱਤੀ ਹੈ, ਕਿ ਅਸੀਂ ਆਪਣੇ ਮਨ ਵਿੱਚ ਪਹਾੜ ਨੂੰ ਬੋਲਣਾ ਹੈ। ਦੁਸ਼ਟ ਆਤਮਾਵਾਂ ਨੂੰ ਬੋਲੋ । ਬਿਮਾਰੀਆਂ ਨੂੰ ਬੋਲੋ। ਤੂਫ਼ਾਨਾਂ ਨੂੰ ਬੋਲੋ। ਹਾਲਾਤ ਨੂੰ ਬੋਲੋ। ਥੁੜ ਨੂੰ ਬੋਲੋ। ਬੰਦ ਬੂਹਿਆਂ ਨੂੰ ਬੋਲੋ। ਸਾਡੇ ਕੁਦਰਤੀ ਖੇਤਰ ਵਿੱਚ ਵਸਤਾਂ ਨੂੰ ਬੋਲੋ। ਆਪਣੇ ਵਿਸ਼ਵਾਸ ਦੇ ਅਨੁਸਾਰ ਹੁਕਮ ਕਰੋ। ਪ੍ਰਭੂ ਯਿਸੂ ਮਸੀਹ ਨੇ ਆਖਿਆ ਹੈ, “ਤੁਹਾਡੇ ਲਈ ਕੁਝ ਵੀ ਅਨਹੋਣਾ ਨਾ ਹੋਵੇਗਾ।” ਆਓ ਵਿਸ਼ਵਾਸ ਬਾਰੇ ਪ੍ਰਭੂ ਯਿਸੂ ਮਸੀਹ ਦੀ ਹਿਦਾਇਤ ਦੀ ਪਾਲਣਾ ਕਰੀਏ। ਆਪਣੇ ਵਿਸ਼ਵਾਸ ਨੂੰ ਬੋਲੋ।

# 39
# ਆਪਣੀ ਇੱਛਾ ਵਾਲਾ ਅੰਜਾਮ ਬੋਲੋ

**ਮਰਕੁਸ 5:25-34**
**25 ਤਦ ਇੱਕ ਔਰਤ ਜਿਸ ਨੂੰ ਬਾਰਾਂ ਸਾਲਾਂ ਤੋਂ ਲਹੂ ਵਹਿਣ ਦਾ ਰੋਗ ਸੀ**
**26 ਅਤੇ ਜਿਹਨੇ ਬਹੁਤ ਹਕੀਮਾਂ ਦੇ ਹੱਥੋਂ ਵੱਡਾ ਦੁੱਖ ਪਾਇਆ ਅਤੇ ਆਪਣਾ ਸਭ ਕੁਝ ਖ਼ਰਚ ਕਰ**
**ਦਿੱਤਾ ਸੀ ਪਰ ਕੁਝ ਵੀ ਅਰਾਮ ਨਾ ਪਾਇਆ ਸਗੋਂ ਉਹ ਦਾ ਹੋਰ ਵੀ ਮਾੜਾ ਹਾਲ ਹੋ ਗਿਆ ਸੀ,**
**27 ਉਹ ਯਿਸੂ ਦੀ ਖ਼ਬਰ ਸੁਣ ਕੇ ਭੀੜ ਵਿੱਚ ਪਿੱਛੋਂ ਦੀ ਹੋ ਕੇ ਆਈ ਅਤੇ ਉਹ ਦੇ ਕੱਪੜੇ ਦਾ**
**ਪੱਲਾ ਛੂਹ ਲਿਆ।**
**28 ਕਿਉਂ ਜੋ ਉਹ ਆਪਣੇ ਮਨ ਵਿੱਚ ਆਖਦੀ ਸੀ, ਜੇ ਮੈਂ ਕੇਵਲ ਉਹ ਦੇ ਕੱਪੜੇ ਨੂੰ ਹੀ ਛੂਹ ਲਵਾਂ**
**ਤਾਂ ਚੰਗੀ ਹੋ ਜਾਂਵਾਂਗੀ।**
**29 ਅਤੇ ਤੁਰੰਤ ਉਸ ਦੇ ਲਹੂ ਦਾ ਵਹਿਣਾ ਬੰਦ ਹੋ ਗਿਆ ਅਤੇ ਉਸ ਨੇ ਆਪਣੇ ਸਰੀਰ ਵਿੱਚ**
**ਮਲੂਮ ਕਰ ਲਿਆ ਜੋ ਮੈਂ ਇਸ ਬਿਮਾਰੀ ਤੋਂ ਚੰਗੀ ਹੋ ਗਈ।**
**30 ਅਤੇ ਯਿਸੂ ਨੇ ਉਸ ਸਮੇਂ ਆਪਣੇ ਮਨ ਵਿੱਚ ਜਾਣ ਕੇ ਜੋ ਮੇਰੇ ਵਿੱਚੋਂ ਸਮਰੱਥਾ ਨਿੱਕਲੀ ਹੈ ਉਸ**
**ਭੀੜ ਦੀ ਵੱਲ ਮੁੜ ਕੇ ਕਿਹਾ, ਮੇਰੇ ਕੱਪੜੇ ਨੂੰ ਕਿਸ ਨੇ ਛੂਹਿਆ?**
**31 ਉਹ ਦੇ ਚੇਲਿਆਂ ਨੇ ਉਹ ਨੂੰ ਆਖਿਆ, ਤੁਸੀਂ ਵੇਖਦੇ ਹੀ ਹੋ ਜੋ ਲੋਕ ਤੁਹਾਡੇ ਉੱਤੇ ਡਿੱਗਦੇ ਜਾਂਦੇ**
**ਹਨ, ਅਤੇ ਤੁਸੀਂ ਆਖਦੇ ਹੋ, ਮੈਨੂੰ ਕਿਸ ਨੇ ਛੂਹਿਆ?**
**32 ਅਤੇ ਉਸ ਨੇ ਇੱਧਰ-ਉੱਧਰ ਨਿਗਾਹ ਕੀਤੀ ਕਿ ਇਸ ਕੰਮ ਦੇ ਕਰਨ ਵਾਲੇ ਨੂੰ ਵੇਖੇ।**
**33 ਤਦ ਉਹ ਔਰਤ ਜੋ ਕੁਝ ਉਸ ਉੱਤੇ ਬੀਤਿਆ ਸੀ ਜਾਣ ਕੇ ਕੰਬਦੀ ਹੋਈ ਆਈ ਅਤੇ ਉਹ ਦੇ**
**ਚਰਨਾਂ ਉੱਤੇ ਡਿੱਗ ਕੇ ਸਾਰੀ ਵਾਰਤਾ ਉਹ ਨੂੰ ਦੱਸ ਦਿੱਤੀ।**
**34 ਤਾਂ ਉਹ ਨੇ ਉਸ ਨੂੰ ਆਖਿਆ, ਬੇਟੀ ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ, ਸ਼ਾਂਤੀ ਨਾਲ**
**ਚਲੀ ਜਾ ਅਤੇ ਆਪਣੀ ਬਿਮਾਰੀ ਤੋਂ ਬਚੀ ਰਹਿ।**

ਇਸ ਔਰਤ ਨੇ ਪਹਿਲਾਂ ਹੀ ਆਪਣੇ ਅੰਦਰ ਵਿਚਾਰ ਕੀਤਾ ਹੋਵੇਗਾ, "ਜੇਕਰ ਮੈਂ ਕੇਵਲ ਉਹ ਦੇ ਕੱਪੜੇ ਨੂੰ ਹੀ ਛੂਹ ਲਵਾਂ ਤਾਂ ਚੰਗੀ ਹੋ ਜਾਂਵਾਂਗੀ।" ਸਬੱਬ ਨਾਲ, ਉਸ ਨੇ ਇਹ ਨੂੰ ਬੋਲ ਦਿੱਤਾ, "ਕਿ ਜੇਕਰ ਮੈਂ ਕੇਵਲ ਉਹ ਦੇ ਕੱਪੜੇ ਨੂੰ ਹੀ ਛੂਹ ਲਵਾਂ ਤਾਂ ਚੰਗੀ ਹੋ ਜਾਂਵਾਂਗੀ।" ਇਹ ਹੀ ਦੂਜਿਆਂ ਨੂੰ ਪਤਾ ਸੀ, ਕਿ ਉਸ ਨੇ ਕੀ ਆਖਿਆ ਹੈ ਅਤੇ ਇਸ ਤਰ੍ਹਾਂ ਹੀ ਸਾਡੇ ਲਈ ਦਰਜ ਕੀਤਾ। ਪ੍ਰਭੂ ਯਿਸੂ ਮਸੀਹ ਨੇ ਇਸ ਔਰਤ ਨੂੰ ਜਵਾਬ ਦਿੱਤਾ ਕਿ ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ। ਉਸ ਦਾ ਆਖਣਾ ਅਤੇ ਕਰਨਾ ਉਸ ਦੇ ਵਿਸ਼ਵਾਸਾਂ ਨਾਲ ਇਕਸਾਰ ਸੀ। ਉਸ ਨੇ ਵਿਸ਼ਵਾਸ ਕੀਤਾ। ਉਸ ਨੇ ਬੋਲਿਆ। ਉਸ ਨੇ ਕਿਰਿਆ ਕੀਤੀ।

ਉਸ ਨੇ ਆਪਣੀ ਇੱਛਾ ਦੇ ਪਰਿਣਾਮ ਨੂੰ ਪਰਗਟ ਕਰਦੇ ਹੋਏ ਆਪਣੇ ਵਿਸ਼ਵਾਸ ਨੂੰ ਬੋਲਿਆ। ਉਹ ਆਪਣੇ ਮਨ ਵਿੱਚ ਆਖਦੀ ਸੀ, ਜੇ ਮੈਂ ਕੇਵਲ ਉਹ ਦੇ ਕੱਪੜੇ ਨੂੰ ਹੀ ਛੂਹ ਲਵਾਂ ਤਾਂ ਚੰਗੀ ਹੋ ਜਾਂਵਾਂਗੀ। ਜਿਸ ਵਿਸ਼ਵਾਸ ਤੋਂ ਉਸ ਨੇ ਚੰਗਿਆਈ ਦਾ ਚਮਤਕਾਰ ਪ੍ਰਾਪਤ ਕੀਤਾ, ਪ੍ਰਭੂ ਯਿਸੂ ਮਸੀਹ ਨੇ ਉਸ ਵਿਸ਼ਵਾਸ ਨੂੰ ਪਰਵਾਨ ਕੀਤਾ।

ਸਮਾਂ ਬਦਲ ਗਿਆ ਹੈ। ਫਿਰ ਵੀ, ਪਰਮੇਸ਼ਰ ਵਿੱਚ ਵਿਸ਼ਵਾਸ ਦਾ ਬਾਈਬਲ ਸਿਧਾਂਤ ਹੁਣ ਤੀਕ ਵੀ ਦ੍ਰਿੜ੍ਹ ਹੈ। ਪਰਮੇਸ਼ਰ ਹੁਣ ਵੀ ਸਾਡੇ ਮਨਾਂ ਵਿੱਚ ਦੇ ਵਿਸ਼ਵਾਸ ਦਾ ਜਵਾਬ ਦਿੰਦੇ ਹਨ। ਸਾਡਾ ਵਿਸ਼ਵਾਸ ਸਾਡੇ ਆਖਣ ਅਤੇ ਕਰਨ ਰਾਹੀਂ ਪਰਗਟ ਹੁੰਦਾ ਹੈ। ਆਪਣੇ ਵਿਸ਼ਵਾਸ ਨੂੰ ਬੋਲੋ। ਉਹ ਇੱਛਾ ਦੇ ਪਰਿਣਾਮ ਨੂੰ ਬੋਲੋ ਜਿਸ ਲਈ ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰ ਰਹੇ ਹੋ।

# 40
# ਵਿਸ਼ਵਾਸ ਕਰੋ ਕਿ ਤੁਸੀਂ ਜੋ ਆਖਦੇ ਹੋ ਉਹ ਹੋ ਜਾਵੇਗਾ

**ਮਰਕੁਸ 11:22,23**
**22 ਪ੍ਰਭੂ ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, ਪਰਮੇਸ਼ਰ ਵਿੱਚ ਵਿਸ਼ਵਾਸ ਰੱਖੋ।**
**23 ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਤੇ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਵਿਸ਼ਵਾਸ ਕਰੇ, ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ, ਤਾਂ ਉਹ ਦੇ ਲਈ ਹੋ ਜਾਵੇਗਾ।**

ਮਰਕੁਸ 11:22,23 ਵਿੱਚ ਇਹ ਹਵਾਲਾ ਹੈ, ਜਿੱਥੇ ਪ੍ਰਭੂ ਯਿਸੂ ਮਸੀਹ ਸਪਸ਼ਟ ਤੌਰ ਤੇ ਸਿੱਖਿਆ ਦਿੰਦੇ ਹਨ, ਕਿ ਅਸੀਂ ਕਿਸ ਤਰ੍ਹਾਂ ਪਰਮੇਸ਼ਰ ਵਿੱਚ ਆਪਣੇ ਵਿਸ਼ਵਾਸ ਦੀ ਵਰਤੋਂ ਕਰ ਸਕਦੇ ਹਾਂ। ਪ੍ਰਭੂ ਯਿਸੂ ਮਸੀਹ ਨੇ ਅੰਜੀਰ ਦੇ ਰੁੱਖ ਬਾਰੇ ਗੱਲ ਕਰ ਕੇ ਦਿਖਾਇਆ ਸੀ ਕਿ ਵਿਸ਼ਵਾਸ ਦੀ ਵਰਤੋਂ ਕਿਸ ਤਰ੍ਹਾਂ ਕਰਨੀ ਹੈ। ਚੇਲਿਆਂ ਨੇ ਅੰਜੀਰ ਦੇ ਰੁੱਖ ਨੂੰ ਬੋਲਣ ਦਾ ਅੰਜਾਮ ਵੇਖਿਆ ਸੀ। ਪ੍ਰਭੂ ਯਿਸੂ ਮਸੀਹ ਨੇ ਫਿਰ ਉਹਨਾਂ ਨੂੰ ਸਮਝਾਇਆ ਕਿ ਉਹ ਪਰਮੇਸ਼ਰ ਵਿੱਚ ਆਪਣੇ ਵਿਸ਼ਵਾਸ ਨੂੰ ਕਿਸ ਤਰ੍ਹਾਂ ਪ੍ਰਯੋਗ ਸਕਦੇ ਹਨ।

ਪਰਮੇਸ਼ਰ ਵਿੱਚ ਵਿਸ਼ਵਾਸ ਨਾਲ, ਪ੍ਰਭੂ ਯਿਸੂ ਮਸੀਹ ਨੇ, ਸਾਨੂੰ ਪਹਾੜ ਨੂੰ ਬੋਲ ਕੇ ਹਿਲਾਉਣ ਦਾ ਹੁਕਮ ਦੇਣ ਦੀ ਹਦਾਇਤ ਦਿੱਤੀ ਹੈ। ਜੋ ਤੁਸੀਂ ਆਖਦੇ ਹੋ ਉਸ ਬਾਰੇ ਆਪਣੇ ਵਿੱਚ ਭਰਮ ਨਾ ਕਰੋ। ਵਿਸ਼ਵਾਸ ਕਰੋ, ਜੋ ਤੁਸੀਂ ਕਹਿੰਦੇ ਹੋ ਉਹ ਹੋਵੇਗਾ ਅਤੇ ਜੋ ਤੁਸੀਂ ਮੰਗਦੇ ਉਹ ਤੁਹਾਡੇ ਕੋਲ ਹੋਵੇਗਾ। ਸਾਡਾ ਵਿਸ਼ਵਾਸ ਪਰਮੇਸ਼ਰ ਵਿੱਚ ਹੈ। ਪਰ ਉਸ ਹੀ ਸਮੇਂ, ਅਸੀਂ ਸੁਭਾਵਿਕ ਤੌਰ ਤੇ ਵੀ ਕੁਝ ਕਰਦੇ ਹਾਂ। ਅਸੀਂ ਵਿਸ਼ਵਾਸ ਦੇ ਸ਼ਬਦ ਬੋਲਦੇ ਹਾਂ। ਉਹ ਪਰਮੇਸ਼ਰ ਦੇ ਕਾਰਨ ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਹਾਂ, ਵਿਸ਼ਵਾਸ ਕਰੋ ਕਿ ਤੁਹਾਡੇ ਲਈ ਉਹ ਹੋਵੇਗਾ ਜਿਸ ਲਈ ਤੁਸੀਂ ਵਿਸ਼ਵਾਸ ਕਰ ਰਹੇ ਹੋ। ਅਸੀਂ ਵਿਸ਼ਵਾਸ ਕਰਦੇ ਹਾਂ, ਕਿ ਅਸੀਂ ਪਰਮੇਸ਼ਰ ਦੇ ਨਾਲ ਸਹਿ-ਕਰਮੀ ਹਾਂ। ਜਦੋਂ ਅਸੀਂ ਵਿਸ਼ਵਾਸ ਦੇ ਸ਼ਬਦ ਬੋਲਦੇ ਹਾਂ, ਤਾਂ ਉਹ ਪਰਮੇਸ਼ਰ ਜਿਸ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ, ਸਾਡੇ ਬਦਲੇ ਕੰਮ ਕਰਦੇ ਹਨ, ਅਤੇ ਉਹਨਾਂ ਸ਼ਬਦਾਂ ਦੇ ਪੂਰਿਆਂ ਹੋਣ ਦਾ ਕਾਰਨ ਬਣਦੇ

ਹਨ। ਕਿਉਂ ਜੋ ਇਹ ਪਰਮੇਸ਼ਰ ਵਿੱਚ ਵਿਸ਼ਵਾਸ ਦੇ ਕਾਰਨ ਹੈ, ਅਸੀਂ ਇਹ ਵੀ ਵਿਸ਼ਵਾਸ ਕਰ ਸਕਦੇ ਹਾਂ ਕਿ ਜੋ ਅਸੀਂ ਕਹਿੰਦੇ ਹਾਂ ਉਹ ਹੋ ਜਾਵੇਗਾ, ਕਿਉਂਕਿ ਪਰਮੇਸ਼ਰ ਇਸ ਨੂੰ ਪੂਰਾ ਕਰਨ ਦੇ ਯੋਗ ਹਨ।

ਪਰਮੇਸ਼ਰ ਵਿੱਚ ਵਿਸ਼ਵਾਸ ਰੱਖੋ। ਆਪਣੇ ਵਿਸ਼ਵਾਸ ਨੂੰ ਬੋਲੋ। ਵਿਸ਼ਵਾਸ ਕਰੋ ਕਿ ਜੋ ਤੁਸੀਂ ਬੋਲਦੇ ਹੋ, ਉਹ ਤੁਹਾਡੇ ਲਈ ਹੋ ਜਾਵੇਗਾ ਕਿਉਂਕਿ ਤੁਸੀਂ ਜੋ ਬੋਲਦੇ ਹੋ ਪਰਮੇਸ਼ਰ ਇਹ ਨੂੰ ਕਰਨ ਦਾ ਕਾਰਨ ਬਣਦੇ ਹਨ। ਵਿਸ਼ਵਾਸ ਕਰੋ ਜੋ ਤੁਸੀਂ ਆਖਦੇ ਹੋ ਉਹ ਪੂਰਾ ਹੋ ਜਾਵੇਗਾ।

# 41
# ਪ੍ਰਾਰਥਨਾ ਦੇ ਵਿੱਚ ਵਿਸ਼ਵਾਸ ਦੇ ਸ਼ਬਦ ਬੋਲੋ

**ਮਰਕੁਸ 11:22-24**
**22 ਪ੍ਰਭੂ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ਰ ਵਿੱਚ ਵਿਸ਼ਵਾਸ ਰੱਖੋ।**
**23 ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਤੇ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਵਿਸ਼ਵਾਸ ਕਰੇ, ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ, ਤਾਂ ਉਹ ਦੇ ਲਈ ਹੋ ਜਾਵੇਗਾ।**
**24 ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਸਭ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਵਿਸ਼ਵਾਸ ਕਰੋ ਜੋ ਸਾਨੂੰ ਮਿਲ ਗਿਆ, ਤਾਂ ਤੁਹਾਨੂੰ ਮਿਲੇਗਾ।**

ਇਸ ਹਵਾਲੇ ਵਿੱਚ ਹੀ, ਪ੍ਰਭੂ ਯਿਸੂ ਮਸੀਹ ਨੇ ਸਾਨੂੰ ਸਿਖਾਇਆ ਸੀ ਕਿ ਅਸੀਂ ਪਰਮੇਸ਼ਰ ਵਿੱਚ ਕਿਸ ਤਰ੍ਹਾਂ ਆਪਣੇ ਵਿਸ਼ਵਾਸ ਦੀ ਵਰਤੋਂ ਕਰਨੀ ਅਤੇ ਫਿਰ ਇਸ ਹਵਾਲੇ ਵਿੱਚ ਹੀ ਉਹ ਸਾਨੂੰ ਪ੍ਰਾਰਥਨਾ ਬਾਰੇ ਸਿਖਾਉਂਦੇ ਹਨ। *"ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਸਭ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ....।"* ਇਹ *"ਇਸ ਲਈ ਮੈਂ ਤੁਹਾਨੂੰ ਆਖਦਾ ਹਾਂ..."* ਤੋਂ ਭਾਵ ਹੈ "ਇਸ ਕਾਰਨ ਕਰਕੇ, ਮੈਂ ਤੁਹਾਨੂੰ ਇਹ ਆਖਦਾ ਹਾਂ ...." ਜਾਂ "ਇਸੇ ਕਰਕੇ ਮੈਂ ਤੁਹਾਨੂੰ ਇਹ ਆਖ ਰਿਹਾ ਹਾਂ ....।" ਜਿਹੜਾ ਵਾਅਦਾ ਪ੍ਰਭੂ ਯਿਸੂ ਮਸੀਹ ਨੇ ਸਾਨੂੰ ਮਰਕੁਸ 11:24 ਵਿੱਚ, ਪ੍ਰਾਰਥਨਾ ਅਤੇ ਪ੍ਰਾਰਥਨਾ ਕਰਨ ਦੇ ਢੰਗ ਬਾਰੇ ਦਿੱਤਾ ਹੈ, ਉਹ ਉਸ ਨਾਲ ਜੁੜਿਆ ਹੋਇਆ ਹੈ, ਜੋ ਉਹਨਾਂ ਨੇ ਸਾਨੂੰ ਮਰਕੁਸ 11:22,23 ਵਿੱਚ ਸਿਖਾਇਆ ਸੀ।

ਪ੍ਰਭੂ ਯਿਸੂ ਮਸੀਹ ਨੇ ਆਖਿਆ ਕਿ ਜੋ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ, ਵਿਸ਼ਵਾਸ ਕਰੋ ਕਿ ਤੁਸੀਂ ਉਹ ਪਾ ਲਿਆ ਹੈ ਅਤੇ ਉਹ ਤੁਹਾਡੇ ਕੋਲ ਹੋਵੇਗਾ। ਜਦੋਂ ਅਸੀਂ ਉਹਨਾਂ ਦੀ ਮਰਜ਼ੀ ਅਨੁਸਾਰ ਮੰਗਿਆ ਹੈ, ਤਾਂ ਅਸੀਂ ਇਹ ਵੀ ਜਾਣਦੇ ਹਾਂ, ਕਿ ਅਸੀਂ ਪਿਤਾ ਤੋਂ ਜੋ ਮੰਗਿਆ ਹੈ ਉਹ ਸਾਨੂੰ ਪ੍ਰਾਪਤ ਹੋਇਆ ਹੈ (1 ਯੂਹੰਨਾ 5:14,15)। ਇਸ ਲਈ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਉਸ ਹੀ ਸਮੇਂ ਪ੍ਰਾਪਤ ਕਰ ਲਿਆ ਹੈ ਜਦੋਂ ਅਸੀਂ ਪ੍ਰਾਰਥਨਾ ਕੀਤੀ ਸੀ। ਇਹ ਵਿਸ਼ਾ ਪੂਰਾ ਹੋਇਆ ਹੈ। ਇਹ ਆਤਮਾ ਵਿੱਚ ਹੋ ਗਿਆ ਹੈ। ਜੋ ਪ੍ਰਭੂ ਨੇ ਸਾਨੂੰ ਮਰਕੁਸ

11:23 ਵਿੱਚ ਸਿਖਾਇਆ ਹੈ, ਅਸੀਂ ਹੁਣ ਉਸ ਦਾ ਪ੍ਰਯੋਗ ਕਰਦੇ ਹਾਂ। ਅਸੀਂ ਲੋੜ, ਹਾਲਾਤ, ਮੁਸ਼ਕਿਲ, ਪਹਾੜ ਨੂੰ ਬੋਲਦੇ ਹਾਂ, ਅਤੇ ਜੋ ਅਸੀਂ ਪ੍ਰਾਰਥਨਾ ਵਿੱਚ ਪ੍ਰਾਪਤ ਕੀਤਾ ਹੈ, ਅਸੀਂ ਉਸ ਦੀ ਘੋਸ਼ਣਾ ਕਰਦੇ ਹਾਂ। ਪਹਾੜ ਹੱਟਦੇ ਹੈ, ਅਸੀਂ ਇਸ ਬਾਰੇ ਘੋਸ਼ਣਾ ਕਰਦੇ ਹਾਂ। ਪਰਮੇਸ਼ਰ ਵਿੱਚ ਵਿਸ਼ਵਾਸ ਦੀ ਵਰਤੋਂ ਇਹ ਦੋਵੇਂ ਗੱਲਾਂ ਕਰਨ ਨਾਲ ਹੁੰਦੀ ਹੈ, ਇਹ ਵਿਸ਼ਵਾਸ ਕਰਨ ਰਾਹੀਂ ਕਿ ਅਸੀਂ ਪ੍ਰਾਪਤ ਕਰ ਲਿਆ ਹੈ ਜਦੋਂ ਅਸੀਂ ਪ੍ਰਾਰਥਨਾ ਕੀਤੀ ਸੀ ਅਤੇ ਹਾਲਾਤ ਨੂੰ ਬੋਲ ਕੇ ਇਹ ਘੋਸ਼ਣਾ ਕਰਦੇ ਹੋਏ ਕਿ ਅਸੀਂ ਜੋ ਵਿਸ਼ਵਾਸ ਕੀਤਾ ਸੀ ਉਹ ਸਾਨੂੰ ਪ੍ਰਾਪਤ ਹੋਇਆ ਹੈ। ਪ੍ਰਾਰਥਨਾ ਵਿੱਚ ਵਿਸ਼ਵਾਸ ਦੇ ਸ਼ਬਦ ਬੋਲੋ। ਪ੍ਰਾਰਥਨਾ ਵਿੱਚ ਪਰਮੇਸ਼ਰ ਨੂੰ ਵਿਸ਼ਵਾਸ ਦੇ ਸ਼ਬਦ ਸ਼ਾਮਲ ਹੁੰਦੇ ਹਨ ਅਤੇ ਫਿਰ ਉਸ ਹਾਲਾਤ ਨੂੰ ਵਿਸ਼ਵਾਸ ਸ਼ਬਦ ਜਿਸ ਬਾਰੇ ਤੁਸੀਂ ਪ੍ਰਾਰਥਨਾ ਕੀਤੀ ਸੀ।

# 42
# ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੋਵੋ

**ਲੂਕਾ 1:37,38,45**
**[37] ਕਿਉਂਕਿ ਪਰਮੇਸ਼ਰ ਦੇ ਲਈ ਕੁਝ ਵੀ ਅਸੰਭਵ ਨਹੀਂ ਹੈ।"**
**[38] ਮਰਿਯਮ ਨੇ ਕਿਹਾ, "ਮੈਂ ਪਰਮੇਸ਼ਰ ਦੀ ਦਾਸੀ ਹਾਂ, ਜਿਸ ਤਰ੍ਹਾਂ ਤੂੰ ਕਿਹਾ ਹੈ, ਮੇਰੇ ਨਾਲ ਉਸੇ ਤਰ੍ਹਾਂ ਹੋਵੇ।" ਫਿਰ ਸਵਰਗ ਦੂਤ ਮਰਿਯਮ ਦੇ ਕੋਲੋਂ ਚਲਾ ਗਿਆ।**
**[45] ਤੂੰ ਧੰਨ ਹੈਂ ਜਿਸ ਨੇ ਪ੍ਰਭੂ ਦੀਆਂ ਗੱਲਾਂ ਵਿੱਚ ਵਿਸ਼ਵਾਸ ਕੀਤਾ ਹੈ ਕਿ ਉਹ ਜ਼ਰੂਰ ਪੂਰੀਆਂ ਹੋਣਗੀਆਂ।"**

**ਲੂਕਾ 1:37 IRV**
**ਕਿਉਂਕਿ ਕੋਈ ਵਚਨ ਪਰਮੇਸ਼ਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ।**

ਦੂਤ ਜਿਸ ਨੇ ਮਰਿਯਮ ਨੂੰ ਇਹ ਖ਼ਬਰ ਦਿੱਤੀ ਕਿ ਉਹ ਪਵਿੱਤਰ ਆਤਮਾ ਦੀ ਸਮਰੱਥਾ ਰਾਹੀਂ ਗਰਭਵਤੀ ਹੋਣ ਵਾਲੀ ਹੈ, ਉਸ ਦੂਤ ਨੇ ਸੰਦੇਸ਼ ਨੂੰ ਇਹ ਆਖਦੇ ਹੋਏ ਖਤਮ ਕੀਤਾ, *"ਪਰਮੇਸ਼ਰ ਦੇ ਲਈ ਕੁਝ ਵੀ ਅਸੰਭਵ ਨਹੀਂ ਹੈ।"* ਇਹ ਸ਼ਬਦ "ਕੁਝ ਨਹੀਂ" ਯੂਨਾਨੀ ਭਾਸ਼ਾ ਦੇ ਤਿੰਨ ਸ਼ਬਦਾਂ *'ਪਾਸ'* (ਸਾਰੇ, ਹਰ), *'ਰੇਮਾ'* (ਸ਼ਬਦ, ਉਚਾਰਨ), ਅਤੇ *'ਉ'* (ਨਹੀਂ) ਦਾ ਸੰਘਟਤ ਹੈ। ਇਸ ਲਈ, ਆਇਤ 37 ਦੀ ਇੱਕ ਬਿਹਤਰ ਤਰਜਮਾਨੀ ਰਿਵਾਇਜ਼ਡ ਵਰਜ਼ਨ ਵਿੱਚ ਵੇਖੀ ਗਈ ਜਾਂਦੀ ਹੈ *"... ਕਿਉਂਕਿ ਕੋਈ ਬਚਨ ਪਰਮੇਸ਼ਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ"* ਭਾਵ, ਪੂਰਿਆਂ ਹੋਣ ਲਈ।

ਪਰਮੇਸ਼ਰ ਬੋਲੇ ਸਨ। ਦੂਤ ਨੇ ਇਸ ਦੀ ਤਸਦੀਕ ਕੀਤੀ। ਮਰਿਯਮ ਨੇ ਸਾਦਗੀ ਨਾਲ ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੋ ਕੇ ਜਵਾਬ ਦਿੱਤਾ। ਮਰਿਯਮ ਨੇ ਆਖਿਆ, *"ਮੇਰੇ ਨਾਲ ਤੇਰੀ ਗੱਲ ਦੇ ਅਨੁਸਾਰ ਹੋਵੇ।"* ਮਰਿਯਮ ਦਾ ਵਚਨ ਨਾਲ ਸਹਿਮਤ ਹੋਣ ਦਾ ਅਰਥ ਇਹ ਸੀ, ਕਿ ਉਸ ਘੜੀ ਤੋਂ ਹੀ ਉਹ ਨੇ ਸਭ ਕੁਝ ਉਸ ਵਚਨ ਦੇ ਅਨੁਸਾਰ ਕੀਤਾ ਜੋ ਉਸ ਨੂੰ ਬੋਲਿਆ ਗਿਆ ਸੀ। ਬਾਅਦ ਵਿੱਚ, ਇਲੀਸਬਤ ਰਾਹੀਂ ਪਵਿੱਤਰ ਆਤਮਾ ਨੇ ਮਰਿਯਮ ਨੂੰ ਇਹ ਪੁਸ਼ਟੀ ਕਰਦੇ ਹੋਏ ਉਤਸ਼ਾਹਿਤ ਕੀਤਾ, ਕਿ ਤੂੰ ਵਿਸ਼ਵਾਸ ਕੀਤਾ ਹੈ, ਇਸ ਲਈ ਤੂੰ ਉਸ ਵਚਨ ਨੂੰ ਪੂਰਿਆ ਹੁੰਦਿਆ ਵੇਖੇਗੀ ਜੋ ਤੈਨੂੰ ਬੋਲਿਆ ਗਿਆ ਸੀ।

ਪਰਮੇਸ਼ਰ ਦਾ ਕੋਈ ਵੀ ਵਚਨ ਜਿਹੜਾ ਅਸੀਂ ਪਵਿੱਤਰ-ਗ੍ਰੰਥ ਵਿੱਚ ਪੜ੍ਹਦੇ ਹਾਂ ਪੂਰਿਆਂ ਹੋਣ ਲਈ ਸ਼ਕਤੀਹੀਣ ਨਹੀਂ ਹੈ। ਪਵਿੱਤਰ-ਗ੍ਰੰਥ ਵਿੱਚ ਸਾਨੂੰ ਦਿੱਤਾ ਗਿਆ ਹਰੇਕ ਵਚਨ ਸਮਰੱਥਾ ਨਾਲ ਭਰਿਆ ਹੋਇਆ ਹੈ ਅਤੇ ਪੂਰਿਆਂ ਹੋਵੇਗਾ। ਪਰਮੇਸ਼ਰ ਦੇ  ਵਚਨ ਵਿੱਚ ਵਿਸ਼ਵਾਸ ਕਰਨ ਦਾ ਅਰਥ ਹੈ ਕਿ ਅਸੀਂ ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੁੰਦੇ ਹਾਂ। ਅਸੀਂ ਸਹਿਮਤ ਹੁੰਦੇ ਹਾਂ ਅਤੇ ਮਰਿਯਮ ਦੀ ਤਰ੍ਹਾਂ ਆਖਦੇ ਹਾਂ, *"ਮੇਰੇ ਨਾਲ ਤੇਰੀ ਗੱਲ ਦੇ ਅਨੁਸਾਰ ਹੋਵੇ।"* ਪਰਮੇਸ਼ਰ ਦੇ ਵਚਨ ਨਾਲ ਸਾਡੀ ਸਹਿਮਤੀ ਵਿੱਚ ਸ਼ਾਮਲ ਹੈ, ਕਿ ਅਸੀਂ ਕਿਸ ਤਰ੍ਹਾਂ ਸੋਚਦੇ, ਬੋਲਦੇ ਅਤੇ ਕੰਮ ਕਰਦੇ ਹਾਂ। ਅਸੀਂ ਪਰਮੇਸ਼ਰ ਦੇ ਵਚਨ ਦੇ ਵਿਰੁੱਧ ਬੋਲ ਕੇ ਇਹ ਨਹੀਂ ਆਖ ਸਕਦੇ ਕਿ ਅਸੀਂ ਉਹਨਾਂ ਦੇ ਵਚਨ ਨਾਲ ਸਹਿਮਤ ਹਾਂ। ਜੇਕਰ ਅਸੀਂ ਪਰਮੇਸ਼ਰ ਅਤੇ ਪਰਮੇਸ਼ਰ ਦੇ ਬਚਨ ਨਾਲ ਸਹਿਮਤ ਹਾਂ, ਤਾਂ ਫਿਰ ਸਾਡੇ ਸ਼ਬਦ ਵੀ ਉਹਨਾਂ ਦੇ ਵਚਨ ਨਾਲ ਸਹਿਮਤ ਹੋਣੇ ਚਾਹੀਦੇ ਹਨ। ਜਦੋਂ ਪਰਮੇਸ਼ਰ ਦੇ ਵਚਨ ਵਿੱਚ ਸਹਿਮਤੀ ਕਰਦੇ ਹੋਇਆ, ਅਸੀਂ ਆਪਣੇ ਵਿਸ਼ਵਾਸ ਨੂੰ ਬੋਲਦੇ ਹਾਂ, ਤਾਂ ਪਰਮੇਸ਼ਰ ਰਾਹੀਂ ਸਾਡੇ ਨਾਲ ਬੋਲੀਆਂ ਗਈਆਂ ਗੱਲਾਂ ਦੀ ਪੂਰਤੀ ਹੋਵੇਗੀ।

# 43

# ਰੋਗਾਂ ਨੂੰ ਛੱਡ ਕੇ ਜਾਣ ਦਾ ਹੁਕਮ ਦਿਓ

**ਲੂਕਾ 4:38,39**

**38 ਫੇਰ ਉਹ ਪ੍ਰਾਰਥਨਾ ਘਰ ਤੋਂ ਉੱਠ ਕੇ ਸ਼ਮਊਨ ਦੇ ਘਰ ਗਿਆ। ਸ਼ਮਊਨ ਦੀ ਸੱਸ ਨੂੰ ਜ਼ੋਰ ਦਾ ਬੁਖ਼ਾਰ ਚੜ੍ਹਿਆ ਹੋਇਆ ਸੀ ਅਤੇ ਉਹਨਾਂ ਯਿਸੂ ਦੇ ਅੱਗੇ ਉਸ ਦੇ ਲਈ ਬੇਨਤੀ ਕੀਤੀ।**
**39 ਤਦ ਯਿਸੂ ਨੇ ਬੁਖ਼ਾਰ ਨੂੰ ਝਿੱੜਕਿਆ ਅਤੇ ਬੁਖ਼ਾਰ ਉਤਰ ਗਿਆ ਤਦ ਉਸ ਨੇ ਉੱਠ ਕੇ ਉਹਨਾਂ ਦੀ ਸੇਵਾ ਕੀਤੀ।**

ਅਸੀਂ ਜੀਵਨ ਅਤੇ ਸੇਵਕਾਈ ਵਿੱਚ ਪ੍ਰਭੂ ਯਿਸੂ ਮਸੀਹ ਪਿੱਛੇ ਚੱਲਦੇ ਹਾਂ। ਪ੍ਰਭੂ ਯਿਸੂ ਮਸੀਹ ਨੇ ਲੋਕਾਂ ਨੂੰ ਉਹਨਾਂ ਦੇ ਰੋਗਾਂ ਅਤੇ ਬਿਮਾਰੀਆਂ ਤੋਂ ਚੰਗਾ ਕਰਨ ਲਈ ਉਹਨਾਂ ਦੀ ਸੇਵਾ ਕਿਸ ਤਰ੍ਹਾਂ ਕੀਤੀ? ਸੱਚਮੁੱਚ ਅਸੀਂ ਨਹੀਂ ਪਾਉਂਦੇ ਹਾਂ ਕਿ ਪ੍ਰਭੂ ਯਿਸੂ ਮਸੀਹ ਨੇ ਪਿਤਾ ਨੂੰ ਪ੍ਰਾਰਥਨਾ ਕਰਦੇ ਹੋਏ ਪਿਤਾ ਨੂੰ ਰੋਗਾਂ ਅਤੇ ਬਿਮਾਰੀਆਂ ਨੂੰ ਦੂਰ ਕਰਨ ਨੂੰ ਆਖਦੇ ਹਨ। ਹਾਂਜੀ, ਪ੍ਰਭੂ ਯਿਸੂ ਮਸੀਹ ਨੇ ਜ਼ਿਆਦਾ ਸਮੇਂ ਨੂੰ ਪਿਤਾ ਨਾਲ ਗੱਲ ਕਰਨ ਲਈ ਬਿਤਾਇਆ। ਪਰ ਰੋਗਾਂ ਅਤੇ ਬਿਮਾਰੀਆਂ ਨਾਲ ਨਜਿੱਠਣ ਦੇ ਦੌਰਾਨ, ਪ੍ਰਭੂ ਯਿਸੂ ਰੋਗ ਨੇ ਬਿਮਾਰੀ ਨੂੰ ਛੱਡਣ ਦਾ ਹੁਕਮ ਦਿੰਦੇ ਹੋਏ ਅਧਿਕਾਰ ਨਾਲ ਗੱਲ ਕੀਤੀ। ਲੂਕਾ 4:38,39 ਅਜਿਹੀ ਹੀ ਇੱਕ ਉਦਾਹਰਨ ਹੈ। ਪ੍ਰਭੂ ਯਿਸੂ ਮਸੀਹ ਨੇ ਬੁਖ਼ਾਰ ਨੂੰ ਝਿੱੜਕਿਆ। ਉਹਨਾਂ ਨੇ ਬੁਖ਼ਾਰ ਨੂੰ ਝਿੱੜਕਿਆ ਅਤੇ ਬੁਖ਼ਾਰ ਨੂੰ ਛੱਡ ਕੇ ਜਾਣ ਦਾ ਹੁਕਮ ਦਿੱਤਾ, ਅਤੇ ਬੁਖ਼ਾਰ ਤੁਰੰਤ ਉਤਰ ਗਿਆ।

ਪ੍ਰਭੂ ਯਿਸੂ ਮਸੀਹ ਹਮੇਸ਼ਾ ਸੰਪੂਰਨ ਹਨ। ਉਹ ਸਦੀਪਕ ਸ਼ਬਦ ਹਨ। ਜੇਕਰ ਹੁਣ ਤੱਕ ਸਾਡੀ ਥਿਓਲੋਜੀ (ਸ਼ਬਦ "ਥਿਓਲੋਜੀ" ਦੋ ਯੂਨਾਨੀ ਸ਼ਬਦਾਂ ਤੋਂ ਲਿਆ ਗਿਆ ਹੈ ਜਿਨ੍ਹਾਂ ਦਾ ਸੰਯੁਕਤ ਅਰਥ ਹੈ "ਪਰਮੇਸ਼ਰ ਦਾ ਅਧਿਐਨ) ਵਿੱਚ ਰੋਗਾਂ ਅਤੇ ਬਿਮਾਰੀਆਂ ਨੂੰ ਹੁਕਮ ਦੇਣਾ ਸ਼ਾਮਲ ਨਹੀਂ ਹੈ, ਜਿਵੇਂ ਕਿ ਪ੍ਰਭੂ ਯਿਸੂ ਮਸੀਹ ਨੇ ਕੀਤਾ ਸੀ, ਤਾਂ ਸਾਡੀ ਥਿਓਲੋਜੀ ਨੂੰ ਪ੍ਰਭੂ ਯਿਸੂ ਮਸੀਹ ਦੇ ਆਖੇ ਅਤੇ ਕੀਤੇ ਅਨੁਸਾਰ ਬਦਲਣ ਅਤੇ ਇਕਸਾਰ ਕਰਨ ਦੀ ਲੋੜ ਹੈ।

ਤੁਸੀਂ ਅਤੇ ਮੈਂ ਉਹਨਾਂ ਕੰਮਾਂ ਨੂੰ ਕਰਨਾ ਹੈ, ਜਿਨ੍ਹਾਂ ਨੂੰ ਪ੍ਰਭੂ ਯਿਸੂ ਮਸੀਹ

ਨੇ ਕੀਤਾ ਸੀ ਅਤੇ ਉਹਨਾਂ ਤੋਂ ਵੀ ਵੱਡੇ ਕੰਮਾਂ ਨੂੰ ਕਰਨਾ ਹੈ (ਯੂਹੰਨਾ 14:12)। ਅਤੇ ਬਿਨਾਂ ਕਿਸੇ ਸ਼ੱਕ ਦੇ, ਜਿਸ ਢੰਗ ਨਾਲ ਉਹਨਾਂ ਨੇ ਕੀਤੇ ਸਨ, ਅਸੀਂ ਵੀ ਉਸ ਢੰਗ ਨਾਲ ਕਰਨੇ ਹਨ। ਪ੍ਰਭੂ ਯਿਸੂ ਮਸੀਹ ਨੇ ਰੋਗਾਂ ਅਤੇ ਬਿਮਾਰੀਆਂ ਨੂੰ ਬੋਲਿਆ ਅਤੇ ਉਹਨਾਂ ਨੂੰ ਛੱਡ ਕੇ ਚਲੇ ਜਾਣ ਦਾ ਹੁਕਮ ਦਿੱਤਾ। ਇਸ ਲਈ, ਤੁਹਾਨੂੰ ਅਤੇ ਮੈਨੂੰ ਉਸ ਹੀ ਢੰਗ ਨਾਲ ਬੋਲਣਾ ਚਾਹੀਦਾ ਹੈ। ਅਸੀਂ ਰੋਗਾਂ ਨੂੰ ਛੱਡ ਕੇ ਜਾਣ ਦਾ ਹੁਕਮ ਦਿੰਦੇ ਹਾਂ। ਇਹ ਅਸੀਂ ਆਪਣੇ ਸਰੀਰਾਂ ਲਈ ਵੀ ਕਰ ਸਕਦੇ ਹਾਂ ਅਤੇ ਇਹ ਉਸ ਸਮੇਂ ਵੀ ਕਰਦੇ ਸਕਦੇ ਹਾਂ ਜਦੋਂ ਅਸੀਂ ਹੋਰਨਾਂ ਲੋਕਾਂ ਵਿੱਚਕਾਰ ਸੇਵਾ ਕਰਦੇ ਹਾਂ। ਪ੍ਰਭੂ ਯਿਸੂ ਮਸੀਹ ਦੇ ਪਿੱਛੇ ਚੱਲੋ। ਉਹ ਕਰੋ, ਜੋ ਉਹਨਾਂ ਨੇ ਕੀਤਾ ਸੀ। ਤੁਹਾਡੇ ਸ਼ਬਦ ਉਸ ਅਧਿਕਾਰ ਦਾ ਪ੍ਰਗਟੀਕਰਨ ਹਨ ਜਿਹੜਾ ਉਹਨਾਂ ਨੇ ਤੁਹਾਨੂੰ ਦਿੱਤਾ ਹੈ। ਰੋਗਾਂ ਨੂੰ ਛੱਡ ਕੇ ਜਾਣ ਦਾ ਹੁਕਮ ਦਿਓ। ਆਪਣੇ ਵਿਸ਼ਵਾਸ ਨੂੰ ਬੋਲੋ।

# 44
# ਤੂਫ਼ਾਨ ਨੂੰ ਬੋਲੋ

**ਲੂਕਾ 8:22-25**
**22 ਫਿਰ ਇੱਕ ਦਿਨ ਯਿਸੂ ਅਤੇ ਉਸ ਦੇ ਚੇਲੇ ਬੇੜੀ ਉੱਤੇ ਚੜ੍ਹੇ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ,**
**ਆਓ, ਅਸੀਂ ਝੀਲ ਦੇ ਉਸ ਪਾਰ ਚੱਲੀਏ, ਤਾਂ ਉਹਨਾਂ ਨੇ ਬੇੜੀ ਖੋਲ੍ਹ ਦਿੱਤੀ।**
**23 ਪਰ ਜਦ ਉਹ ਬੇੜੀ ਵਿੱਚ ਜਾ ਰਹੇ ਸਨ ਤਾਂ ਯਿਸੂ ਸੌਂ ਗਿਆ ਅਤੇ ਝੀਲ ਵਿੱਚ ਤੂਫ਼ਾਨ**
**ਆਇਆ ਅਤੇ ਬੇੜੀ ਪਾਣੀ ਨਾਲ ਭਰਦੀ ਜਾਂਦੀ ਸੀ। ਇਸ ਲਈ ਉਹ ਖ਼ਤਰੇ ਵਿੱਚ ਸਨ।**
**24 ਤਦ ਚੇਲਿਆਂ ਨੇ ਆ ਕੇ ਯਿਸੂ ਨੂੰ ਜਗਾਇਆ ਅਤੇ ਕਿਹਾ, ਸੁਆਮੀ ਜੀ, ਸੁਆਮੀ ਜੀ! ਅਸੀਂ**
**ਤਾਂ ਮਰ ਚੱਲੇ ਹਾਂ! ਤਦ ਉਸ ਨੇ ਉੱਠ ਕੇ ਤੂਫ਼ਾਨ ਅਤੇ ਪਾਣੀ ਦੀਆਂ ਲਹਿਰਾਂ ਨੂੰ ਝਿੜਕਿਆ ਅਤੇ**
**ਉਹ ਸ਼ਾਂਤ ਹੋ ਗਈਆਂ।**
**25 ਫੇਰ ਉਸ ਨੇ ਉਨ੍ਹਾਂ ਨੂੰ ਪੁੱਛਿਆ, ਤੁਹਾਡਾ ਵਿਸ਼ਵਾਸ ਕਿੱਥੇ ਹੈ? ਅਤੇ ਉਹ ਡਰ ਗਏ ਅਤੇ**
**ਹੈਰਾਨ ਹੋ ਕੇ ਆਪਸ ਵਿੱਚ ਕਹਿਣ ਲੱਗੇ, ਇਹ ਕੌਣ ਹੈ? ਕਿ ਤੂਫ਼ਾਨ ਅਤੇ ਪਾਣੀ ਨੂੰ ਵੀ ਹੁਕਮ**
**ਦਿੰਦਾ ਹੈ ਅਤੇ ਉਹ ਉਸ ਦੀ ਗੱਲ ਮੰਨਦੇ ਹਨ!**

ਪ੍ਰਭੂ ਯਿਸੂ ਮਸੀਹ ਨੇ ਤੂਫ਼ਾਨ ਅਤੇ ਪਾਣੀ ਨੂੰ ਬੋਲਿਆ ਅਤੇ ਉਹਨਾਂ ਨੂੰ ਸ਼ਾਂਤ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੇ ਪ੍ਰਭੂ ਯਿਸੂ ਮਸੀਹ ਦੇ ਹੁਕਮ ਨੂੰ ਮੰਨਿਆ। ਪ੍ਰਭੂ ਯਿਸੂ ਮਸੀਹ ਨੇ ਆਪਣੇ ਚੇਲਿਆਂ ਵੱਲ ਮੁੜ ਕੇ ਉਹਨਾਂ ਤੋਂ ਪ੍ਰਸ਼ਨ ਪੁੱਛਿਆ, "ਤੁਹਾਡਾ ਵਿਸ਼ਵਾਸ ਕਿੱਥੇ ਹੈ?" ਇਹ ਇਸ ਵੱਲ ਇਸ਼ਾਰਾ ਕਰਦਾ ਹੈ, ਕਿ ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਆਖਿਆ, ਕਿ ਉਹ ਇਸ ਹਾਲਤ ਨੂੰ ਆਪਣੇ ਵਿਸ਼ਵਾਸ ਨਾਲ ਸੰਭਾਲ ਸਕਦੇ ਸਨ। ਜੋ ਪ੍ਰਭੂ ਯਿਸੂ ਮਸੀਹ ਨੇ ਕੀਤਾ ਸੀ, ਆਪਣੇ ਵਿਸ਼ਵਾਸ ਨਾਲ ਚੇਲੇ ਵੀ ਉਹ ਕਰ ਸਕਦੇ ਸਨ।

ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਪਿਤਾ ਦੇ ਨਾਲ ਰਹਿਣ ਅਤੇ ਚੱਲਣ ਦੇ ਢੰਗ ਦੀ ਮਿਸਾਲ ਕਾਇਮ ਕੀਤੀ ਹੈ। ਉਹਨਾਂ ਨੇ ਸਾਡੇ ਲਈ ਮਿਸਾਲ ਕਾਇਮ ਕੀਤੀ ਕਿ ਪਵਿੱਤਰ ਆਤਮਾ ਦੇ ਮਸਹ ਦੇ ਅਧੀਨ ਚੱਲਣਾ ਅਤੇ ਸੇਵਾ ਕਰਨਾ ਕੀ ਹੈ। ਉਹਨਾਂ ਨੇ ਸਾਡੇ ਲਈ ਇਸ ਮਿਸਾਲ ਨੂੰ ਵੀ ਕਾਇਮ ਕੀਤਾ, ਕਿ ਸਾਡਾ ਵਿਸ਼ਵਾਸ ਕੀ ਕਰ ਸਕਦਾ ਹੈ। ਉਹਨਾਂ ਨੇ ਨਿਰਜੀਵ ਵਸਤਾਂ – ਅੰਜੀਰ ਦਾ ਰੁੱਖ, ਰੋਗ, ਬਿਮਾਰੀ, ਤੂਫ਼ਾਨਾਂ ਅਤੇ ਲਹਿਰਾਂ ਨੂੰ ਬੋਲਿਆ। ਪ੍ਰਭੂ ਯਿਸੂ ਮਸੀਹ ਨੇ ਉਹਨਾਂ ਨੂੰ ਆਗਿਆਕਾਰੀ ਕਰਨ ਦਾ ਹੁਕਮ ਦਿੱਤਾ ਅਤੇ ਉਹਨਾਂ ਨੇ ਹੁਕਮ ਦੀ

ਆਗਿਆਕਾਰੀ ਕੀਤੀ। ਕੀ ਸਾਨੂੰ ਉਹ ਅਪਣਾਉਣਾ ਚਾਹੀਦਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਕੀਤਾ ਸੀ? ਹਾਂਜੀ, ਬਿਲਕੁਲ!

ਅਗਲੀ ਵਾਰ, ਜਦੋਂ ਤੁਸੀਂ ਤੂਫ਼ਾਨ ਦਾ ਸਾਹਮਣਾ ਕਰੋਗੇ – ਭਾਂਵੇ ਇਹ ਤੱਥਵਾਦੀ ਹਵਾਵਾਂ ਅਤੇ ਲਹਿਰਾਂ ਹੋਣ ਜਾਂ ਜੀਵਨ ਦੇ ਹਾਲਾਤ ਵਿੱਚ ਕੋਈ ਹੋਰ "ਤੂਫ਼ਾਨ" ਹੋਵੇ, ਤਾਂ ਉਹ ਕਰਨਾ ਜੋ ਪ੍ਰਭੂ ਯਿਸੂ ਮਸੀਹ ਨੇ ਕੀਤਾ ਸੀ। ਤੂਫ਼ਾਨ ਨੂੰ ਬੋਲੋ। ਉਸ ਨੂੰ ਸ਼ਾਂਤ ਹੋਣ ਦਾ ਹੁਕਮ ਦਿਓ। ਗੜਬੜੀਆਂ ਨੂੰ ਹਟਣ, ਬੰਦ ਹੋਣ ਅਤੇ ਸ਼ਾਂਤ ਰਹਿਣ ਦਾ ਹੁਕਮ ਦਿਓ। ਜੋ ਵੀ ਠੀਕ ਨਹੀਂ ਹੈ, ਜਿਵੇਂ ਕਿ – ਉਲਝਣ, ਬੁਰੀ ਮਨਸਾ, ਗੱਪਾਂ, ਮੱਤ-ਭੇਦ, ਅਤੇ ਝਗੜੇ ਦੇ ਤੂਫ਼ਾਨਾਂ ਨੂੰ ਬੰਦ ਹੋਣ ਦਾ ਹੁਕਮ ਦਿਓ।

# 45
# ਬੰਧਨਾਂ ਤੋਂ ਲੋਕਾਂ ਦੀ ਰਿਹਾਈ ਨੂੰ ਘੋਸ਼ਿਤ ਕਰੋ

**ਲੂਕਾ 13:10-16**
**10 ਯਿਸੂ ਸਬਤ ਦੇ ਦਿਨ ਕਿਸੇ ਪ੍ਰਾਰਥਨਾ ਘਰ ਵਿੱਚ ਉਪਦੇਸ਼ ਦਿੰਦਾ ਸੀ।**
**11 ਅਤੇ ਉੱਥੇ ਇੱਕ ਔਰਤ ਸੀ ਜਿਸ ਨੂੰ ਅਠਾਰਾਂ ਸਾਲਾਂ ਤੋਂ ਕਮਜ਼ੋਰੀ ਦਾ ਆਤਮਾ ਚਿੰਬੜਿਆ ਹੋਇਆ ਸੀ ਅਤੇ ਉਹ ਕੁੱਬੀ ਸੀ ਅਤੇ ਕਿਸੇ ਤਰ੍ਹਾਂ ਸਿੱਧੀ ਨਹੀਂ ਸੀ ਹੋ ਸਕਦੀ।**
**12 ਯਿਸੂ ਨੇ ਉਸ ਨੂੰ ਵੇਖ ਕੇ ਕੋਲ ਬੁਲਾਇਆ ਅਤੇ ਉਸ ਨੂੰ ਕਿਹਾ, ਹੇ ਔਰਤ ਤੂੰ ਆਪਣੀ ਕਮਜ਼ੋਰੀ ਤੋਂ ਛੁੱਟ ਗਈ ਹੈਂ।**
**13 ਯਿਸੂ ਨੇ ਉਸ ਉੱਤੇ ਹੱਥ ਰੱਖੇ ਤਾਂ ਉਸੇ ਸਮੇਂ ਉਹ ਸਿੱਧੀ ਖੜ੍ਹੀ ਹੋ ਗਈ ਅਤੇ ਪਰਮੇਸ਼ਰ ਦੀ ਵਡਿਆਈ ਕਰਨ ਲੱਗੀ।**
**14 ਪਰ ਪ੍ਰਾਰਥਨਾ ਘਰ ਦੇ ਸਰਦਾਰ ਨੇ ਇਸ ਲਈ ਜੋ ਯਿਸੂ ਨੇ ਸਬਤ ਦੇ ਦਿਨ ਚੰਗਿਆਈ ਦਿੱਤੀ, ਗੁੱਸੇ ਹੋ ਕੇ ਅੱਗੋਂ ਸਭਾ ਨੂੰ ਆਖਿਆ ਕਿ ਛੇ ਦਿਨ ਹਨ ਜਿਨ੍ਹਾਂ ਵਿੱਚ ਕੰਮ ਕਰਨਾ ਚਾਹੀਦਾ ਹੈ ਸੋ ਇਨ੍ਹਾਂ ਵਿੱਚ ਆਣ ਕੇ ਚੰਗੇ ਹੋਵੋ ਨਾ ਕਿ ਸਬਤ ਦੇ ਦਿਨ।**
**15 ਪਰ ਪ੍ਰਭੂ ਯਿਸੂ ਨੇ ਉਹਨਾਂ ਨੂੰ ਉੱਤਰ ਦੇ ਕਿ ਆਖਿਆ, ਹੇ ਕਪਟੀਓ ਕੀ ਤੁਹਾਡੇ ਵਿੱਚੋਂ ਹਰ ਕੋਈ ਸਬਤ ਦੇ ਦਿਨ ਆਪਣੇ ਬਲ਼ਦ ਜਾਂ ਗਧੇ ਨੂੰ ਖੁਰਲੀ ਤੋਂ ਖੋਲ੍ਹ ਕੇ ਪਾਣੀ ਪਿਲਾਉਣ ਨੂੰ ਨਹੀਂ ਲੈ ਜਾਂਦਾ?**
**16 ਫੇਰ ਭਲਾ, ਇਹ ਔਰਤ ਜੋ ਅਬਰਾਹਾਮ ਦੀ ਸੰਤਾਨ ਵਿੱਚੋਂ ਹੈ, ਜਿਸ ਨੂੰ ਸ਼ੈਤਾਨ ਨੇ ਵੇਖੋ ਅਠਾਰਾਂ ਸਾਲਾਂ ਤੋਂ ਬੰਨ੍ਹ ਰੱਖਿਆ ਸੀ, ਇਸ ਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣਾ ਯੋਗ ਨਹੀਂ ਸੀ?**

ਜਿਸ ਔਰਤ ਦਾ ਇਸ ਹਵਾਲੇ ਵਿੱਚ ਜ਼ਿਕਰ ਕੀਤਾ ਗਿਆ ਹੈ, 18 ਸਾਲ ਤੋਂ ਉਸ ਦੀ ਪਿੱਠ ਵਿੱਚ ਸਮੱਸਿਆ ਸੀ। ਉਹ ਕੁੱਬੀ ਅਤੇ ਅਕੜੀ ਹੋਈ ਸੀ। ਸ਼ੈਤਾਨ ਨੇ ਉਸ ਨੂੰ ਬੰਨ੍ਹ ਕੇ ਜਕੜਿਆ ਹੋਇਆ ਸੀ। ਇਹ ਕਮਜ਼ੋਰੀ ਦੀ ਆਤਮਾ ਸੀ ਜੋ ਇਸ ਮੁੱਦੇ ਵਿੱਚ ਸਮੱਸਿਆ ਦਾ ਕਾਰਨ ਬਣੀ ਹੋਈ ਸੀ। ਪ੍ਰਭੂ ਯਿਸੂ ਮਸੀਹ ਨੇ ਉਸ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ? ਪ੍ਰਭੂ ਯਿਸੂ ਮਸੀਹ ਨੇ ਸ਼ਬਦਾਂ ਨੂੰ ਬੋਲਿਆ ਅਤੇ ਉਸ ਨੂੰ ਛੂਹਿਆ। ਪ੍ਰਭੂ ਯਿਸੂ ਮਸੀਹ ਨੇ ਆਖਿਆ, *"ਹੇ ਔਰਤ ਤੂੰ ਆਪਣੀ ਕਮਜ਼ੋਰੀ ਤੋਂ ਛੁੱਟ ਗਈ ਹੈਂ।"* ਜੋ ਸ਼ੈਤਾਨ ਨੇ 18 ਸਾਲਾਂ ਤੋਂ ਕਮਜ਼ੋਰੀ ਦੀ ਆਤਮਾ ਰਾਹੀਂ ਕੀਤਾ ਸੀ, ਉਸ ਨੂੰ ਪ੍ਰਭੂ ਯਿਸੂ ਮਸੀਹ ਦੇ ਅਧਿਕਾਰ ਵਾਲੇ ਸ਼ਬਦਾਂ ਨੇ ਇੱਕ ਪਲ ਵਿੱਚ ਨਸ਼ਟ ਕਰ ਦਿੱਤਾ।

ਸਾਨੂੰ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸੀ ਹੁੰਦੇ ਹੋਏ, ਸੱਪਾਂ ਅਤੇ ਬਿੱਛੂਆਂ ਅਤੇ ਵੈਰੀ ਦੀ ਸਾਰੀ ਸ਼ਕਤੀ ਨੂੰ ਲਿਤਾੜਨ ਦਾ ਅਧਿਕਾਰ ਦਿੱਤਾ ਗਿਆ ਹੈ (ਲੂਕਾ 10:19)। ਪ੍ਰਭੂ ਯਿਸੂ ਮਸੀਹ ਦਾ ਅਧਿਕਾਰ ਮੇਰੇ ਅਤੇ ਤੁਹਾਡੇ ਵਰਗੇ ਵਿਸ਼ਵਾਸੀਆਂ ਤੋਂ ਬਣੇ ਹੋਏ, ਉਹਨਾਂ ਦੇ ਸਰੀਰ, ਕਲੀਸਿਯਾ ਰਾਹੀਂ ਪਰਗਟ ਕੀਤਾ ਜਾਂਦਾ ਹੈ। ਅਧਿਕਾਰ ਦੀ ਵਰਤੋਂ ਉਹਨਾਂ ਸ਼ਬਦਾਂ ਰਾਹੀਂ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਅਸੀਂ ਬੋਲਦੇ ਹਾਂ। ਅਧਿਕਾਰ ਦੇ ਨਾਲ, ਅਸੀਂ ਲੋਕਾਂ ਨੂੰ ਉਹਨਾਂ ਦੇ ਬੰਧਨਾਂ ਤੋਂ ਛੁੱਟ ਜਾਣ ਦੀ ਘੋਸ਼ਣਾ ਕਰਦੇ ਹਾਂ। ਨਸ਼ੇ ਦੀ ਆਦਤ ਵਿੱਚ ਬੱਝੇ ਹੋਏ ਲੋਕਾਂ ਲਈ, ਅਸੀਂ ਘੋਸ਼ਣਾ ਕਰਦੇ ਹਾਂ, ਕਿ "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਆਪਣੀ ਨਸ਼ੇ ਦੀ ਆਦਤ ਤੋਂ ਆਜ਼ਾਦ ਹੋ ਜਾਓ।" ਡਰ ਵਿੱਚ ਬੰਨ੍ਹੇ ਹੋਏ ਲੋਕਾਂ ਲਈ, ਅਸੀਂ ਘੋਸ਼ਣਾ ਕਰਦੇ ਹਾਂ, ਕਿ "ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ, ਇਸ ਕਸ਼ਟ ਦੇਣ ਵਾਲੇ ਡਰ ਤੋਂ ਆਜ਼ਾਦ ਹੋ ਜਾਓ।" ਇਸ ਤਰੀਕੇ ਨਾਲ, ਅਸੀਂ ਲੋਕਾਂ ਨੂੰ ਕਈ ਹੋਰ ਪ੍ਰਕਾਰ ਦੇ ਬੰਧਨਾਂ ਤੋਂ ਆਜ਼ਾਦ ਕਰਦੇ ਹਾਂ। ਅਧਿਕਾਰ ਦੇ ਸ਼ਬਦਾਂ ਨੂੰ ਬੋਲੋ। ਲੋਕਾਂ ਨੂੰ ਉਹਨਾਂ ਦੇ ਬੰਧਨਾਂ ਤੋਂ ਰਿਹਾ ਹੋਣ ਦੀ ਘੋਸ਼ਣਾ ਕਰੋ।

# 46
# ਮਸਹ ਕੀਤੇ ਹੋਏ ਸ਼ਬਦ ਆਤਮਾ ਦੇ ਜੀਵਨ ਨੂੰ ਪ੍ਰਗਟ ਕਰਦੇ ਹਨ

**ਯੂਹੰਨਾ 6:63**
**ਇਹ ਸਰੀਰ ਨਹੀਂ ਹੈ ਜੋ ਜੀਵਨ ਦਿੰਦਾ ਹੈ ਸਗੋਂ ਇਹ ਆਤਮਾ ਹੈ ਜੋ ਜੀਵਨ ਦਿੰਦਾ ਹੈ। ਜੋ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਉਹ ਆਤਮਾ ਹਨ, ਇਸ ਲਈ ਇਹ ਗੱਲਾਂ ਜੀਵਨ ਦਿੰਦੀਆਂ ਹਨ।**

**ਯੂਹੰਨਾ 6:63 (CL)**
**ਆਤਮਾ ਜੀਵਨ ਦਿੰਦਾ ਹੈ, ਸਰੀਰ ਨਹੀਂ। ਜਿਹੜੇ ਸ਼ਬਦ ਮੈਂ ਤੁਹਾਨੂੰ ਕਹੇ ਹਨ, ਉਹ ਆਤਮਾ ਅਤੇ ਜੀਵਨ ਹਨ।**

ਪ੍ਰਭੂ ਯਿਸੂ ਮਸੀਹ ਨੇ ਹੁਣੇ ਹੀ ਆਪਣੇ ਚੇਲਿਆਂ ਨੂੰ ਉਹਨਾਂ ਵਿੱਚ ਬਣੇ ਰਹਿਣ, ਉਹਨਾਂ ਦਾ ਮਾਸ ਖਾਣ ਅਤੇ ਉਹਨਾਂ ਦਾ ਲਹੂ ਪੀਣ ਬਾਰੇ ਗੱਲ ਕੀਤੀ ਸੀ। ਅਤੇ ਫਿਰ ਉਹਨਾਂ ਨੂੰ ਇਹ ਦੱਸਣ ਲਈ ਕਿ ਉਹ ਸ਼ਾਬਦਿਕ, ਸੁਭਾਵਿਕ ਵਸਤਾਂ ਦੀ ਗੱਲ ਨਹੀਂ ਕਰ ਰਹੇ ਸਨ, ਉਹਨਾਂ ਨੇ ਸਪਸ਼ਟ ਕਰਕੇ ਦੱਸਿਆ, ਕਿ ਇਹ ਆਤਮਾ ਹੈ ਜੋ ਜੀਵਨ (ਪਰਮੇਸ਼ਰ ਦੇ ਜੀਵਨ ਨੂੰ) ਦਿੰਦਾ ਹੈ। ਸਰੀਰ (ਸੁਭਾਵਿਕ) ਅਜਿਹਾ ਨਹੀਂ ਕਰ ਸਕਦਾ। ਫਿਰ ਉਹਨਾਂ ਨੇ ਆਪਣੇ ਸ਼ਬਦਾਂ ਵੱਲ ਇਸ਼ਾਰਾ ਕੀਤਾ। ਜਿਹੜੇ ਸ਼ਬਦਾਂ ਨੂੰ ਉਹਨਾਂ ਨੇ ਬੋਲਿਆ ਸੀ, ਉਹ ਸ਼ਬਦ ਉਤਸ਼ਾਹ, ਆਤਮਿਕ, ਜਾਂ ਆਤਮਾ ਦੇ ਸਨ ਅਤੇ ਉਹਨਾਂ ਦੇ ਸ਼ਬਦ ਉਹ ਹਨ ਜੋ ਉਹਨਾਂ ਲਈ ਪਰਮੇਸ਼ਰ ਦੇ ਆਤਮਾ ਦਾ ਜੀਵਨ ਦਿੰਦੇ ਹਨ। ਪ੍ਰਭੂ ਯਿਸੂ ਮਸੀਹ ਨੂੰ ਪਵਿੱਤਰ ਆਤਮਾ ਦੇ ਵੱਲੋਂ ਮਸਹ ਕੀਤਾ ਗਿਆ ਸੀ। ਜਦੋਂ ਉਹ ਬੋਲੇ, ਉਹਨਾਂ ਦੀਆਂ ਗੱਲਾਂ ਨੇ ਉਹਨਾਂ ਦੇ ਸੁਣਨ ਵਾਲਿਆ ਨੂੰ ਆਤਮਾ ਦਾ ਜੀਵਨ ਦਿੱਤਾ।

ਅਸੀਂ ਪਵਿੱਤਰ ਆਤਮਾ ਰਾਹੀਂ ਮਸਹ ਕੀਤੇ ਹੋਏ ਹਾਂ (2 ਕੁਰਿੰਥੀਆਂ 1:21)। ਸਾਡੇ ਰਾਹੀਂ ਕੰਮ ਉੱਤੇ ਉਹਨਾਂ ਦੇ ਮਸਹ ਨਾਲ, ਪਰਮੇਸ਼ਰ ਉਹਨਾਂ ਸ਼ਬਦਾਂ ਦੀ ਵਰਤੋਂ ਕਰਦਾ ਹਨ ਜੋ ਅਸੀਂ ਉਹਨਾਂ ਦੇ ਆਤਮਾ ਦੇ ਜੀਵਨ ਦੇ ਵਾਹਕ ਹੋਣ ਲਈ ਬੋਲਦੇ ਹਾਂ। ਇਸ ਲਈ, ਜਦੋਂ ਅਸੀਂ ਮਸਹ ਦੇ ਅਧੀਨ ਹੋਕੇ, ਜਾਂ ਪਵਿੱਤਰ ਆਤਮਾ ਦੀ ਪ੍ਰੇਰਨਾ ਨਾਲ ਬੋਲਾਂਗੇ, ਤਾਂ ਸਾਡੇ ਉਹ ਸ਼ਬਦ ਅਲੌਕਿਕ

ਘਟਨਾ ਵਾਪਰਨ ਦਾ ਕਾਰਨ ਬਣਨਗੇ। ਉਹ ਲੋਕਾਂ ਨੂੰ ਪਰਮੇਸ਼ਰ ਦਾ ਜੀਵਨ ਪ੍ਰਦਾਨ ਕਰਦੇ ਹਨ। ਉਹ ਹਾਲਾਤ ਅਤੇ ਪਰਿਸਥਿਤੀਆਂ ਵਿੱਚ ਪਰਮੇਸ਼ਰ ਦੀ ਸਮਰੱਥਾ ਨੂੰ ਪ੍ਰਦਾਨ ਕਰਦੇ ਹਨ। ਇਹ ਸ਼ਬਦ ਉਹਨਾਂ ਵਸਤਾਂ ਦੇ ਵਾਹਕ ਹਨ ਜਿਹੜੀਆਂ ਪਰਮੇਸ਼ਰ ਸਾਡੇ ਖੇਤਰਾਂ ਵਿੱਚ ਪ੍ਰਦਾਨ ਕਰਨਾ ਚਾਹੁੰਦੇ ਹਨ। ਦਲੇਰੀ ਨਾਲ ਬੋਲੋ, ਜਿਸ ਤਰ੍ਹਾਂ ਕਿ ਆਤਮਾ ਤੁਹਾਨੂੰ ਪ੍ਰੇਰਿਤ ਕਰਦਾ ਹੈ, ਇਹ ਜਾਣਦੇ ਹੋਏ, ਕਿ ਮਸਹ ਕੀਤੇ ਹੋਏ ਸ਼ਬਦ ਆਤਮਾ ਦੇ ਜੀਵਨ ਨੂੰ ਦਿੰਦੇ ਹਨ।

# 47
# ਵਿਸ਼ਵਾਸ ਵਿੱਚ ਹੁਕਮ ਦਿਓ

**ਯੂਹੰਨਾ 11:40-43**

**40 ਯਿਸੂ ਨੇ ਉਹ ਨੂੰ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਵਿਸ਼ਵਾਸ ਕਰੇਂ ਤਾਂ ਪਰਮੇਸ਼ਰ ਦੀ ਵਡਿਆਈ ਵੇਖੇਂਗੀ?**

**41 ਸੋ ਉਹਨਾਂ ਉਸ ਪੱਥਰ ਨੂੰ ਹਟਾ ਦਿੱਤਾ ਅਤੇ ਯਿਸੂ ਨੇ ਅੱਖਾਂ ਉਤਾਹਾਂ ਕਰ ਕੇ ਆਖਿਆ, ਹੇ ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ ਜੋ ਤੈਂ ਮੇਰੀ ਸੁਣੀ**

**42 ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ ਪਰ ਇਨਾਂ ਲੋਕਾਂ ਦੇ ਕਾਰਨ ਜਿਹੜੇ ਆਲੇ ਦੁਆਲੇ ਖੜ੍ਹੇ ਹਨ ਮੈਂ ਇਹ ਆਖਿਆ ਤਾਂ ਓਹ ਵਿਸ਼ਵਾਸ ਕਰਨ ਜੋ ਤੈਂ ਮੈਨੂੰ ਘੱਲਿਆ**

**43 ਇਹ ਕਹਿ ਕੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ, ਬਾਹਰ ਆ!**

ਚਾਰ ਦਿਨਾਂ ਤੋਂ ਮਰੇ ਹੋਏ ਲਾਜ਼ਰ ਦੀ ਕਬਰ ਦੇ ਅੱਗੇ ਖੜ੍ਹੇ ਹੋ ਕੇ, ਪ੍ਰਭੂ ਯਿਸੂ ਮਸੀਹ ਨੇ ਮਾਰਥਾ ਨੂੰ ਤਸੱਲੀ ਦਿੱਤੀ ਕਿ ਜੇਕਰ ਉਹ ਵਿਸ਼ਵਾਸ ਕਰਦੀ ਹੈ ਤਾਂ ਉਹ ਪਰਮੇਸ਼ਰ ਦੀ ਵਡਿਆਈ ਨੂੰ ਵੇਖੇਗੀ। ਪਹਿਲਾਂ ਹੀ ਉਹਨਾਂ ਦੀ ਪ੍ਰਾਰਥਨਾ ਸੁਣਨ ਲਈ ਉਹਨਾਂ ਨੇ ਪਿਤਾ ਦਾ ਧੰਨਵਾਦ ਕੀਤਾ। ਅਤੇ ਫਿਰ ਪ੍ਰਭੂ ਯਿਸੂ ਮਸੀਹ ਨੇ ਹੁਕਮ ਦੇ ਸ਼ਬਦ ਕਹੇ, *"ਲਾਜ਼ਰ, ਬਾਹਰ ਆ।"*

ਪ੍ਰਭੂ ਯਿਸੂ ਮਸੀਹ ਨੇ ਪਿਤਾ ਨੂੰ ਪ੍ਰਾਰਥਨਾ ਕੀਤੀ ਸੀ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਦੀ ਬੇਨਤੀ ਨੂੰ ਮੰਨ ਲਿਆ ਗਿਆ ਹੈ। ਪਰ ਕੁਦਰਤੀ ਖੇਤਰ ਵਿੱਚ ਉਚਿਤ ਨਤੀਜੇ ਨੂੰ ਪਾਉਣ ਲਈ ਉਹਨਾਂ ਨੇ ਹੁਕਮ ਦੇ ਸ਼ਬਦ ਬੋਲੋ। ਅਸੀਂ ਵਿਸ਼ਵਾਸ ਕਰਦੇ ਹਾਂ, ਕਿ ਅਸੀਂ ਪਰਮੇਸ਼ਰ ਦੀ ਵਡਿਆਈ ਨੂੰ ਵੇਖਾਂਗੇ, ਪਰਮੇਸ਼ਰ ਦੇ ਸਮਰੱਥਾ ਨਾਲ ਭਰੇ ਕੰਮਾਂ ਨੂੰ ਸਾਡੇ ਸਾਹਮਣੇ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਪ੍ਰਭੂ ਯਿਸੂ ਮਸੀਹ ਦੀ ਤਰ੍ਹਾਂ, ਅਸੀਂ ਵਿਸ਼ਵਾਸ ਵਿੱਚ ਪ੍ਰਾਰਥਨਾ ਕਰਦੇ ਹਾਂ। ਅਤੇ ਪ੍ਰਭੂ ਯਿਸੂ ਮਸੀਹ ਦੀ ਤਰ੍ਹਾਂ, ਸਾਨੂੰ ਵੀ ਵਿਸ਼ਵਾਸ ਵਿੱਚ ਹੁਕਮ ਦੇ ਸ਼ਬਦ ਬੋਲਣੇ ਚਾਹੀਦੇ ਹਨ।

ਕਿਹੜੀਆਂ ਗੱਲਾਂ ਹਨ, ਜਿਨ੍ਹਾਂ ਲਈ ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ? ਕਦੇ-ਕਦੇ, ਜੋ ਅਸੀਂ ਪਰਮੇਸ਼ਰ ਤੋਂ ਕਰਨ ਦੀ ਉਮੀਦ ਕਰ ਰਹੇ ਹਾਂ, ਉਹ ਲਾਜ਼ਰ ਦੀ ਤਰ੍ਹਾਂ, ਕਬਰ ਵਿੱਚ ਮਰਿਆ ਹੋਇਆ ਹੋ ਸਕਦਾ ਹੈ। ਸਮਾਂ

ਬੀਤ ਗਿਆ ਹੈ। ਲੱਗ ਰਿਹਾ ਹੋਵੇਗਾ ਕਿ ਥੋੜ੍ਹੀ ਦੇਰ ਹੋ ਗਈ। ਪਰ ਪਰਮੇਸ਼ੁਰ ਦਾ ਵਾਅਦਾ ਸਪਸ਼ਟ ਹੈ। ਜੇਕਰ ਅਸੀਂ ਵਿਸ਼ਵਾਸ ਕਰਦੇ ਹਾਂ, ਤਾਂ ਅਸੀਂ ਪਰਮੇਸ਼ੁਰ ਦੀ ਵਡਿਆਈ ਨੂੰ ਵੇਖਾਂਗੇ। ਅਸੀਂ ਪਰਮੇਸ਼ੁਰ ਦੇ ਸਮਰੱਥਾ ਨਾਲ ਭਰੇ ਕੰਮਾਂ ਨੂੰ ਵੇਖਾਂਗੇ। ਸਾਡੀ ਪ੍ਰਾਰਥਨਾ ਵਿਸ਼ਵਾਸ ਵਾਲੀ ਪ੍ਰਾਰਥਨਾ ਹੋਣੀ ਚਾਹੀਦੀ ਹੈ। ਅਤੇ ਸਾਨੂੰ ਵਿਸ਼ਵਾਸ ਵਿੱਚ ਹੁਕਮ ਦੇਣ ਚਾਹੀਦਾ ਹੈ। ਆਪਣੇ ਵਿਸ਼ਵਾਸ ਨੂੰ ਦਲੇਰੀ ਨਾਲ ਬੋਲੋ। ਆਪਣੇ “ਲਾਜ਼ਰ” ਨੂੰ ਹੁਕਮ ਦਿਓ, ਬਾਹਰ ਆ!

# 48

# ਵਚਨ ਤੁਹਾਨੂੰ ਤੁਹਾਡੀ ਵਿਰਾਸਤ ਵਿੱਚ ਲੈ ਕੇ ਆਉਂਦਾ ਹੈ

**ਰਸੂਲਾਂ ਦੇ ਕਰਤੱਬ 20:32**
**"ਹੁਣ ਮੈਂ ਤੁਹਾਨੂੰ ਪਰਮੇਸ਼ਰ ਅਤੇ ਉਸ ਦੀ ਕਿਰਪਾ ਦੇ ਵਚਨ ਪ੍ਰਤੀ ਵਚਨਬੱਧ ਕਰਦਾ ਹਾਂ," ਜੋ ਤੁਹਾਨੂੰ ਉਸਾਰ ਸਕਦਾ ਹੈ ਅਤੇ ਤੁਹਾਨੂੰ ਉਹਨਾਂ ਸਾਰੇ ਲੋਕਾਂ ਵਿੱਚ ਵਿਰਾਸਤ ਦੇ ਸਕਦਾ ਹੈ ਜੋ ਪਵਿੱਤਰ ਹਨ।**

ਰਸੂਲ ਪੌਲੁਸ ਨੇ ਇਹ ਸਪਸ਼ਟ ਕੀਤਾ ਹੈ, ਕਿ ਪਰਮੇਸ਼ਰ ਦਾ ਵਚਨ ਸਾਡੀ ਉਸਾਰੀ ਕਰਦਾ ਹੈ ਅਤੇ ਸਾਨੂੰ ਉਸ ਵਿਰਾਸਤ ਵਿੱਚ ਚੱਲਣ ਦੇ ਯੋਗ ਬਣਾਉਂਦਾ ਹੈ ਜੋ ਪ੍ਰਭੂ ਯਿਸੂ ਮਸੀਹ ਵਿੱਚ ਸਾਰੇ ਪਵਿੱਤਰ ਕੀਤਿਆਂ ਹੋਇਆ ਦੀ ਹੈ। ਬੇਸ਼ੱਕ, ਅਸੀਂ ਸਾਰੇ ਆਪਣੀ ਵਿਰਾਸਤ ਵਿੱਚ ਚੱਲਣ ਇੱਛਾ ਰੱਖਦੇ ਹਾਂ। ਪਰਮੇਸ਼ਰ ਦੇ ਛੁਟਕਾਰਾ ਪਾਏ ਹੋਏ, ਪੁੱਤਰਾਂ ਅਤੇ ਧੀਆਂ ਦੇ ਰੂਪ ਵਿੱਚ, ਅਸੀਂ ਆਪਣੇ ਜੀਵਨ ਦੇ ਹਰੇਕ ਦਾਇਰੇ ਵਿੱਚ ਉਸ ਸਭ ਦਾ ਅਨੰਦ ਲੈਣਾ ਚਾਹੁੰਦੇ ਹਾਂ, ਜੋ ਕਿ ਪਰਮੇਸ਼ਰ ਨੇ ਸਾਡੇ ਲਈ ਪ੍ਰਦਾਨ ਕੀਤਾ ਹੈ। ਪਰ ਸਾਨੂੰ ਸਾਡੇ ਅੰਦਰੂਨੀ ਮਨੁੱਖ ਵਿੱਚ ਉਸਾਰੀ ਕਰਨ ਲਈ ਨੀਤ ਨਾਲ ਪਰਮੇਸ਼ਰ ਦੇ ਵਚਨ ਪ੍ਰਤੀ ਵਚਨਬੱਧ ਹੋਣਾ ਚਾਹੀਦਾ ਹੈ, ਤਾਂ ਜੋ ਅਸੀਂ ਉਹਨਾਂ ਪ੍ਰਬੰਧਾਂ ਅਤੇ ਵਿਸ਼ੇਸ਼ ਅਧਿਕਾਰਾਂ ਵਿੱਚ ਚੱਲ ਸਕੀਏ ਜੋ ਪਰਮੇਸ਼ਰ ਨੇ ਸਾਡੇ ਲਈ ਉਪਲਬਧ ਕਰਵਾਏ ਹਨ।

ਅਨੇਕਾਂ ਤਰੀਕੇ ਹਨ, ਜਿਨ੍ਹਾਂ ਨਾਲ ਅਸੀਂ ਪਰਮੇਸ਼ਰ ਵਚਨ ਪ੍ਰਤੀ ਵਚਨਬੱਧ ਹੋ ਸਕਦੇ ਹਾਂ। ਸਾਨੂੰ ਉਹਨਾਂ ਦੇ ਵਚਨ ਨੂੰ ਪੜ੍ਹਨਾ, ਉਹਨਾਂ ਦੇ ਵਚਨ ਦਾ ਪ੍ਰਕਾਸ਼ ਪ੍ਰਾਪਤ ਕਰਨਾ, ਉਹਨਾਂ ਦੇ ਵਚਨ ਦਾ ਵਿਚਾਰ ਕਰਨਾ, ਉਹਨਾਂ ਦੇ ਵਚਨ ਨੂੰ ਸਾਡੇ ਵਿੱਚ ਵੱਸਣ (ਬਣੇ ਰਹਿਣ) ਦੇਣਾ, ਅਤੇ ਉਹਨਾਂ ਦੇ ਵਚਨ ਦੀ ਆਗਿਆ ਨੂੰ ਮੰਨਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ, ਰੋਮੀਆਂ 10:17 ਸਾਨੂੰ ਦੱਸਦਾ ਹੈ, ਕਿ ਸਾਡੇ ਮਨਾਂ ਵਿੱਚ ਵਿਸ਼ਵਾਸ ਉਹਨਾਂ ਦੇ ਵਚਨ ਨੂੰ ਸੁਣਨ ਰਾਹੀਂ ਆਉਂਦਾ ਹੈ। ਅਤੇ, ਜਿਸ ਤਰ੍ਹਾਂ ਕਿ ਅਸੀਂ ਮੁਢੋਂ ਅਖੀਰ ਤੱਕ ਇਸ ਕਿਤਾਬ ਵਿੱਚ ਵੇਖ ਰਹੇ ਹਾਂ, ਕਿ ਸਾਨੂੰ ਪਰਮੇਸ਼ਰ ਦੇ ਵਚਨ ਵਿੱਚ ਆਪਣੇ ਵਿਸ਼ਵਾਸ ਨੂੰ ਬੋਲਣਾ ਚਾਹੀਦਾ ਹੈ।

ਜਦੋਂ ਅਸੀਂ ਇਹ ਕਰਦੇ ਹਾਂ, ਤਾਂ ਅਸੀਂ ਪਰਮੇਸ਼ਰ ਦੇ ਵਚਨ ਪ੍ਰਤੀ ਵਚਨਬੱਧ ਹੁੰਦੇ ਹਨ। ਪਰਮੇਸ਼ਰ ਦੇ ਵਚਨ ਨੂੰ ਸਾਡੇ ਜੀਵਨ ਉੱਤੇ ਬੋਲਣਾ, ਸਾਡੀ ਵਿਰਾਸਤ ਵਿੱਚ ਚੱਲਣ ਦੀ ਇੱਕ ਕੁੰਜੀ ਹੈ। ਬੇਸ਼ੱਕ, ਅਸੀਂ ਇਹ ਇੱਕ ਅਰਥਹੀਣ ਪਾਠ ਉਚਾਰਨ ਜਾਂ ਇੱਕ ਖਾਲੀ ਰਸਮ ਵਜੋਂ ਨਹੀਂ ਕਰ ਰਹੇ ਹਾਂ। ਅਸੀਂ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਨਾਲ ਵਚਨ ਨੂੰ ਬੋਲਦੇ ਹਾਂ। ਅਤੇ ਜਦੋਂ ਅਸੀਂ ਇਹ ਕਰਦੇ ਹਾਂ, ਤਾਂ ਅਸੀਂ ਆਪਣੀ ਵਿਰਾਸਤ ਵਿੱਚ ਚੱਲਣ ਲਈ ਉਹਨਾਂ ਦੇ ਵਚਨ ਰਾਹੀਂ ਉਸਾਰੇ ਜਾਂਦੇ ਹਾਂ।

# 49
# ਮੈਂ ਵਿਸ਼ਵਾਸ ਕਰਦਾ ਹਾਂ ਕਿ ਜਿਸ ਤਰ੍ਹਾਂ ਮੈਨੂੰ ਆਖਿਆ ਗਿਆ ਹੈ ਉਸ ਤਰ੍ਹਾਂ ਹੀ ਹੋਵੇਗਾ

**ਰਸੂਲਾਂ ਦੇ ਕਰਤੱਬ 27:23-25**

**23 ਇਸ ਲਈ ਕਿ ਉਹ ਪਰਮੇਸ਼ਰ ਜਿਸ ਦਾ ਮੈਂ ਹਾਂ ਅਤੇ ਜਿਸ ਦੀ ਮੈਂ ਸੇਵਾ ਕਰਦਾ ਹਾਂ, ਉਹ ਦਾ ਦੂਤ ਅੱਜ ਰਾਤ ਮੇਰੇ ਕੋਲ ਆ ਕੇ ਖੜ੍ਹਾ ਹੋਇਆ!**
**24 ਅਤੇ ਬੋਲਿਆ ਕਿ ਹੇ ਪੌਲੁਸ, ਨਾ ਡਰ! ਜ਼ਰੂਰ ਹੈ ਜੋ ਤੂੰ ਕੈਸਰ ਦੇ ਅੱਗੇ ਹਾਜ਼ਰ ਹੋਵੇਂ ਅਤੇ ਵੇਖ ਪਰਮੇਸ਼ਰ ਨੇ ਸਭਨਾਂ ਨੂੰ ਜੋ ਤੇਰੇ ਨਾਲ ਜਹਾਜ਼ ਵਿੱਚ ਹਨ, ਤੈਨੂੰ ਬਖ਼ਸ਼ ਦਿੱਤਾ ਹੈ!**
**25 ਉਪਰੰਤ ਹੇ ਪੁਰਖੋ, ਹੌਂਸਲਾ ਰੱਖੋ ਕਿਉਂ ਜੋ ਮੈਂ ਪਰਮੇਸ਼ਰ ਦਾ ਵਿਸ਼ਵਾਸ ਕਰਦਾ ਹਾਂ ਕਿ ਜਿਵੇਂ ਮੈਨੂੰ ਕਿਹਾ ਗਿਆ ਹੈ ਉਸੇ ਤਰ੍ਹਾਂ ਹੀ ਹੋਵੇਗਾ!**

ਇੱਕ ਦੂਤ ਪੌਲੁਸ ਨੂੰ ਪਰਮੇਸ਼ਰ ਦਾ ਇੱਕ ਸੰਦੇਸ਼ ਲੈ ਕੇ ਆਇਆ ਸੀ। ਪੌਲੁਸ ਨੇ ਦਲੇਰੀ ਨਾਲ ਪਰਮੇਸ਼ਰ ਵਿੱਚ ਆਪਣੇ ਵਿਸ਼ਵਾਸ ਦੀ ਘੋਸ਼ਣਾ ਕਰਦੇ ਹੋਏ ਕਿਹਾ ਕਿ ਇਹ ਉਸੇ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਦੂਤ ਰਾਹੀਂ ਉਸ ਨੂੰ ਬੋਲਿਆ ਗਿਆ ਸੀ।

ਸਾਡੇ ਕੋਲ ਪਰਮੇਸ਼ਰ ਦਾ ਲਿਖਤੀ ਵਚਨ, ਪਵਿੱਤਰ ਬਾਈਬਲ ਹੈ, ਜੋ ਦੂਤਾਂ ਦੇ ਬੋਲ ਨਾਲੋਂ ਕਈ ਗੁਣਾ ਵੱਧ ਕੇ ਇੱਕ ਪੱਕਾ ਵਚਨ ਹੈ। ਅਸੀਂ ਉਹ ਗੱਲਾਂ ਨੂੰ ਲੈ ਸਕਦੇ ਹਾਂ, ਜਿਹੜੀਆਂ ਪਰਮੇਸ਼ਰ ਨੇ ਸਾਡੇ ਨਾਲ ਆਪਣੇ ਲਿਖਤੀ ਵਚਨ ਵਿੱਚ ਬੋਲੀਆਂ ਹਨ ਅਤੇ ਜਿਨ੍ਹਾਂ ਨੂੰ ਉਹਨਾਂ ਨੇ ਮਸੀਹ ਵਿੱਚ ਸਾਡੇ ਲਈ ਪਹਿਲਾਂ ਹੀ ਪੂਰਿਆਂ ਕਰ ਦਿੱਤਾ ਹੈ। ਉਹ ਗੱਲਾਂ ਜਿਨ੍ਹਾਂ ਦਾ ਉਹਨਾਂ ਨੇ ਇਸ ਜੀਵਨ ਵਿੱਚ ਸਾਡੇ ਲਈ ਕਰਨ ਦਾ ਵਾਅਦਾ ਕੀਤਾ ਸੀ ਅਤੇ ਅਸੀਂ ਉਹਨਾਂ ਗੱਲਾਂ ਦੀ ਘੋਸ਼ਣਾ ਕਰਦੇ ਹਾਂ ਜਿਹੜੀਆਂ ਉਹਨਾਂ ਨੇ ਬੋਲੀਆਂ ਹਨ। ਦਲੇਰੀ ਨਾਲ ਘੋਸ਼ਣਾ ਕਰੋ, ਕਿ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਗੱਲਾਂ ਉਸ ਤਰ੍ਹਾਂ ਹੀ ਵਾਪਰਨਗੀਆਂ ਜਿਸ ਤਰ੍ਹਾਂ ਪਰਮੇਸ਼ਰ ਨੇ ਉਹਨਾਂ ਨੂੰ ਆਪਣੇ ਪਵਿੱਤਰ ਵਚਨ ਵਿੱਚ ਬੋਲਿਆ ਹੈ। ਤੁਹਾਡੇ ਵਰਤਮਾਨ ਵਿੱਚ ਅਤੇ ਤੁਹਾਡੇ ਭਵਿੱਖ ਵਿੱਚ ਹਰੇਕ ਗੱਲ ਪਰਮੇਸ਼ਰ ਰਾਹੀਂ ਆਖੀ ਗਈ ਗੱਲ ਦੇ ਗਠਜੋੜ ਵਿੱਚ ਆ ਜਾਵੇਗੀ।

ਅਤੇ ਫਿਰ, ਅਜਿਹਾ ਸਮਾਂ ਆਵੇਗਾ, ਜਦ ਪਰਮੇਸ਼ਰ ਸਾਡੇ ਨਾਲ ਉਹਨਾਂ ਦੇ ਪਵਿੱਤਰ ਆਤਮਾ ਰਾਹੀਂ ਜਾਂ ਫਿਰ ਆਤਮਾ ਦੀ ਅੰਦਰੂਨੀ ਗਵਾਹੀ, ਭਵਿੱਖਬਾਣੀ, ਸੁਪਨਿਆਂ ਅਤੇ ਦਰਸ਼ਨਾਂ, ਆਦਿ ਰਾਹੀਂ ਗੱਲ ਕਰਨਗੇ। ਜਦੋਂ ਇੱਕ ਵਾਰ, ਅਸੀਂ ਜਾਂਚ ਅਤੇ ਭਰੋਸਾ ਕਰ ਲੈਂਦੇ ਹਾਂ ਕਿ ਪਵਿੱਤਰ ਆਤਮਾ ਨੇ ਸੱਚ-ਮੁੱਚ ਸਾਡੇ ਲਈ ਇੱਕ ਵਿਸ਼ੇਸ਼ ਵਚਨ ਬੋਲਿਆ ਹੈ, ਤਾਂ ਅਸੀਂ ਦਲੇਰੀ ਨਾਲ ਘੋਸ਼ਣਾ ਕਰ ਸਕਦੇ ਹਾਂ ਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਉਸ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਇਹ ਸਾਨੂੰ ਬੋਲਿਆ ਗਿਆ ਸੀ।

ਦਲੇਰੀ ਨਾਲ ਘੋਸ਼ਣਾ ਕਰੋ, ਕਿ “ਮੈਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹਾਂ।”

ਮੈਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹਾਂ, ਕਿ ਇਹ ਉਸ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਪਰਮੇਸ਼ਰ ਨੇ ਮੇਰੇ ਬਾਰੇ ਆਪਣੇ ਵਚਨ ਵਿੱਚ ਬੋਲਿਆ ਹੈ।

# 50
# ਹੋਂਦ ਰਹਿਤ ਵਸਤਾਂ ਨੂੰ ਇਸ ਤਰ੍ਹਾਂ ਪੁਕਾਰੋ ਜਿਸ ਤਰ੍ਹਾਂ ਉਹ ਤੁਹਾਡੇ ਸਨਮੁੱਖ ਹਨ

**ਰੋਮੀਆਂ 4:17**
**(ਜਿਵੇਂ ਲਿਖਿਆ ਹੋਇਆ ਹੈ, "ਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾਇਆ ਹੈ") ਅਰਥਾਤ ਉਸ ਪਰਮੇਸ਼ਰ ਦੀ ਹਜ਼ੂਰੀ ਵਿੱਚ ਜਿਸ ਉੱਤੇ ਉਸ ਨੇ ਵਿਸ਼ਵਾਸ ਕੀਤਾ ਜਿਹੜਾ ਮੁਰਦਿਆਂ ਨੂੰ ਜਿਵਾਉਂਦਾ ਅਤੇ ਉਹਨਾਂ ਅਣਹੋਈਆਂ ਵਸਤਾਂ ਨੂੰ ਇਸ ਤਰ੍ਹਾਂ ਬੁਲਾਉਂਦਾ ਹੈ, ਜਿਵੇਂ ਉਹ ਉਸ ਦੇ ਸਾਹਮਣੇ ਹਨ।**

ਰਸੂਲ ਪੌਲੁਸ, ਪਵਿੱਤਰ ਆਤਮਾ ਰਾਹੀਂ, ਅਬਰਾਹਾਮ ਦੇ ਵਿਸ਼ਵਾਸ ਨਾਲ ਚੱਲਣ ਬਾਰੇ ਚਾਨਣਾ ਪਾਉਂਦਾ ਹੈ। ਅਬਰਾਹਾਮ ਨੇ ਪਰਮੇਸ਼ਰ ਵਿੱਚ ਵਿਸ਼ਵਾਸ ਕੀਤਾ। ਅਬਰਾਹਾਮ ਨੇ ਧਰਤੀ ਉੱਤੇ ਪਰਮੇਸ਼ਰ ਦੀ ਯੋਜਨਾ ਨੂੰ ਸਾਂਝਾ ਕਰਨ ਲਈ ਵਿਸ਼ਵਾਸ ਰਾਹੀਂ ਪਰਮੇਸ਼ਰ ਨਾਲ ਭਾਈਵਾਲੀ ਕੀਤੀ। ਉਹ ਪਰਮੇਸ਼ਰ ਜਿਸ ਦਾ ਅਬਰਾਹਾਮ ਨੇ ਵਿਸ਼ਵਾਸ ਕੀਤਾ ਅਤੇ ਭਾਈਵਾਲੀ ਕੀਤੀ ਸੀ, ਉਹ ਪਰਮੇਸ਼ਰ ਹਨ ਜਿਹੜੇ ਮੁਰਦਿਆਂ ਨੂੰ ਜੀਵਨ ਦਿੰਦੇ ਹਨ ਅਤੇ ਹੋਂਦ ਰਹਿਤ ਵਸਤਾਂ ਨੂੰ ਵਜੂਦ ਵਿੱਚ ਆਉਣ ਲਈ ਪੁਕਾਰਦੇ ਹਨ। ਅਬਰਾਹਾਮ ਨੇ ਵਿਸ਼ਵਾਸ ਕਰਨਾ ਸੀ ਕਿ ਜੋ ਮਰਿਆ ਹੋਇਆ ਲੱਗ ਰਿਹਾ ਹੈ, ਉਹ ਨੂੰ ਜਿਉਂਦਾ ਕੀਤਾ ਜਾਵੇਗਾ, ਵਿਸ਼ੇਸ਼ ਤੌਰ ਤੇ ਉਹਨਾਂ ਦੇ ਬੁੱਢੇ ਸਰੀਰ ਅਤੇ ਸਾਰਾਹ ਦੀ ਬਾਂਝ ਕੁੱਖ। ਅਤੇ ਜੋ ਵਸਤੂ ਹੋਂਦ ਰਹਿਤ ਸੀ ਅਬਰਾਹਾਮ ਨੇ ਉਹ ਵਸਤੂ ਇਸ ਤਰ੍ਹਾਂ ਪੁਕਾਰਨਾ ਸਿੱਖਣਾ ਸੀ ਜਿਸ ਤਰ੍ਹਾਂ ਉਹ ਹੋਂਦ ਵਿੱਚ ਹੈ। ਇਹ ਪਰਮੇਸ਼ਰ ਨੇ ਪਹਿਲਾਂ ਕੀਤਾ। ਭਾਂਵੇਕਿ, ਅਬਰਾਹਾਮ ਦੀ ਕੋਈ ਸੰਤਾਨ ਨਹੀਂ ਸੀ, ਤਾਂ ਵੀ ਪਰਮੇਸ਼ਰ ਨੇ ਅਬਰਾਹਾਮ ਦੇ ਬਾਰੇ ਬੋਲ ਕੇ ਆਖਿਆ ਸੀ ਕਿ ਮੈਂ ਉਹ ਨੂੰ ਵੱਡੀ ਕੌਮ ਦਾ ਪਿਤਾ ਬਣਾਇਆ ਹੈ। ਅਤੇ ਫਿਰ ਪਰਮੇਸ਼ਰ ਨੇ ਅਬਰਾਮ ਅਤੇ ਸਾਰਈ ਦੇ ਨਾਵਾਂ ਨੂੰ ਬਦਲ ਕੇ ਅਬਰਾਹਾਮ ਅਤੇ ਸਾਰਾਹ ਕਰ ਦਿੱਤਾ, ਅਸਲ ਵਿੱਚ, ਉਹਨਾਂ ਨੇ ਹੋਂਦ ਰਹਿਤ ਵਸਤੂ ਨੂੰ ਇਸ ਤਰ੍ਹਾਂ ਪੁਕਾਰਿਆ ਜਿਵੇਂ ਉਹ ਹੋਂਦ ਵਿੱਚ ਹੈ।

ਵਿਸ਼ਵਾਸ ਕੰਮ ਦਾ ਅਧਿਕਾਰ ਪੱਤਰ ਹੈ, ਉਮੀਦ ਕੀਤੀ ਹੋਈਆਂ ਜਾਂ

ਇੱਛਾ ਕੀਤੀਆਂ ਹੋਈਆਂ ਵਸਤਾਂ ਦੀ ਮਾਲਕੀ ਦਾ ਸਬੂਤ। ਵਿਸ਼ਵਾਸ ਨਿਸ਼ਚਾ ਹੈ, ਜਿਹੜੀਆਂ ਵਸਤਾਂ ਨਾ ਤਾਂ ਅਜੇ ਤੱਕ ਵੇਖੀਆਂ ਗਈਆਂ ਹਨ, ਅਤੇ ਨਾ ਹੀ ਅਜੇ ਤੱਕ ਸਰੀਰਕ ਇੰਦਰੀਆਂ ਨੂੰ ਪਰਗਟ ਨਹੀਂ ਕੀਤੀਆਂ ਗਈਆਂ ਹਨ, ਵਿਸ਼ਵਾਸ ਉਹਨਾਂ ਵਸਤਾਂ ਦਾ ਪੂਰਨ ਭਰੋਸਾ ਹੈ। ਇਸ ਪ੍ਰਕਾਰ ਦਾ ਵਿਸ਼ਵਾਸ, ਜਦੋਂ ਇਹ ਬੋਲਦਾ, ਤਾਂ ਇਹ ਵਸਤਾਂ ਨੂੰ ਇਸ ਤਰ੍ਹਾਂ ਨਹੀਂ ਪੁਕਾਰਦਾ ਜਿਵੇਂ ਉਹ ਕੁਦਰਤੀ ਰੂਪ ਵਿੱਚ ਹਨ, ਸਗੋਂ ਇਸ ਤਰ੍ਹਾਂ ਪੁਕਾਰਦਾ ਹੈ ਜਿਵੇਂ ਉਹ ਆਤਮਿਕ ਰੂਪ ਵਿੱਚ ਹਨ। ਇਸ ਪ੍ਰਕਾਰ ਦਾ ਵਿਸ਼ਵਾਸ ਉਹਨਾਂ ਵਸਤਾਂ ਨੂੰ ਪੁਕਾਰਦਾ ਹੈ ਜੋ ਹੋਂਦ ਵਿੱਚ ਨਹੀਂ ਹਨ। ਵਿਸ਼ਵਾਸ ਇਸ ਦੀ ਪੁਸ਼ਟੀ ਹੈ, ਕਿ ਪਰਮੇਸ਼ਰ ਨੇ ਇੱਕ ਵਾਰ ਬੋਲਿਆ ਹੈ, ਉਹ ਹੋ ਜਾਂਦਾ ਹੈ। ਆਪਣੇ ਵਿਸ਼ਵਾਸ ਨੂੰ ਬੋਲੋ। ਜਿਹੜੀਆਂ ਵਸਤਾਂ ਅਜੇ ਕੁਦਰਤੀ ਰੂਪ ਵਿੱਚ ਨਹੀਂ ਹਨ ਉਹਨਾਂ ਨੂੰ ਇਸ ਤਰ੍ਹਾਂ ਪੁਕਾਰੋ ਜਿਵੇਂ ਕਿ ਉਹ ਹਨ, ਕਿਉਂਕਿ ਪਰਮੇਸ਼ਰ ਨੇ ਬੋਲਿਆ ਹੈ।

# 51
# ਉਹ ਦੇ ਵਾਅਦੇ ਅਨੁਸਾਰ ਬੋਲੋ

**ਰੋਮੀਆਂ 4:18-21**
**18 ਨਿਰਾਸ਼ਾ ਵਿੱਚ ਆਸ ਨਾਲ ਉਸ ਨੇ ਵਿਸ਼ਵਾਸ ਕੀਤਾ ਕਿ ਉਸ ਵਚਨ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ ਕਿ ਤੂੰ ਬਹੁਤੀਆਂ ਕੌਮਾਂ ਦਾ ਪਿਤਾ ਹੋਵੇਂਗਾ।**
**19 ਅਤੇ ਵਿਸ਼ਵਾਸ ਵਿੱਚ ਉਹ ਕਮਜ਼ੋਰ ਨਾ ਹੋਇਆ ਭਾਵੇਂ ਉਹ ਸੌ ਸਾਲ ਦਾ ਹੋ ਗਿਆ ਸੀ ਜਦੋਂ ਉਸ ਨੇ ਧਿਆਨ ਕੀਤਾ ਕਿ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਵੀ ਸੋਕਾ ਲੱਗ ਗਿਆ ਹੈ।**
**20 ਪ੍ਰੰਤੂ ਪਰਮੇਸ਼ਰ ਦੇ ਵਾਅਦੇ ਉੱਤੇ ਉਸ ਨੇ ਅਵਿਸ਼ਵਾਸ ਕਰਕੇ ਸ਼ੱਕ ਨਾ ਕੀਤਾ ਸਗੋਂ ਵਿਸ਼ਵਾਸ ਵਿੱਚ ਮਜ਼ਬੂਤ ਹੋ ਕੇ ਉਹ ਨੇ ਪਰਮੇਸ਼ਰ ਦੀ ਵਡਿਆਈ ਕੀਤੀ।**
**21 ਅਤੇ ਉਸ ਨੂੰ ਪੱਕਾ ਭਰੋਸਾ ਸੀ ਕਿ ਜਿਹ ਦਾ ਉਸ ਨੇ ਵਾਅਦੇ ਕੀਤਾ ਉਸ ਨੂੰ ਪੂਰਾ ਕਰਨ ਵਿੱਚ ਵੀ ਉਹੋ ਸਮਰੱਥੀ ਹੈ।**

ਪਵਿੱਤਰ ਆਤਮਾ ਨੇ ਰਸੂਲ ਪੌਲੁਸ ਰਾਹੀਂ ਪਰਗਟ ਕੀਤਾ ਕਿ ਪਰਮੇਸ਼ਰ ਦੇ ਕੀਤੇ ਹੋਏ ਵਾਅਦੇ ਨੂੰ ਪ੍ਰਾਪਤ ਕਰਨ ਲਈ ਕਿਸ ਤਰ੍ਹਾਂ ਅਬਰਾਹਾਮ ਵਿਸ਼ਵਾਸ ਵਿੱਚ ਪਰਮੇਸ਼ਰ ਦੇ ਨਾਲ ਚੱਲਿਆ ਸੀ। ਇੱਥੋਂ ਤੱਕ ਕਿ ਜਦੋਂ ਆਸ ਕਰਨ ਦਾ ਕੋਈ ਕਾਰਨ ਨਹੀਂ ਸੀ, ਅਬਰਾਹਾਮ ਨੇ ਆਸ ਕੀਤੀ, ਅਤੇ ਆਸ ਤੋਂ ਪ੍ਰੇਰਨਾ ਲੈ ਕੇ, ਉਸ ਨੇ ਵਿਸ਼ਵਾਸ ਕੀਤਾ। ਉਸ ਨੇ ਕੀ ਵਿਸ਼ਵਾਸ ਕੀਤਾ? ਉਸ ਨੇ ਵਿਸ਼ਵਾਸ ਕੀਤਾ ਸੀ ਕਿ ਉਹ ਪੱਕਾ ਉਹ ਹੀ ਬਣੇਗਾ ਜੋ ਪਰਮੇਸ਼ਰ ਨੇ ਉਸ ਦੇ ਬਣਨ ਬਾਰੇ ਬੋਲਿਆ ਸੀ। ਜਦ ਕਿ ਉੱਥੇ ਹਕੀਕਤਾਂ ਸਨ, ਉਸ ਦੇ ਅਤੇ ਸਾਰਾਹ ਦੇ ਸਰੀਰ ਦੀ ਹਕੀਕਤ – ਉਸ ਨੇ ਹਕੀਕਤ ਨੂੰ ਆਪਣੇ ਵਿਸ਼ਵਾਸ ਉੱਤੇ ਹੁਕਮ ਨਹੀਂ ਚਲਾਉਣ ਦਿੱਤਾ। ਉਸ ਕੋਲ ਪਰਮੇਸ਼ਰ ਵੱਲੋਂ ਕੀਤਾ ਹੋਇਆ ਇੱਕ ਵਾਅਦਾ ਸੀ। ਪਰਮੇਸ਼ਰ ਉਸ ਦੇ ਹਾਲਾਤ ਬਾਰੇ ਬੋਲੇ ਸਨ ਅਤੇ ਪਰਮੇਸ਼ਰ ਵੱਲੋਂ ਉਹ ਵਾਅਦਾ ਉਸ ਦੇ ਜੀਵਨ ਦਾ ਅੰਤਿਮ ਅਧਿਕਾਰ ਸੀ। ਜਿਹੜਾ ਪਰਮੇਸ਼ਰ ਨੇ ਵਾਅਦਾ ਕੀਤਾ ਹੋਇਆ ਸੀ ਅਬਰਾਹਾਮ ਦਾ ਵਿਸ਼ਵਾਸ ਉਸ ਵਾਅਦੇ ਉੱਤੇ ਟਿੱਕਿਆ ਹੋਇਆ ਸੀ ਅਤੇ ਪਰਮੇਸ਼ਰ ਇਸ ਵਾਅਦੇ ਨੂੰ ਪੂਰਿਆਂ ਕਰਨ ਦੇ ਯੋਗ ਸਨ।ਜੋ ਉਸ ਨੇ ਵਿਸ਼ਵਾਸ ਕੀਤਾ, ਜੋ ਉਸ ਨੇ ਕੀਤਾ ਅਤੇ ਜੋ ਵੀ ਕੁਝ ਉਸ ਨੇ ਜੀਵਨ ਵਿੱਚ ਬੋਲਿਆ ਸੀ – ਉਹ ਸਾਰਾ ਕੁਝ ਉਸ ਵਾਅਦੇ ਦੇ ਅਨੁਸਾਰ ਸੀ

ਜੋ ਪਰਮੇਸ਼ਰ ਬੋਲੇ ਸਨ। ਵਿਸ਼ਵਾਸ ਉਸ ਅਨੁਸਾਰ ਬੋਲਦਾ ਹੈ ਜੋ ਪਰਮੇਸ਼ਰ ਬੋਲੇ ਹਨ।

ਅਕਸਰ ਸਾਡੇ ਆਪਣੇ ਜੀਵਨ ਵਿੱਚ, ਸਾਡੇ ਮੌਜੂਦਾ ਹਾਲਾਤ ਉਸ ਦੇ ਉਲਟ ਹੋ ਸਕਦੇ ਹਨ, ਜੋ ਪਵਿੱਤਰ-ਗ੍ਰੰਥ ਵਿੱਚ ਸਾਡੇ ਨਾਲ ਵਾਅਦਾ ਜਾਂ ਸਾਡੇ ਬਾਰੇ ਲਿਖਿਆ ਗਿਆ ਹੈ। ਪਰਮੇਸ਼ਰ ਦੇ ਵਚਨ ਨੇ ਕੁਝ ਵਾਅਦਾ ਕੀਤਾ ਹੈ ਅਤੇ ਹੋ ਸਕਦਾ ਹੈ, ਸਾਡੇ ਅਨੁਭਵ ਪੂਰੀ ਤਰ੍ਹਾਂ ਇਸ ਦੇ ਉਲਟ ਹੋਵੇ। ਪਰਮੇਸ਼ਰ ਦਾ ਵਚਨ ਘੋਸ਼ਣਾ ਕਰਦਾ ਹੈ ਕਿ ਪਰਮੇਸ਼ਰ ਯਹੋਵਾਹ ਰਾਫ਼ਾ ਹਨ, ਅਤੇ ਫਿਰ ਵੀ ਇਹ ਹੋ ਸਕਦਾ ਹੈ, ਸਰੀਰਕ ਸੰਬੰਧੀ ਸਰੀਰ ਨੂੰ ਨਾਸ ਕਰਨ ਰੋਗ ਵਾਲਾ ਹੋਵੇ। ਪਰਮੇਸ਼ਰ ਦਾ ਵਚਨ ਘੋਸ਼ਣਾ ਕਰਦਾ ਹੈ, ਕਿ ਜੋ ਵੀ ਕੁਝ ਤੁਸੀਂ ਕਰੋਗੇ ਉਸ ਵਿੱਚ ਸਫ਼ਲ ਹੋਵੋਗੇ, ਜਦੋਂ ਕਿ ਮੌਜੂਦਾ ਹਾਲਾਤ ਦੇ ਅਨੁਭਵ ਅਸਫ਼ਲਤਾਵਾਂ ਦੀ ਇੱਕ ਕਤਾਰ ਹੋ ਸਕਦੇ ਹਨ। ਪਰਮੇਸ਼ਰ ਦਾ ਵਚਨ ਜਿੱਤ ਦਾ ਵਾਅਦਾ ਕਰਦਾ ਹੈ, ਜਦੋਂ ਕਿ ਹਾਰ ਦੇ ਕਈ ਖੇਤਰ ਹੋ ਸਕਦੇ ਹਨ। ਸਾਨੂੰ ਕੀ ਕਰਨਾ ਚਾਹੀਦਾ ਹੈ? ਕੀ ਸਾਨੂੰ ਆਪਣੇ ਜੀਵਨ ਦੇ ਅਨੁਭਵ ਨੂੰ ਪਰਮੇਸ਼ਰ ਦੀ ਮਰਜ਼ੀ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ, ਜਾਂ ਕੀ ਸਾਨੂੰ ਪਰਮੇਸ਼ਰ ਦੇ ਵਚਨ ਨੂੰ ਆਪਣੇ ਜੀਵਨ ਲਈ ਪਰਮੇਸ਼ਰ ਦੀ ਮਰਜ਼ੀ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ?

ਸਾਨੂੰ ਅਬਰਾਹਾਮ ਦੇ ਵਿਸ਼ਵਾਸ ਦੇ ਕਦਮਾਂ ਉੱਤੇ ਚੱਲਣ ਲਈ ਬੁਲਾਇਆ ਗਿਆ ਹੈ। ਭਾਵੇਂ ਕਿ ਜਦੋਂ ਆਸ ਕਰਨ ਦਾ ਕੋਈ ਕਾਰਨ ਨਾ ਹੋਵੇ, ਸਾਨੂੰ ਆਸ ਰੱਖਣੀ ਚਾਹੀਦੀ ਹੈ ਅਤੇ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ। ਹਕੀਕਤ ਨੂੰ ਤੁਹਾਡੇ ਵਿਸ਼ਵਾਸ ਨੂੰ ਕਮਜ਼ੋਰ ਨਾ ਕਰਨ ਦਿਓ। ਆਪਣੇ ਵਿਸ਼ਵਾਸ ਨੂੰ ਪਰਮੇਸ਼ਰ ਦੇ ਵਚਨ ਵਿੱਚ ਸਥਾਪਿਤ ਕਰੋ। ਵਿਸ਼ਵਾਸ ਪਰਮੇਸ਼ਰ ਦੇ ਵਾਅਦੇ ਅਨੁਸਾਰ ਬੋਲਦਾ ਹੈ। ਆਪਣੇ ਵਿਸ਼ਵਾਸ ਨੂੰ ਬੋਲੋ।

# 52
# ਜੀਵਨ ਵਿੱਚ ਰਾਜ ਕਰੋ – ਅਧਿਕਾਰ ਦੇ ਵਚਨ ਬੋਲੋ

**ਰੋਮੀਆਂ 5:17**
**ਜਦੋਂ ਉਸ ਨੇ ਇੱਕ ਦੇ ਅਪਰਾਧ ਕਰਕੇ ਉਸ ਇੱਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ ਉਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਾਰਮਿਕਤਾ ਦੀ ਦਾਤ ਬਹੁਤੀ ਮਿਲੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ।**

ਪ੍ਰਭੂ ਯਿਸੂ ਮਸੀਹ ਨੇ ਸਾਨੂੰ ਉਸ ਗੁਲਾਮੀ ਵਿੱਚੋਂ ਬਾਹਰ ਕੱਢਿਆ ਹੈ, ਜਿਸ ਗੁਲਾਮੀ ਦੇ ਵੱਸ ਵਿੱਚ ਆਦਮ ਨੇ ਸਾਨੂੰ ਕੀਤਾ ਸੀ। ਅਸੀਂ ਭਰਪੂਰ ਕਿਰਪਾ ਅਤੇ ਧਾਰਮਿਕਤਾ ਦੀ ਦਾਤ ਨੂੰ ਪ੍ਰਾਪਤ ਕੀਤਾ ਹੈ। ਪਰਮੇਸ਼ਰ ਨੇ ਸਾਡੇ ਜੀਵਨ ਉੱਤੇ ਆਪਣੀ ਵਧੀਕ ਕਿਰਪਾ ਕੀਤੀ ਹੈ। ਉਹਨਾਂ ਨੇ ਸਾਨੂੰ ਮਸੀਹ ਵਿੱਚ ਵਿਸ਼ਵਾਸ ਰਾਹੀਂ ਇੱਕ ਦਾਤ ਵਜੋਂ ਆਪਣੀ ਧਾਰਮਿਕਤਾ ਨੂੰ ਬਖ਼ਸ਼ਿਆ ਹੈ। ਅਸੀਂ ਅਤੀਤ ਵਿੱਚ ਪਾਪੀ ਹੁੰਦੇ ਸੀ। ਪਰ ਹੁਣ ਵਸਤਾਂ ਵੱਖਰੀਆਂ ਹਨ। ਅਸੀਂ ਪਰਮੇਸ਼ਰ ਦੀ ਧਾਰਮਿਕਤਾ ਹਾਂ। ਅਸੀਂ ਪਰਮੇਸ਼ਰ ਦੀ ਵਧੀਕ ਕਿਰਪਾ ਨੂੰ ਪ੍ਰਾਪਤ ਕੀਤਾ ਹੈ। ਪਰਮੇਸ਼ਰ ਦੀ ਕਿਰਪਾ ਸਾਨੂੰ ਉਹ ਦਿੰਦੀ ਹੈ, ਜਿਸ ਦੇ ਅਸੀਂ ਹੱਕਦਾਰ ਨਹੀਂ ਹਾਂ ਜਾਂ ਜੋ ਅਸੀਂ ਕਦੇ ਆਪਣੇ ਆਪ ਨਹੀਂ ਕਮਾ ਸਕਦੇ ਸੀ। ਜੋ ਕੁਝ ਪਰਮੇਸ਼ਰ ਨੇ ਸਾਨੂੰ ਕਿਰਪਾ ਰਾਹੀਂ ਦਿੱਤਾ ਹੈ, ਉਹ ਸੱਚ-ਮੁੱਚ ਹੀ ਸਾਡਾ ਹੈ। ਇਹ ਸਾਡੇ ਕੋਲ ਹੈ। ਪਰਮੇਸ਼ਰ ਨੇ ਇਹ ਸਾਨੂੰ ਅਨੰਦ ਲੈਣ, ਜੀਉਣ ਅਤੇ ਪੱਕੇ ਤੌਰ ਤੇ ਸਾਡਾ ਆਪਣਾ ਹੋਣ ਵਜੋਂ ਦਿੱਤਾ ਹੈ।

ਬਹੁਤ ਸਾਰੀਆਂ ਗੱਲਾਂ ਵਿੱਚੋਂ ਇੱਕ ਜੋ ਪਰਮੇਸ਼ਰ ਨੇ ਸਾਨੂੰ ਆਪਣੀ ਕਿਰਪਾ ਰਾਹੀਂ ਮੁਫਤ ਵਿੱਚ ਦਿੱਤਾ ਹੈ, ਉਹ ਇਹ ਹੈ ਕਿ ਉਹਨਾਂ ਨੇ ਸਾਨੂੰ ਪ੍ਰਭੂ ਯਿਸੂ ਮਸੀਹ ਰਾਹੀਂ ਜੀਵਨ ਵਿੱਚ ਰਾਜਿਆਂ ਵਾਂਗ ਰਹਿਣ ਅਤੇ ਰਾਜ ਕਰਨ ਲਈ ਨਿਯੁਕਤ ਕੀਤਾ ਹੈ। ਪ੍ਰਭੂ ਯਿਸੂ ਮਸੀਹ ਰਾਹੀਂ, ਅਰਥਾਤ, ਉਹਨਾਂ ਦੇ ਕਰਕੇ ਅਤੇ ਜਿਹੜੇ ਅਧਿਕਾਰ ਦਾ ਉਹਨਾਂ ਨੇ ਪ੍ਰਬੰਧ ਕੀਤਾ ਹੈ, ਉਸ ਅਧਿਕਾਰ ਰਾਹੀਂ, ਅਸੀਂ ਜੀਵਨ ਵਿੱਚ ਹਕੂਮਤ ਕਰਨਾ ਅਤੇ ਰਾਜ ਕਰਨਾ ਹੈ। ਇਸ ਸਚਿਆਈ ਨੂੰ

ਸਮਝੋ। ਤੁਸੀਂ ਆਤਮਿਕ ਅਧਿਕਾਰ ਅਤੇ ਹਕੂਮਤ ਵਾਲੇ ਵਿਅਕਤੀ ਹੋ। ਜੇਕਰ ਤੁਸੀਂ ਇਸ ਦਾ ਪ੍ਰਯੋਗ ਨਹੀਂ ਕਰਦੇ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੈ। ਰਾਜੇ ਕੀ ਕਰਦੇ ਹਨ? ਰਾਜੇ ਆਪਣੇ ਸ਼ਬਦਾਂ ਨਾਲ ਅਧਿਕਾਰ ਅਤੇ ਹਕੂਮਤ ਦਾ ਇਸਤੇਮਾਲ ਕਰਦੇ ਹਨ। ਉਹ ਸ਼ਬਦ ਬੋਲਦੇ ਹਨ, ਉਹ ਗੱਲਾਂ ਦਾ ਫ਼ਰਮਾਨ ਦਿੰਦੇ ਹਨ, ਤਾਂ ਕਿ ਜੋ ਉਹ ਫ਼ਰਮਾਨ ਦਿੰਦੇ ਹਨ, ਉਹ ਉਹਨਾਂ ਦੇ ਪ੍ਰਭਾਵ ਦੇ ਖੇਤਰ ਵਿੱਚ ਸਥਾਪਿਤ ਹੋਣ।

ਆਦਮ ਨੇ ਸਾਨੂੰ ਪਾਪ ਅਤੇ ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤਾਂ ਅਤੇ ਹਰੇਕ ਚੀਜ਼ ਜੋ ਉਸ ਦੇ ਪਾਪ ਵਿੱਚ ਡਿੱਗਣ ਦੇ ਕਾਰਨ ਆਈ ਸੀ, ਜਿਵੇਂ ਕਿ ਬਿਮਾਰੀ, ਗਰੀਬੀ, ਦੁਸ਼ਟ ਆਤਮਾਵਾਂ ਦੇ ਅਤਿਆਚਾਰ, ਆਦਿ ਦੇ ਅਧੀਨ ਵਿੱਚ ਕਰ ਦਿੱਤਾ ਸੀ। ਪ੍ਰਭੂ ਯਿਸੂ ਮਸੀਹ ਨੇ ਉਸ ਸਭ ਤੋਂ ਸਾਨੂੰ ਬਾਹਰ ਕੱਢਿਆ ਹੈ, ਜਿਸ ਦੇ ਅਧੀਨ ਵਿੱਚ ਆਦਮ ਨੇ ਸਾਨੂੰ ਕੀਤਾ ਹੈ ਅਤੇ ਹੁਣ ਸਾਨੂੰ ਉਹਨਾਂ ਸਭਨਾਂ ਉੱਤੇ ਹਕੂਮਤ ਅਤੇ ਰਾਜ ਕਰਨ ਲਈ ਨਿਯੁਕਤ ਕੀਤਾ ਹੈ। ਪਰ ਅਸੀਂ ਕਦੇ ਵੀ ਇਸ ਦਾ ਅਨੁਭਵ ਨਹੀਂ ਕਰ ਸਕਦੇ ਜੇਕਰ ਅਸੀਂ ਆਪਣੀ ਹਕੂਮਤ ਦਾ ਇਸਤੇਮਾਲ ਨਹੀਂ ਕਰਦੇ ਹਾਂ। ਹਕੂਮਤ ਦੇ ਸ਼ਬਦਾਂ ਨੂੰ ਬੋਲੋ। ਫ਼ਰਮਾਨ ਨੂੰ ਜਾਰੀ ਕਰੋ। ਵਚਨ ਦੀ ਘੋਸ਼ਣਾ ਕਰੋ। ਆਪਣੇ ਵਿਸ਼ਵਾਸ ਨੂੰ ਬੋਲੋ ਅਤੇ ਤੁਹਾਡੇ ਪ੍ਰਭਾਵ ਦੇ ਖੇਤਰ ਦੇ ਅਧੀਨ ਸਾਰਾ ਕੁਝ ਪਰਮੇਸ਼ਰ ਦੇ ਰਾਜ ਦੀ ਸਚਿਆਈ ਦੇ ਰਾਹੀਂ ਹਕੂਮਤ ਅਤੇ ਨਿਅੰਤਰਿਤ ਹੋਵੇ।

# 53
# ਵਿਸ਼ਵਾਸ ਇਸ ਤਰ੍ਹਾਂ ਬੋਲਦਾ ਹੈ

**ਰੋਮੀਆਂ 10:6-8**
**6 ਪਰ ਉਹ ਜੋ ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਾਇਆ ਗਿਆ ਹੈ, ਉਸ**
**ਦੇ ਬਾਰੇ ਇਸ ਤਰ੍ਹਾਂ ਕਿਹਾ ਗਿਆ ਹੈ, "ਆਪਣੇ ਦਿਲ ਵਿੱਚ ਇਸ ਤਰ੍ਹਾਂ ਨਾ ਕਹਿ ਕਿ ਸਵਰਗ**
**ਵਿੱਚ ਉੱਪਰ ਕੌਣ ਜਾਵੇਗਾ," (ਜਿਸ ਦਾ ਅਰਥ ਹੈ, ਮਸੀਹ ਨੂੰ ਹੇਠਾਂ ਲਿਆਉਣਾ)।**
**7 ਜਾਂ "ਪਤਾਲ ਵਿੱਚ ਕੌਣ ਉਤਰੇਗਾ," (ਜਿਸ ਦਾ ਅਰਥ ਹੈ ਮਸੀਹ ਨੂੰ ਮੁਰਦਿਆਂ ਵਿੱਚੋਂ ਵਾਪਸ**
**ਲਿਆਉਣਾ)।**
**8 ਉਸ ਦਾ ਇਹ ਕਹਿਣਾ ਹੈ, "ਪਰਮੇਸ਼ਰ ਦਾ ਸੰਦੇਸ਼ ਤੁਹਾਡੇ ਨੇੜੇ ਹੈ।" ਉਹ ਤੁਹਾਡੇ ਮੂੰਹ ਅਤੇ**
**ਦਿਲ ਵਿੱਚ ਹੈ ਭਾਵ ਉਹ ਵਿਸ਼ਵਾਸ ਵਾਲਾ ਸੰਦੇਸ਼ ਜਿਸ ਦਾ ਅਸੀਂ ਪ੍ਰਚਾਰ ਕਰਦੇ ਹਾਂ।**

ਰਸੂਲ ਪੌਲੁਸ ਨੇ ਰੋਮੀਆਂ ਦੇ ਅਧਿਆਇ 4 ਵਿੱਚ ਹਵਾਲਾ ਦਿੱਤਾ ਕਿ ਅਬਰਾਹਾਮ ਨੂੰ ਪਰਮੇਸ਼ਰ ਵਿੱਚ ਵਿਸ਼ਵਾਸ ਸੀ ਅਤੇ ਇਸ ਲਈ, ਪਰਮੇਸ਼ਰ ਨੇ ਇਹ ਨੂੰ ਉਹ ਲਈ ਨੇਕੀ ਗਿਣਿਆ। ਉਹ ਨੇ ਇਹ ਵੀ ਸਥਾਪਿਤ ਕੀਤਾ ਹੈ ਕਿ ਮਸੀਹ ਵਿੱਚ, ਸਾਨੂੰ ਬਹੁਤ ਵਧੀਕ ਕਿਰਪਾ ਪ੍ਰਾਪਤ ਹੋਈ ਹੈ ਅਤੇ ਪਰਮੇਸ਼ਰ ਦੀ ਧਾਰਮਿਕਤਾ ਦੀ ਦਾਤ ਸਾਨੂੰ ਪ੍ਰਦਾਨ ਕੀਤੀ ਗਈ ਹੈ। ਹੁਣ ਜਦੋਂ ਅਸੀਂ ਪਰਮੇਸ਼ਰ ਦੇ ਨਾਲ ਖੜ੍ਹੀ ਚਾਲ ਵਿੱਚ ਹਾਂ, ਤਾਂ ਪਰਮੇਸ਼ਰ ਵਿੱਚ ਵਿਸ਼ਵਾਸ ਕਿਸ ਤਰ੍ਹਾਂ ਪਰਗਟ ਹੁੰਦਾ ਹੈ? ਅਸੀਂ ਜੋ ਵਿਸ਼ਵਾਸ ਅਤੇ ਨੇਕੀ ਦੇ ਲੋਕ ਹਾਂ, ਅਸੀਂ ਕਿਸ ਤਰ੍ਹਾਂ ਬੋਲਦੇ ਹਾਂ?

ਅਸੀਂ ਨਾਉਮੀਦੀ ਅਤੇ ਨਿਰਾਸ਼ਾ ਬਾਰੇ ਨਹੀਂ ਬੋਲਦੇ ਹਾਂ। ਅਸੀਂ ਇਸ ਤਰ੍ਹਾਂ ਨਹੀਂ ਬੋਲਦੇ, ਕਿ ਪਰਮੇਸ਼ਰ ਸਵਰਗ ਵਿੱਚ ਇੰਨੇ ਦੂਰ ਹਨ ਕਿ ਉਹ ਸਾਡੀ ਸਹਾਇਤਾ ਨਹੀਂ ਕਰ ਸਕਦੇ ਹਨ। ਅਸੀਂ ਇਸ ਤਰ੍ਹਾਂ ਵੀ ਨਹੀਂ ਬੋਲਦੇ ਹਾਂ, ਕਿ ਪਰਮੇਸ਼ਰ ਮਰ ਗਏ ਹਨ ਅਤੇ ਸਾਡੀ ਸਹਾਇਤਾ ਕਰਨ ਲਈ ਕਮਜ਼ੋਰ ਹਨ। ਇਸ ਦੇ ਬਦਲੇ, ਸਾਨੂੰ ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਰਸੂਲ ਪੌਲੁਸ ਪੁਰਾਣੇ ਨੇਮ ਦੀ ਇੱਕ ਸਚਿਆਈ ਲਾਗੂ ਕਰਦਾ ਹੈ। ਉਹ ਸਾਨੂੰ ਉਹ ਹੀ ਗੱਲ ਦੱਸਦਾ ਹੈ ਜਿਹੜੀ ਮੂਸਾ ਨੇ ਬਿਵਸਥਾ ਸਾਰ 30:11-14 ਵਿੱਚ ਪਰਮੇਸ਼ਰ ਦੇ ਲੋਕਾਂ ਨੂੰ ਦੱਸੀ ਸੀ। ਵਚਨ ਤੁਹਾਡੇ ਨੇੜੇ ਹੈ। ਉਹ ਵਚਨ ਜਿਹੜਾ ਪਰਮੇਸ਼ਰ ਨੇ ਬੋਲਿਆ

ਹੈ ਤੁਹਾਡੇ ਮੂੰਹ ਅਤੇ ਦਿਲ ਵਿੱਚ ਹੈ। ਇੱਥੇ ਨਿਰਣੀਤ ਸਪਸ਼ਟ ਵਿਸ਼ਾ ਇਹ ਹੈ, ਕਿ ਤੁਹਾਡੇ ਦਿਲ ਵਿੱਚ ਵਚਨ ਇਸ ਦਾ ਵਿਸ਼ਵਾਸ ਕਰਨ ਲਈ ਹਨ, ਅਤੇ ਤੁਹਾਡੇ ਮੂੰਹ ਵਿੱਚ ਵਚਨ ਇਸ ਦਾ ਇਕਰਾਰ ਕਰਨ ਲਈ ਹਨ। ਫਿਰ ਉਹ ਇਸ ਨੂੰ ਵਿਸ਼ਵਾਸ ਦੇ ਵਚਨ, ਪ੍ਰਭੂ ਯਿਸੂ ਮਸੀਹ ਦੀ ਖੁਸ਼ਖ਼ਬਰੀ ਦੇ ਸੰਦੇਸ਼ ਉੱਤੇ ਲਾਗੂ ਕਰਦਾ ਹੈ ਜਿਸ ਦਾ ਅਸੀਂ ਪ੍ਰਚਾਰ ਕਰਦੇ ਹਾਂ।

ਇੱਥੇ ਸਾਡੇ ਜਾਣਨ ਲਈ ਮਹੱਤਵਪੂਰਨ ਸਚਿਆਈ ਇਹ ਹੈ ਕਿ ਵਿਸ਼ਵਾਸ ਬੋਲਦਾ ਹੈ। ਵਿਸ਼ਵਾਸ ਪਰਮੇਸ਼ਰ ਦਾ ਵਚਨ ਬੋਲਦਾ ਹੈ, ਜਿਹੜਾ ਸਾਡੇ ਦਿਲਾਂ ਅਤੇ ਸਾਡੇ ਮੂੰਹਾਂ ਵਿੱਚ ਲਗਾਤਾਰ ਰੱਖਿਆ ਜਾਣਾ ਹੈ। ਨਾਉਮੀਦੀ ਨੂੰ ਕਦੇ ਵੀ ਨਾ ਬੋਲੋ। ਨਿਰਾਸ਼ਾ ਨੂੰ ਕਦੇ ਵੀ ਨਾ ਬੋਲੋ। ਪਰਮੇਸ਼ਰ ਦਾ ਵਚਨ ਤੁਹਾਡੇ ਦਿਲ ਵਿੱਚ ਹੈ ਕਿ ਤੁਸੀਂ ਇਸ ਵਿੱਚ ਵਿਸ਼ਵਾਸ ਕਰੋ, ਅਤੇ ਤੁਹਾਡੇ ਮੂੰਹ ਵਿੱਚ, ਇਸ ਲਈ ਹੈ, ਕਿ ਤੁਸੀਂ ਇਸ ਨੂੰ ਬੋਲੋ। ਵਚਨ ਨੂੰ ਬੋਲੋ। ਪਰਮੇਸ਼ਰ ਦੇ ਵਚਨ ਵਿੱਚ ਆਪਣੇ ਵਿਸ਼ਵਾਸ ਨੂੰ ਬੋਲੋ।

# 54
# ਮੁਕਤੀ ਲਈ ਇਕਰਾਰ ਕੀਤਾ ਜਾਂਦਾ ਹੈ

**ਰੋਮੀਆਂ 10:6-10**
**6 ਪਰ ਉਹ ਜੋ ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਾਇਆ ਗਿਆ ਹੈ, ਉਸ ਦੇ ਬਾਰੇ ਇਸ ਤਰ੍ਹਾਂ ਕਿਹਾ ਗਿਆ ਹੈ, "ਆਪਣੇ ਦਿਲ ਵਿੱਚ ਇਸ ਤਰ੍ਹਾਂ ਨਾ ਕਹਿ ਕਿ ਸਵਰਗ ਵਿੱਚ ਉੱਪਰ ਕੌਣ ਜਾਵੇਗਾ," (ਜਿਸ ਦਾ ਅਰਥ ਹੈ, ਮਸੀਹ ਨੂੰ ਹੇਠਾਂ ਲਿਆਉਣਾ)।**
**7 ਜਾਂ "ਪਤਾਲ ਵਿੱਚ ਕੌਣ ਉਤਰੇਗਾ," (ਜਿਸ ਦਾ ਅਰਥ ਹੈ ਮਸੀਹ ਨੂੰ ਮੁਰਦਿਆਂ ਵਿੱਚੋਂ ਵਾਪਸ ਲਿਆਉਣਾ)।**
**8 ਉਸ ਦਾ ਇਹ ਕਹਿਣਾ ਹੈ, "ਪਰਮੇਸ਼ਰ ਦਾ ਸੰਦੇਸ਼ ਤੁਹਾਡੇ ਨੇੜੇ ਹੈ।" ਉਹ ਤੁਹਾਡੇ ਮੂੰਹ ਅਤੇ ਦਿਲ ਵਿੱਚ ਹੈ ਭਾਵ ਉਹ ਵਿਸ਼ਵਾਸ ਵਾਲਾ ਸੰਦੇਸ਼ ਜਿਸ ਦਾ ਅਸੀਂ ਪ੍ਰਚਾਰ ਕਰਦੇ ਹਾਂ।**
**9 ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ "ਯਿਸੂ ਪ੍ਰਭੂ ਹਨ," ਅਤੇ ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ।**
**10 ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ।**

ਇੱਕ ਹੋਰ ਸਚਿਆਈ ਜੋ ਸਾਨੂੰ ਇਸ ਹਵਾਲੇ ਤੋਂ ਜ਼ਰੂਰ ਉਜਾਗਰ ਕਰਨੀ ਚਾਹੀਦੀ ਹੈ, ਉਹ ਸਚਿਆਈ ਹੈ ਵਿਸ਼ਵਾਸ ਕਰਨ ਅਤੇ ਇਕਰਾਰ ਕਰਨ ਦੀ ਮਹੱਤਤਾ। ਸਾਡੇ ਦਿਲਾਂ ਵਿੱਚ ਪਰਮੇਸ਼ਰ ਦੇ ਵਚਨ ਵਿੱਚ ਵਿਸ਼ਵਾਸ ਕਰਨਾ ਸਾਨੂੰ ਪਰਮੇਸ਼ਰ ਨਾਲ ਠੀਕ ਚਾਲ ਵਿੱਚ ਖੜ੍ਹਾ ਕਰਦਾ ਹੈ ("ਉਸ ਦਿਲ ਨਾਲ ਜਿਹੜਾ ਧਾਰਮਿਕਤਾ ਲਈ ਵਿਸ਼ਵਾਸ ਕਰਦਾ ਹੈ")। ਅਸੀਂ ਪਰਮੇਸ਼ਰ ਤੋਂ ਪ੍ਰਾਪਤ ਕਰਨ ਲਈ ਠੀਕ ਸਥਾਨ ਅਤੇ ਠੀਕ ਅਵਸਥਾ ਵਿੱਚ ਹਾਂ। ਅਤੇ ਫਿਰ ਪਵਿੱਤਰ-ਗ੍ਰੰਥ ਸਾਨੂੰ ਇੱਕ ਹੋਰ ਕਦਮ ਚੁੱਕਣ ਦੀ ਹਿਦਾਇਤ ਦਿੰਦਾ ਹੈ। ਸਾਨੂੰ ਆਪਣੇ ਮੂੰਹ ਨਾਲ ਇਕਰਾਰ ਕਰਨ ਦੀ ਹਦਾਇਤ ਦਿੱਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਸਾਨੂੰ ਮੁਕਤੀ ਪ੍ਰਾਪਤ ਹੁੰਦੀ ਹੈ ਜਾਂ ਇਸ ਦਾ ਅਨੁਭਵ ਹੁੰਦਾ ਹੈ ("ਮੁਕਤੀ ਲਈ ਇਕਰਾਰ ਕੀਤਾ ਜਾਂਦਾ ਹੈ")।

ਪ੍ਰਭੂ ਯਿਸੂ ਮਸੀਹ ਨੇ ਸਲੀਬ ਉੱਤੇ ਆਪਣੀ ਮੌਤ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਰਾਹੀਂ ਧਾਰਮਿਕਤਾ ਅਤੇ ਮੁਕਤੀ ਨੂੰ ਇੱਕ ਦਾਤ ਵਜੋਂ ਉਪਲਬਧ

ਕੀਤਾ ਹੈ। ਇਹ ਹਰੇਕ ਲਈ ਉਪਲਬਧ ਹੈ। ਮੁਕਤੀ ਪ੍ਰਦਾਨ ਕੀਤੀ ਗਈ ਹੈ, ਪਰ ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਇਕਰਾਰ ਕਰਦੇ ਹਾਂ। ਇਕਰਾਰ ਦੀ ਮਹੱਤਤਾ ਦੀ ਹਦਾਇਤ ਵੱਲ ਧਿਆਨ ਕਰੋ। ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ, ਤਾਂ ਅਸੀਂ ਪ੍ਰਾਪਤ ਕਰਨ ਦੀ ਅਵਸਥਾ ਵਿੱਚ ਹੁੰਦੇ ਹਾਂ। ਪਰ ਇਕਰਾਰ ਉਹ ਹੈ, ਜੋ ਸਾਡੇ ਜੀਵਨ ਵਿੱਚ ਮੁਕਤੀ ਲਿਆਉਂਦਾ ਹੈ।

ਮੁਕਤੀ, ਜਦੋਂ ਅਸੀਂ ਇਸ ਨੂੰ ਨਵੇਂ ਨੇਮ ਵਿੱਚ ਸਮਝਦੇ ਹਾਂ, ਤਾਂ ਇਹ ਇੱਕ ਵਿਆਪਕ ਸ਼ਬਦ ਹੈ, ਜਿਸ ਵਿੱਚ ਸਦੀਪਕ ਮੁਕਤੀ, ਪਾਪਾਂ ਦੀ ਮਾਫ਼ੀ, ਪਾਪ ਉੱਤੇ ਜਿੱਤ, ਰੋਗਾਂ ਤੋਂ ਚੰਗਿਆਈ, ਸੰਘਰਸ਼ ਵਿੱਚ ਜਿੱਤ, ਵੈਰੀ ਦੇ ਹਰੇਕ ਕੰਮ ਤੋਂ ਛੁਟਕਾਰਾ, ਹਾਨੀ ਤੋਂ ਬਚਾਅ, ਖ਼ਤਰੇ ਤੋਂ ਸੁਰੱਖਿਆ ਅਤੇ ਪੂਰੀ ਸੰਪੂਰਨਤਾ ਸ਼ਾਮਲ ਹੈ। ਇਸ ਦਾ ਅਰਥ ਹੈ ਬਚਾਇਆ ਜਾਣਾ, ਚੰਗਾ ਹੋਣਾ, ਛੁਟਕਾਰਾ ਪਾਉਣਾ, ਜਿੱਤ ਪ੍ਰਾਪਤ ਕਰਨਾ, ਰਿਹਾਈ ਪ੍ਰਾਪਤ ਕਰਨੀ, ਸੁਰੱਖਿਆ ਪ੍ਰਾਪਤ ਕਰਨੀ ਅਤੇ ਸੰਪੂਰਨ ਬਣਨਾ। ਪਰਮੇਸ਼ਰ ਦੇ ਵਚਨ ਵਿੱਚ ਵਿਸ਼ਵਾਸ ਕਰਨਾ ਅਤੇ ਪਰਮੇਸ਼ਰ ਦੇ ਵਚਨ ਦਾ ਇਕਰਾਰ ਕਰਨਾ, ਉਹ ਹੈ ਜੋ ਇਹਨਾਂ ਵਿੱਚੋਂ ਹਰੇਕ ਨੂੰ ਸਾਡਾ ਅਨੁਭਵ ਬਣਾਉਂਦਾ ਹੈ। ਆਪਣੇ ਵਿਸ਼ਵਾਸ ਨੂੰ ਬੋਲੋ, ਕਿਉਂਕਿ ਇਕਰਾਰ ਮੁਕਤੀ ਦੇ ਨਤੀਜੇ ਲਈ ਕੀਤਾ ਜਾਂਦਾ ਹੈ।

# 55
# ਉਹ ਦੇ ਸਾਰੇ ਵਾਅਦਿਆਂ ਨੂੰ ਤੁਹਾਡੀ "ਹਾਂ ਅਤੇ ਆਮੀਨ" ਦੀ ਘੋਸ਼ਣਾ ਕਰੋ

**2 ਕੁਰਿੰਥੀਆਂ 1:19,20**
**[19]ਪਰਮੇਸ਼ੁਰ ਦਾ ਪੁੱਤ੍ਰ ਯਿਸੂ ਮਸੀਹ ਜਿਹ ਦਾ ਅਸੀਂ ਅਰਥਾਤ ਮੈਂ ਅਤੇ ਸਿਲਵਾਨੁਸ ਅਤੇ ਤਿਮੋਥਿਉਸ ਨੇ ਤੁਹਾਡੇ ਵਿੱਚ ਪਰਚਾਰ ਕੀਤਾ ਸੋ ਹਾਂ ਅਤੇ ਨਾਂਹ ਨਹੀਂ ਸਗੋਂ ਉਸ ਵਿੱਚ ਹਾਂ ਹੀ ਹਾਂ ਹੋਈ**
**[20]ਕਿਉਂ ਜੋ ਪਰਮੇਸ਼ੁਰ ਦੀਆਂ ਪਰਤੱਗਿਆਂ ਭਾਵੇਂ ਕਿੰਨੀਆਂ ਹੀ ਹੋਣ ਉਸ ਵਿੱਚ ਹਾਂ ਹੀ ਹਾਂ ਹੈ। ਇਸ ਲਈ ਉਹ ਦੇ ਰਾਹੀਂ ਆਮੀਨ ਵੀ ਹੈ ਭਈ ਸਾਡੇ ਦੁਆਰਾ ਪਰਮੇਸ਼ੁਰ ਦੀ ਉਪਮਾ ਹੋਵੇ**

ਅਸੀਂ ਕਿੰਨੀ ਵਾਰ ਅਕਸਰ ਲੋਕਾਂ ਨੂੰ ਸਾਨੂੰ ਇਹ ਦੱਸਦੇ ਹੋਏ ਸੁਣਿਆ ਹੈ, ਕਈ ਵਾਰ ਅਜਿਹਾ ਹੁੰਦਾ ਹੈ ਜਦੋਂ ਪਰਮੇਸ਼ਰ ਆਉਂਦੇ ਹਨ ਅਤੇ ਕਈ ਵਾਰ ਅਜਿਹਾ ਹੁੰਦਾ ਹੈ ਜਦੋਂ ਉਹ ਨਹੀਂ ਆਉਂਦਾ। ਪੂਰਨ ਤੌਰ ਤੇ ਸਾਨੂੰ ਇਸ ਦਾ ਨਹੀਂ ਪਤਾ ਹੈ। ਲੋਕ ਸਾਨੂੰ ਦੱਸਦੇ ਹਨ ਕਿ ਕਈ ਵਾਰ ਪਰਮੇਸ਼ਰ ਦੇ ਵਾਅਦੇ ਕੰਮ ਕਰਦੇ ਹਨ ਅਤੇ ਕਈ ਵਾਰ ਉਹ ਕੰਮ ਨਹੀਂ ਕਰਦੇ ਹਨ। ਉਹਨਾਂ ਸਾਰੇ ਲੋਕਾਂ ਨੂੰ ਵੇਖੋ ਜਿਨ੍ਹਾਂ ਨੇ ਪਰਮੇਸ਼ਰ ਵਿੱਚ ਵਿਸ਼ਵਾਸ ਕੀਤਾ ਅਤੇ ਫਿਰ ਵੀ ਅਸਫ਼ਲ ਹੋਏ, ਮਰ ਗਏ, ਜਾਂ ਉਹਨਾਂ ਨੇ ਤਬਾਹੀ ਦਾ ਅਨੁਭਵ ਕੀਤਾ। ਜਦ ਤੱਕ ਇਹ ਸਾਰੇ ਤੱਥ ਅਤੇ ਸੱਚ ਹਨ, ਕੀ ਸਾਨੂੰ ਇਹ ਬਦਲਣ ਦਾ ਹੱਕ ਹੈ ਕਿ ਪਰਮੇਸ਼ਰ ਕੌਣ ਹਨ ਜਾਂ ਲੋਕਾਂ ਦੇ ਅਨੁਭਵਾਂ ਦੇ ਕਾਰਨ ਪਰਮੇਸ਼ਰ ਦਾ ਵਚਨ ਕੀ ਆਖਦਾ ਹੈ? ਕੀ ਅਨੁਭਵ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਨਾਲੋਂ ਵਧੇਰੇ ਭਰੋਸੇਮੰਦ ਹਨ? ਕੀ ਅਸੀਂ ਆਪਣੇ ਥਿਓਲੋਜੀ ਨੂੰ ਲੋਕਾਂ ਦੇ ਅਨੁਭਵ ਉੱਤੇ ਆਧਾਰਿਤ ਕਰਦੇ ਹਾਂ, ਜਾਂ ਕੀ ਅਸੀਂ ਆਪਣੇ ਥਿਓਲੋਜੀ ਨੂੰ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਉੱਤੇ ਆਧਾਰਿਤ ਕਰਦੇ ਹਾਂ? (ਸ਼ਬਦ "ਥਿਓਲੋਜੀ" ਦੋ ਯੂਨਾਨੀ ਸ਼ਬਦਾਂ ਤੋਂ ਲਿਆ ਗਿਆ ਹੈ ਜਿਨ੍ਹਾਂ ਦਾ ਸੰਯੁਕਤ ਅਰਥ ਹੈ "ਪਰਮੇਸ਼ਰ ਦਾ ਅਧਿਐਨ)।

ਰਸੂਲ ਪੌਲੁਸ ਸਪਸ਼ਟ ਕਰਦਾ ਹੈ ਕਿ ਪਰਮੇਸ਼ਰ ਪਰਿਵਰਤਨਸ਼ੀਲ ਨਹੀਂ ਹਨ ਜਿੰਨਾ ਕੁਝ ਉਸ ਨੂੰ ਬਣਾ ਦਿੰਦੇ ਹਨ। ਪ੍ਰਭੂ ਯਿਸੂ ਵਿੱਚ, "ਹਾਂ" ਅਤੇ "ਨਾਂਹ" ਨਹੀਂ ਹੈ, ਪਰ ਹਮੇਸ਼ਾ ਅਤੇ ਸਿਰਫ ਇੱਕ ਨਿਸ਼ਚਿਤ "ਹਾਂ" ਹੈ। *ਪਰਮੇਸ਼ਰ ਵਿੱਚ*

*ਕੁਝ ਵੀ ਧੋਖੇਬਾਜ਼ੀ ਨਹੀਂ, ਕੁਝ ਵੀ ਦੋਗਲਾਪਣ ਨਹੀਂ, ਕੁਝ ਵੀ ਪਰਿਵਰਤਨਸ਼ੀਲ ਨਹੀਂ, ਅਤੇ ਉਹ ਕਦੇ ਵੀ ਬਦਲਾਵ ਦੀ ਅਧੀਨਗੀ ਵਿੱਚ ਨਹੀਂ ਹਨ* (ਯਾਕੂਬ 1:17 ਆਇਤ ਮੈਸਜ ਬਾਈਬਲ ਅਤੇ ਪੈਸ਼ਨ ਟਰੈਨਸ'ਲੇਇਸ਼ਨ ਦਾ ਅਨੁਵਾਦ ਹੈ)। ਰਸੂਲ ਪੌਲੁਸ ਨੇ ਦਲੇਰੀ ਨਾਲ ਘੋਸ਼ਣਾ ਕੀਤੀ ਹੈ, ਕਿ ਪ੍ਰਭੂ ਯਿਸੂ ਮਸੀਹ ਵਿੱਚ ਪਰਮੇਸ਼ਰ ਦੇ ਸਾਰੇ ਵਾਅਦੇ “ਹਾਂ” ਹਨ। ਪਰਮੇਸ਼ਰ ਦੇ ਸਾਰੇ ਵਾਅਦੇ ਸੱਚੇ ਅਤੇ ਵਿਸ਼ਵਾਸਯੋਗ ਹਨ, ਅਤੇ ਪ੍ਰਭੂ ਯਿਸੂ ਮਸੀਹ ਵਿੱਚ ਉਹਨਾਂ ਦੀ ਪੂਰਤੀ ਹੁੰਦੀ ਹੈ। ਅਤੇ ਫਿਰ “ਆਮੀਨ” ਹੈ ਜੋ ਅਸੀਂ ਪਰਮੇਸ਼ਰ ਦੀ ਵਡਿਆਈ ਲਈ ਬੋਲਦੇ ਹਾਂ।

ਪ੍ਰਭੂ ਯਿਸੂ ਮਸੀਹ ਵਿੱਚ ਪਰਮੇਸ਼ਰ ਦੇ ਸਾਰੇ ਵਾਅਦਿਆਂ ਲਈ “ਹਾਂ ਅਤੇ ਆਮੀਨ” ਹੈ। ਇਹ ਉਹ ਆਸ਼ਾ ਹੈ ਜੋ ਸਾਨੂੰ ਜ਼ਰੂਰ ਰੱਖਣੀ ਚਾਹੀਦੀ ਹੈ। ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਪਰਮੇਸ਼ਰ ਦੇ ਸਾਰੇ ਵਾਅਦਿਆਂ ਨੂੰ ਪੂਰਿਆਂ ਹੁੰਦਿਆਂ ਵੇਖਾਂਗੇ, ਤਾਂ ਜੋ ਸਾਡੇ ਜੀਵਨ ਰਾਹੀਂ ਪਰਮੇਸ਼ਰ ਵਡਿਆਈ ਪਾ ਸਕੇ। ਇਸ ਸਚਿਆਈ ਵਿੱਚ ਸਥਾਪਿਤ ਹੋਵੋ, ਕਿ ਪ੍ਰਭੂ ਯਿਸੂ ਮਸੀਹ ਵਿੱਚ, ਪਰਮੇਸ਼ਰ ਦੇ ਸਾਰੇ ਵਾਅਦੇ ਭਲਿਆਈ ਦੇ ਹਨ। ਉਹ ਸਾਰੇ ਹਾਂ ਹਨ। ਪਰਮੇਸ਼ਰ ਦੇ ਸਾਰੇ ਵਾਅਦਿਆਂ ਵਿੱਚ ਆਪਣੇ ਵਿਸ਼ਵਾਸ ਨੂੰ ਬੋਲੋ। ਪਰਮੇਸ਼ਰ ਦੇ ਸਾਰੇ ਵਾਅਦਿਆਂ ਲਈ ਤੁਹਾਡੀ “ਹਾਂ” ਅਤੇ “ਆਮੀਨ” ਨੂੰ ਇਹ ਪ੍ਰਮਾਣਿਤ ਕਰਦੇ ਹੋਏ ਘੋਸ਼ਣਾ ਕਰੋ, ਕਿ ਤੁਸੀਂ ਉਹਨਾਂ ਨੂੰ ਪੂਰਾ ਹੁੰਦੇ ਵੇਖਣ ਦੀ ਉਮੀਦ ਕਰਦੇ ਹੋ।

# 56

# ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਇਸ ਲਈ ਅਸੀਂ ਬੋਲਦੇ ਹਾਂ

**2 ਕੁਰਿੰਥੀਆਂ 4:13,14**

**13 ਜਿਵੇਂ ਲਿਖਿਆ ਹੋਇਆ ਹੈ ਵਿਸ਼ਵਾਸ ਦਾ ਉਹੋ ਆਤਮਾ ਸਾਨੂੰ ਮਿਲਿਆ ਹੈ। ਮੈਂ ਵਿਸ਼ਵਾਸ ਕੀਤਾ, ਇਸ ਲਈ ਬੋਲਿਆ। ਸੋ ਅਸੀਂ ਵੀ ਵਿਸ਼ਵਾਸ ਕਰਦੇ ਹਾਂ ਇਸ ਲਈ ਬੋਲਦੇ ਵੀ ਹਾਂ।**
**14 ਅਸੀਂ ਜਾਣਦੇ ਹਾਂ ਕਿ ਜਿਸ ਨੇ ਪ੍ਰਭੂ ਯਿਸੂ ਨੂੰ ਜਿਉਂਦਾ ਕੀਤਾ ਉਹ ਸਾਨੂੰ ਵੀ ਯਿਸੂ ਦੇ ਨਾਲ ਜਿਉਂਦਾ ਕਰੇਗਾ ਅਤੇ ਤੁਹਾਡੇ ਨਾਲ ਆਪਣੇ ਹਜ਼ੂਰ ਖੜ੍ਹਾ ਕਰੇਗਾ।**

ਰਸੂਲ ਪੌਲੁਸ ਇੱਥੇ ਜ਼ਬੂਰਾਂ ਦੀ ਪੋਥੀ 116:10 ਤੋਂ ਹਵਾਲਾ ਦਿੰਦਾ ਹੈ। ਅਸਲ ਵਿੱਚ, ਰਸੂਲ ਪੌਲੁਸ, ਪਵਿੱਤਰ ਆਤਮਾ ਦੀ ਪ੍ਰੇਰਨਾ ਅਧੀਨ, ਉਸ ਆਇਤ ਦੇ ਸਿਰਫ਼ ਇੱਕ ਹਿੱਸੇ ਦਾ ਹਵਾਲਾ ਦਿੰਦਾ ਹੈ, ਸ਼ਾਇਦ ਉਹ ਇੱਕ ਵਿਸ਼ੇਸ਼ ਸਚਿਆਈ ਬਾਰੇ ਤਾਕੀਦ ਕਰਦਾ ਜੋ ਉਹ ਚਾਹੁੰਦਾ ਹੈ, ਕਿ ਵਿਸ਼ਵਾਸੀ ਉਸ ਸਚਿਆਈ ਨੂੰ ਪਹਿਨਣ। ਅਸੀਂ ਉਸ ਅਨੁਸਾਰ ਬੋਲਦੇ ਹਾਂ, ਜੋ ਅਸੀਂ ਵਿਸ਼ਵਾਸ ਕਰਦੇ ਹਾਂ। ਵਿਸ਼ਵਾਸ ਬੋਲਦਾ ਹੈ। "ਵਿਸ਼ਵਾਸ ਦਾ ਆਤਮਾ" ਦੋਵੇਂ ਨੇਮਾਂ ਵਿੱਚ ਨਹੀਂ ਬਦਲਿਆ ਹੈ। ਪਰਮੇਸ਼ਰ ਵਿੱਚ ਵਿਸ਼ਵਾਸ ਦਾ ਜ਼ਰੂਰੀ ਗੁਣ ਭਾਵੇਂ ਕਿ ਇਹ ਪੁਰਾਣੇ ਨੇਮ ਵਿੱਚ ਲੋਕਾਂ ਦੁਆਰਾ ਸੀ ਜਾਂ ਨਵੇਂ ਨੇਮ ਵਿੱਚ ਲੋਕਾਂ ਦੁਆਰਾ ਹੈ, ਇਹ ਬਦਲਿਆ ਨਹੀਂ ਹੈ। ਵਿਸ਼ਵਾਸ ਦਾ ਸਿਧਾਂਤ ਹੁਣ ਤੀਕ ਵੀ ਉਹ ਹੀ ਹੈ ਅਤੇ ਉਹ ਸਿਧਾਂਤ ਇਹ ਹੈ – ਮੈਂ ਵਿਸ਼ਵਾਸ ਕਰਦਾ ਹਾਂ ਅਤੇ ਮੈਂ ਵਿਸ਼ਵਾਸ ਵਿੱਚ ਬੋਲਦਾ ਹਾਂ, ਜਾਂ ਸਧਾਰਨ ਢੰਗ ਨਾਲ, ਵਿਸ਼ਵਾਸ ਬੋਲਦਾ ਹੈ।

ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਇਸ ਲਈ ਉਹ ਹੀ ਬੋਲਦੇ ਹਾਂ, ਜੋ ਅਸੀਂ ਵਿਸ਼ਵਾਸ ਕਰਦੇ ਹਾਂ। ਸਾਨੂੰ ਵਿਸ਼ਵਾਸ ਹੈ ਅਤੇ ਅਸੀਂ ਆਪਣੇ ਵਿਸ਼ਵਾਸ ਨੂੰ ਬੋਲਦੇ ਹਾਂ। ਇਹ ਬਾਈਬਲ ਵਿੱਚ ਵਿਸ਼ਵਾਸ ਦਾ ਮੁੱਢਲਾ ਸਿਧਾਂਤ ਹੈ। ਜੋ ਅਸੀਂ ਵਿਸ਼ਵਾਸ ਕਰਦੇ ਹਾਂ, ਉਹ ਜ਼ਰੂਰ ਬੋਲਿਆ ਜਾਣਾ ਚਾਹੀਦਾ ਹੈ। ਵਿਸ਼ਵਾਸ ਜ਼ਰੂਰ ਬੋਲਿਆ ਜਾਣਾ ਚਾਹੀਦਾ ਹੈ। ਅਸੀਂ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਕਰਦੇ ਹਾਂ। ਫਿਰ ਸਾਨੂੰ ਇਸ ਦੇ ਅਨੁਸਾਰ ਬੋਲਣਾ ਚਾਹੀਦਾ ਹੈ। ਅਸੀਂ ਸਾਡੇ ਵਿਸ਼ਵਾਸ ਦੀ ਘੋਸ਼ਣਾ ਕਰਦੇ ਹਾਂ ਕਿ ਪਰਮੇਸ਼ਰ ਕੌਣ ਹਨ, ਅਤੇ

ਉਹਨਾਂ ਨੇ ਸਾਡੇ ਨਾਲ ਕੀ ਵਾਅਦਾ ਕੀਤਾ ਹੈ।

ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਅਤੇ ਜੋ ਉਹਨਾਂ ਨੇ ਆਪਣੀ ਸਲੀਬ ਉੱਤੇ ਮੌਤ, ਆਪਣੇ ਜੀ ਉੱਠਣ, ਆਪਣੇ ਸਵਰਗ ਵਿੱਚ ਉਠਾਏ ਜਾਣ ਅਤੇ ਆਪਣੀ ਵਡਿਆਈ ਦੁਆਰਾ ਜੋ ਸਥਾਪਿਤ ਕੀਤਾ ਹੈ, ਇਸ ਸਭ ਵਿੱਚ ਵਿਸ਼ਵਾਸ ਕਰਦੇ ਹਾਂ। ਅਸੀਂ ਇਸ ਲਈ ਬੋਲਦੇ ਹਾਂ ਅਤੇ ਉਹ ਦੀ ਘੋਸ਼ਣਾ ਕਰਦੇ ਹਾਂ। ਆਪਣੇ ਵਿਸ਼ਵਾਸ ਨੂੰ ਬੋਲੋ।

# 57
# ਕਿਰਪਾ ਵੰਡਣ ਲਈ ਸ਼ਬਦਾਂ ਦੀ ਵਰਤੋਂ ਕਰੋ

**ਅਫ਼ਸੀਆਂ 4:29**
**ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜ਼ਰੂਰਤ ਅਨੁਸਾਰ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਕਿ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ!**

ਸ਼ਬਦ ਸੁਣਨ ਵਾਲਿਆਂ ਨੂੰ ਕੁਝ ਵੰਡਦੇ ਹਨ। ਬੁਰੇ (ਮਾੜੇ, ਗੰਦੇ, ਬੇਕਾਰ) ਸ਼ਬਦ ਬੁਰੀਆਂ ਗੱਲਾਂ ਨੂੰ (ਉਹ ਗੱਲਾਂ ਜਿਹੜੀਆਂ ਕੁਝ ਲਾਭ ਨਹੀਂ ਦਿੰਦੀਆਂ ਹਨ) ਵੰਡਦੇ ਹਨ। ਚੰਗੇ ਸ਼ਬਦ ਬਲ, ਕਿਰਪਾ ਅਤੇ ਸੰਪੂਰਨਤਾ ਨੂੰ ਵੰਡਦੇ ਹਨ।

ਸ਼ਬਦ ਜਮ੍ਹਾਂ ਭੰਡਾਰ ਹਨ। ਸ਼ਬਦ ਵਾਹਕ ਹਨ। ਸ਼ਬਦ ਸੂਚਨਾ ਭੇਜਣ ਦਾ ਯੰਤਰ ਹਨ। ਸ਼ਬਦ "ਰਾਜਦੂਤ" ਹਨ। ਉਹ ਪ੍ਰਾਪਤ ਕਰਨ ਵਾਲਿਆਂ ਲਈ ਕੁਝ ਕਰਦੇ ਹਨ। ਸ਼ਬਦ ਅਸੀਸ ਦੇ ਸਕਦੇ ਹਨ, ਨਿਰਮਾਣ ਕਰ ਸਕਦੇ ਹਨ ਅਤੇ ਬਲਵੰਤ ਕਰ ਸਕਦੇ। ਜਾਂ ਫਿਰ ਸ਼ਬਦ ਢਾਹ ਸਕਦੇ ਹਨ, ਕਮਜ਼ੋਰ ਬਣਾ ਸਕਦੇ ਹਨ, ਦੁੱਖੀ ਕਰ ਸਕਦੇ ਹਨ ਅਤੇ ਬਰਬਾਦ ਕਰ ਸਕਦੇ ਹਨ।

ਵਿਸ਼ਵਾਸੀ ਹੁੰਦੇ ਹੋਇਆ, ਸਾਨੂੰ ਉਹਨਾਂ ਸ਼ਬਦਾਂ ਨੂੰ ਬੋਲਣਾ ਚਾਹੀਦਾ ਹੈ ਜਿਹੜੇ ਵਿਸ਼ਵਾਸ ਨੂੰ ਪ੍ਰਦਾਨ ਅਤੇ ਵੰਡਦੇ ਹਨ। ਵਿਸ਼ਵਾਸ ਨਾਲ ਭਰੇ ਹੋਏ ਸ਼ਬਦਾਂ ਨੂੰ ਬੋਲੋ, ਤਾਂ ਜੋ ਉਹ ਸਾਡੇ ਸੁਣਨ ਵਾਲਿਆਂ ਵਿੱਚ ਵਿਸ਼ਵਾਸ ਨੂੰ ਪੈਦਾ ਕਰ ਸਕਣ, ਪ੍ਰੇਰਨਾ ਦੇ ਸਕਣ ਅਤੇ ਜਗਾ ਸਕਣ। ਸਾਨੂੰ ਬੁੱਧੀ ਦੇ ਸ਼ਬਦਾਂ ਨੂੰ ਬੋਲਣਾ ਚਾਹੀਦਾ ਹੈ। ਸਾਨੂੰ ਅਜਿਹੇ ਸ਼ਬਦਾਂ ਨੂੰ ਬੋਲਣਾ ਚਾਹੀਦਾ ਹੈ ਜਿਹੜੇ ਸਹਾਇਤਾ, ਪਾਲਣ ਪੋਸ਼ਣ, ਨਿਰਦੇਸ਼ਨ ਕਰਦੇ ਹਨ ਅਤੇ ਅਸੀਸ ਦਿੰਦੇ ਹਨ। ਆਪਣੇ ਸ਼ਬਦਾਂ ਨੂੰ ਸਮਝਦਾਰੀ ਨਾਲ ਵਰਤੋਂ। ਇਹਨਾਂ ਦੀ ਵਰਤੋਂ ਲੋਕਾਂ ਨੂੰ ਅਸੀਸ ਦੇਣ ਲਈ ਕਰੋ। ਹੋਰਨਾਂ ਨੂੰ ਅਸੀਸ ਦੇਣ ਲਈ ਵਿਸ਼ਵਾਸ ਨੂੰ ਬੋਲੋ।

# 58
# ਆਤਮਾ ਦੀ ਤਲਵਾਰ ਦੀ ਵਰਤੋਂ ਕਰੋ

**ਅਫ਼ਸੀਆਂ 6:17**
**ਅਤੇ ਮੁਕਤੀ ਦਾ ਟੋਪ, ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦਾ ਵਚਨ ਹੈ, ਲੈ ਲਵੋ।**

ਜਿਸ ਤਰ੍ਹਾਂ ਕਿ ਰਸੂਲ ਪੌਲੁਸ ਅਫ਼ਸੀਆਂ 6:12 ਵੱਲ ਇਸ਼ਾਰਾ ਕਰਦੇ ਹੋਏ ਦੱਸਦਾ ਹੈ, ਕਿ ਅਸੀਂ ਆਤਮਿਕ ਯੁੱਧ ਵਿੱਚਕਾਰ ਖੜ੍ਹੇ ਹਾਂ। ਵੈਰੀ ਹਾਰ ਚੁੱਕਿਆ ਹੈ, ਅਤੇ ਫਿਰ ਵੀ, ਬਾਕੀ ਦੇ ਬਚੇ ਹੋਏ ਸਮੇਂ ਲਈ, ਉਹ ਅਜੇ ਵੀ ਆਪਣੀਆਂ ਲੁਕ-ਛਿਪ ਕੇ ਯੁੱਧ ਕਰਨ ਦੀਆਂ ਰਣਨੀਤੀਆਂ ਨਾਲ ਹਮਲਾ ਕਰਦਾ ਹੈ। ਵਿਸ਼ਵਾਸੀ ਹੁੰਦੇ ਹੋਇਆ, ਪਰਮੇਸ਼ੁਰ ਨੇ ਸਾਨੂੰ ਆਤਮਿਕ ਯੁੱਧ ਦੇ ਹਥਿਆਰ ਦਿੱਤੇ ਹਨ ਜੋ ਜਿੱਤਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰਨ ਲਈ ਕਾਫ਼ੀ ਹਨ। ਇਸ ਸ਼ਸਤਰੀਕਰਨ ਦਾ ਹਮਲਾ ਕਰਨ ਲਈ ਸਮਰੱਥ ਨਾਲ ਭਰਿਆ ਇੱਕ ਹਥਿਆਰ, ਆਤਮਾ ਦੀ ਤਲਵਾਰ ਹੈ। ਇਹ ਇੱਕ ਉਹ ਤਲਵਾਰ ਹੈ, ਜਿਹੜੀ ਕਿ ਸਾਨੂੰ ਪਵਿੱਤਰ ਆਤਮਾ ਦੁਆਰਾ ਦਿੱਤੀ ਗਈ ਹੈ। ਇਹ ਸਮਰੱਥੀ ਪਵਿੱਤਰ ਆਤਮਾ ਦੁਆਰਾ ਤੇਜਵਾਨ ਅਤੇ ਸਮਰਥਨ ਕੀਤੀ ਹੋਈ ਹੈ। ਹਰ ਹਾਲਾਤ ਵਿੱਚ, ਅਸੀਂ ਇਹ ਤਲਵਾਰ ਲੈਣੀ ਹੈ ਅਤੇ ਇਸ ਦੀ ਵਰਤੋਂ ਕਰਨੀ ਹੈ। ਭਰੋਸਾ ਇਹ ਹੈ ਕਿ ਜਦੋਂ ਅਸੀਂ ਇਸ ਤਲਵਾਰ ਦੀ ਵਰਤੋਂ ਕਰਦੇ ਹਾਂ, ਤਾਂ ਪਵਿੱਤਰ ਆਤਮਾ ਆਪ ਸਾਡੇ ਬਦਲੇ ਲੜਦਾ ਹੈ, ਕਿਉਂਕਿ ਇਹ ਉਹ ਦੀ ਤਲਵਾਰ ਹੈ।

ਤਲਵਾਰ, ਸਾਡਾ ਹਮਲਾ ਕਰਨ ਦਾ ਹਥਿਆਰ ਜੋ ਵਾਰ ਕਰਦਾ ਹੈ ਅਤੇ ਵੈਰੀ ਨੂੰ ਪਾੜ ਦਿੰਦਾ ਹੈ, ਪਰਮੇਸ਼ੁਰ ਦਾ ਵਚਨ ਹੈ। ਅਸੀਂ ਤਲਵਾਰ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਾਂ? ਖੈਰ, ਅਸੀਂ ਵਚਨਾਂ ਨਾਲ ਕੀ ਕਰਦੇ ਹਾਂ? ਅਸੀਂ ਵਚਨਾਂ ਨੂੰ ਬੋਲਦੇ ਹਾਂ। ਅਸੀਂ ਪ੍ਰਭੂ ਯਿਸੂ ਬਾਰੇ ਪਰਕਾਸ਼ ਦੀ ਪੋਥੀ ਵਿੱਚ ਇੱਕ ਸਪਸ਼ਟ ਤਸਵੀਰ ਵੀ ਵੇਖਦੇ ਹਾਂ, ਪਰਮੇਸ਼ੁਰ ਦਾ ਸ਼ਬਦ, ਕਿ "ਉਹ ਦੇ ਮੂੰਹ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ" (ਪਰਕਾਸ਼ ਦੀ ਪੋਥੀ 19:13,15)। ਇਸ ਲਈ, ਸ਼ਬਦ ਦੀ ਤਿੱਖੀ ਤਲਵਾਰ ਪਰਮੇਸ਼ੁਰ ਦਾ ਵਚਨ ਹੈ, ਜੋ ਅਸੀਂ ਆਪਣੇ ਮੂੰਹੋਂ ਬੋਲਦੇ ਹਾਂ।

ਅਸੀਂ ਪਰਮੇਸ਼ਰ ਦੇ ਵਚਨ ਬੋਲਣ ਨਾਲ ਆਤਮਾ ਦੀ ਤਲਵਾਰ ਦੀ ਵਰਤੋਂ ਕਰਦੇ ਹਾਂ। ਜਦ ਤੁਸੀਂ ਪਰਮੇਸ਼ਰ ਦੇ ਵਚਨ ਦੀ ਘੋਸ਼ਣਾ ਕਰਦੇ ਹੋ, ਅਤੇ ਪਰਮੇਸ਼ਰ ਦੇ ਵਚਨ ਵਿੱਚ ਆਪਣੇ ਵਿਸ਼ਵਾਸ ਨੂੰ ਬੋਲਦੇ ਹੋ, ਤਾਂ ਹਰੇਕ ਵਾਰ ਵੈਰੀ ਨੂੰ ਇੱਕ ਜ਼ਖ਼ਮ ਦਿੰਦੇ ਹੋ। ਜਦੋਂ ਵੈਰੀ ਤੁਹਾਡੇ ਵਿਰੁੱਧ, ਭਾਵੇਂ ਤੁਹਾਡੇ ਮਨ ਵਿੱਚ ਗਲਤ ਵਿਚਾਰਾਂ ਨਾਲ, ਜਾਂ ਤੁਹਾਡੇ ਜੀਵਨ ਦੇ ਕਿਸੇ ਵੀ ਖੇਤਰ ਵਿੱਚ ਦਖਲਅੰਦਾਜ਼ੀ ਕਰਨ ਲਈ ਆਉਂਦਾ ਹੈ, ਤਾਂ ਉਸ ਦੇ ਵਿਰੁੱਧ ਆਤਮਾ ਦੀ ਤਲਵਾਰ ਦੀ ਵਰਤੋਂ ਕਰੋ। ਉਹ ਸਮਰੱਥਾਸ਼ਾਲੀ ਪਵਿੱਤਰ ਆਤਮਾ ਦੇ ਵਿਰੁੱਧ ਕਿਸੇ ਵੀ ਮੌਕੇ ਖੜ੍ਹਾ ਨਹੀਂ ਹੋ ਸਕਦਾ ਹੈ। ਪਰਮੇਸ਼ਰ ਦੇ ਵਚਨਾਂ ਨੂੰ ਬੋਲੋ। ਆਪਣੇ ਵਿਸ਼ਵਾਸ ਨੂੰ ਬੋਲੋ।

# 59

# ਭਵਿੱਖਬਾਣੀ ਦੇ ਸ਼ਬਦਾਂ ਨਾਲ ਚੰਗੀ ਲੜਾਈ ਲੜੋ

**1 ਤਿਮੋਥਿਉਸ 1:18**
**ਮੇਰੇ ਪੁੱਤਰ ਤਿਮੋਥਿਉਸ, ਉਹਨਾਂ ਭਵਿੱਖਬਾਣੀਆਂ ਦੇ ਅਨੁਸਾਰ ਜੋ ਪਹਿਲਾਂ ਤੇਰੇ ਬਾਰੇ ਕੀਤੀਆਂ ਗਈਆਂ ਸਨ ਮੈਂ ਤੈਨੂੰ ਇਹ ਹੁਕਮ ਦੇ ਰਿਹਾ ਹਾਂ ਤਾਂ ਜੋ ਤੂੰ ਉਹਨਾਂ ਦੀ ਵਰਤੋਂ ਕਰ ਕੇ ਚੰਗੀ ਲੜਾਈ ਲੜੇਂ।**

ਭਵਿੱਖਬਾਣੀ ਦੇ ਸ਼ਬਦ ਪਵਿੱਤਰ ਆਤਮਾ ਦੀ ਪ੍ਰੇਰਨਾ ਜਾਂ ਪ੍ਰੋਤਸਾਹਨ ਦੁਆਰਾ ਦਿੱਤੇ ਗਏ ਸ਼ਬਦ ਹੁੰਦੇ ਹਨ। ਭਵਿੱਖਬਾਣੀ ਅਤੇ ਭਵਿੱਖਬਾਣੀ ਦੀ ਸੇਵਕਾਈ ਦਾ ਵਰਦਾਨ ਅੱਜ ਮਸੀਹ ਦੇ ਸਰੀਰ ਕਲੀਸਿਯਾ ਵਿੱਚ ਸੱਚਮੁੱਚ ਕਾਰਜਸ਼ੀਲ ਵਰਦਾਨ ਹੈ। ਜਦੋਂ ਸਾਡੇ ਲਈ ਭਵਿੱਖਬਾਣੀਆਂ ਕੀਤੀਆਂ ਜਾਂਦੀਆਂ ਹਨ, ਤਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹਨਾਂ ਕੀਤੀਆਂ ਗਈਆਂ ਭਵਿੱਖਬਾਣੀਆਂ ਦਾ ਇੱਕ ਕਾਰਨ ਸਾਨੂੰ ਆਤਮਿਕ ਯੁੱਧ ਵਿੱਚ ਸਮਰੱਥਾ ਪ੍ਰਦਾਨ ਕਰਨਾ ਹੈ। ਸਾਨੂੰ ਇਹਨਾਂ ਭਵਿੱਖਬਾਣੀਆਂ ਨੂੰ ਵੈਰੀ ਦੇ ਵਿਰੁੱਧ ਚੰਗੀ ਲੜਾਈ ਲੜਨ ਲਈ ਵਰਤਣਾ ਚਾਹੀਦਾ ਹੈ।

ਵੈਰੀ ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤ, ਚੋਰੀ ਕਰਨ, ਮਾਰਨ, ਅਤੇ ਨਾਸ ਕਰਨ ਲਈ ਆਉਂਦੇ ਹਨ। ਉਹ ਵਿਘਨ ਪਾਉਣ, ਪਰੇਸ਼ਾਨ ਕਰਨ ਅਤੇ ਕਿਸੇ ਤਰੀਕੇ ਨਾਲ, ਸਾਡਾ ਪਰਮੇਸ਼ਰ ਦੇ ਉਦੇਸ਼ਾਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਆਪਣੇ ਜੀਵਨ ਉੱਤੇ ਬੋਲੀਆਂ ਗਈਆਂ ਭਵਿੱਖਬਾਣੀਆਂ ਨੂੰ ਫੜ੍ਹ ਕੇ ਰੱਖਦੇ ਹਾਂ, ਜਿਹੜੀਆਂ ਪਰਮੇਸ਼ਰ ਦੇ ਉਦੇਸ਼, ਪਰਮੇਸ਼ਰ ਦੇ ਵਾਅਦਿਆਂ, ਅਤੇ ਸਾਡੇ ਜੀਵਨ ਵਿੱਚ ਪਰਮੇਸ਼ਰ ਦੀ ਸਮਰੱਥਾ ਨੂੰ ਘੋਸ਼ਿਤ ਕਰਦੀਆਂ ਹਨ। ਇਹਨਾਂ ਭਵਿੱਖਬਾਣੀਆਂ ਨਾਲ, ਅਸੀਂ ਚੰਗੀ ਲੜਾਈ ਲੜਦੇ ਹਾਂ। ਜਿਸ ਲੜਾਈ ਨੂੰ ਅਸੀਂ ਲੜ ਰਹੇ ਹਾਂ, ਸਾਨੂੰ ਉਸ ਲੜਾਈ ਵਿੱਚ ਇਹਨਾਂ ਭਵਿੱਖਬਾਣੀ ਦੇ ਸ਼ਬਦਾਂ ਨੂੰ ਹਥਿਆਰ ਵਜੋਂ ਵਰਤਣਾ ਚਾਹੀਦਾ ਹੈ। ਯਾਦ ਰੱਖੋ, ਸ਼ਬਦ ਜ਼ਰੂਰ ਬੋਲੇ ਜਾਣੇ ਚਾਹੀਦੇ ਹਨ। ਉਹਨਾਂ ਭਵਿੱਖਬਾਣੀ ਦੇ ਸ਼ਬਦਾਂ ਨੂੰ ਬੋਲੋ ਜਿਹੜੇ ਕਦੇ ਤੁਹਾਡੇ ਜੀਵਨ ਉੱਤੇ ਬੋਲੇ ਗਏ ਸਨ (ਜਿਨ੍ਹਾਂ ਨੂੰ ਜ਼ਰੂਰ ਤੁਸੀਂ ਪਰਖਿਆ ਹੈ ਅਤੇ ਜਾਣਿਆ ਹੈ ਕਿ ਉਹ ਆਤਮਾ ਤੋਂ ਹਨ)। ਪਰਮੇਸ਼ਰ ਨੇ ਆਪਣੇ ਆਤਮਾ

ਰਾਹੀਂ ਜੋ ਤੁਹਾਡੇ ਉੱਤੇ ਘੋਸ਼ਿਤ ਕੀਤਾ ਹੈ, ਉਸ ਦਾ ਵਰਣਨ ਕਰੋ। ਪਰਮੇਸ਼ਰ ਨੇ ਆਖਿਆ ਹੈ, ਕਿ ਉਹ ਸ਼ਬਦ ਵੈਰੀ ਦੇ ਵਿਰੁੱਧ ਤੁਹਾਡੇ ਹਥਿਆਰਾਂ ਦਾ ਹਿੱਸਾ ਹਨ। ਭਵਿੱਖਬਾਣੀ ਦੇ ਉਹਨਾਂ ਸ਼ਬਦਾਂ ਨੂੰ ਬੋਲੋ। ਆਪਣੇ ਵਿਸ਼ਵਾਸ ਨੂੰ ਬੋਲੋ।

# 60
# ਮਸੀਹ ਵਿੱਚ ਤੁਹਾਡੇ ਵਿੱਚ ਹਰੇਕ ਭਲੀ ਗੱਲ ਨੂੰ ਪ੍ਰਵਾਨ ਕਰੋ

**ਫਿਲੇਮੋਨ 1:6**
**ਜੋ ਤੇਰੇ ਵਿਸ਼ਵਾਸ ਦੀ ਸਾਂਝ, ਤੁਹਾਡੀ ਹਰੇਕ ਨੇਕੀ ਦੀ ਪਛਾਣ ਦੇ ਦੁਆਰਾ ਜੋ ਮਸੀਹ ਵਿੱਚ ਹੈ, ਪ੍ਰਭਾਵਸ਼ਾਲੀ ਹੋਵੇ।**

ਫਿਲੇਮੋਨ ਨੂੰ ਪੌਲੁਸ ਦੀ ਪੱਤ੍ਰੀ ਦਾ ਪ੍ਰਸੰਗ ਦਿਲਚਸਪ ਹੈ। ਉਨੇਸਿਮੁਸ ਇੱਕ ਭਗੌੜਾ ਗੁਲਾਮ ਹੈ, ਜੋ ਹੁਣ ਪੌਲੁਸ ਦੀ ਸੇਵਕਾਈ ਦੇ ਅਧੀਨ ਇੱਕ ਵਿਸ਼ਵਾਸੀ ਬਣ ਗਿਆ ਹੈ ਅਤੇ ਪੌਲੁਸ ਇਸ ਭਗੌੜੇ ਗੁਲਾਮ ਨੂੰ ਉਸ ਦੇ ਮਾਲਕ ਫਿਲੇਮੋਨ ਕੋਲ ਵਾਪਸ ਭੇਜਣ ਲਈ ਲਿਖ ਰਿਹਾ ਹੈ। ਉਨੇਸਿਮੁਸ ਪਹਿਲਾਂ ਫਿਲੇਮੋਨ ਦਾ ਇੱਕ ਗੁਲਾਮ ਸੀ, ਪਰ ਹੁਣ ਉਹ ਪ੍ਰਭੂ ਯਿਸੂ ਮਸੀਹ ਵਿੱਚ ਉਸ ਦਾ ਭਰਾ ਸੀ। ਜਿਵੇਂ ਹੀ ਪੌਲੁਸ ਇਸ ਛੋਟੀ ਜਿਹੀ ਪੱਤ੍ਰੀ ਦੀ ਸ਼ੁਰੂਆਤ ਕਰਦਾ ਹੈ, ਤਾਂ ਉਹ ਇੱਕ ਮਹੱਤਵਪੂਰਨ ਸਚਿਆਈ ਵੱਲ ਇਸ਼ਾਰਾ ਕਰਦਾ ਹੈ ਕਿ ਸਾਡੇ ਵਿਸ਼ਵਾਸ ਦੀ ਸਾਂਝ ਪ੍ਰਭਾਵਸ਼ਾਲੀ (ਉਤਪਾਦੀ, ਜ਼ੋਰਾਵਰੀ, ਉਤਸ਼ਾਹੀ) ਬਣ ਜਾਂਦੀ ਹੈ, ਜਦ ਅਸੀਂ ਹਰੇਕ ਉਸ ਭਲੀ ਗੱਲ (ਸਾਰੇ ਧਨ ਅਤੇ ਅਸੀਸਾਂ) ਨੂੰ ਪ੍ਰਵਾਨ (ਪੂਰੀ ਤਰ੍ਹਾਂ ਪਛਾਣ ਲੈਂਦੇ ਹਾਂ) ਕਰਦੇ ਹਾਂ, ਜੋ ਮਸੀਹ ਵਿੱਚ ਸਾਡੇ ਵਿੱਚ ਹੈ।

ਸਾਨੂੰ ਉਹਨਾਂ ਭਲੀਆਂ ਗੱਲਾਂ ਨੂੰ ਬਲਾਉਣ, ਸਵੀਕਾਰ ਅਤੇ ਪਛਾਣਨ ਲਈ ਜ਼ਰੂਰ ਬੋਲਣਾ ਸਿੱਖਣਾ ਚਾਹੀਦਾ ਹੈ, ਜਿਹੜੀਆਂ ਪਰਮੇਸ਼ਰ ਨੇ ਸਾਨੂੰ ਮਸੀਹ ਵਿੱਚ ਲਿਆ ਕੇ ਸਾਡੇ ਵਿੱਚ ਰੱਖੀਆਂ ਹਨ। ਸਾਨੂੰ ਇਹ ਪ੍ਰਵਾਨ ਕਰਨਾ ਅਤੇ ਪਛਾਣਨਾ ਚਾਹੀਦਾ ਹੈ, ਕਿ ਅਸੀਂ ਮਸੀਹ ਵਿੱਚ ਕੌਣ ਹਾਂ। ਇਹ ਆਪਣੇ ਲਈ ਅਤੇ ਹੋਰਨਾਂ ਲਈ ਵੀ ਕਰੋ। ਜੋ ਮਸੀਹ ਵਿੱਚ ਪਰਮੇਸ਼ਰ ਨੇ ਸਾਡੇ ਲਈ ਕੀਤਾ ਹੈ, ਉਹ ਨੂੰ ਆਪਣੇ ਆਲੇ ਦੁਆਲੇ ਸਾਂਝਾ ਕਰੋ। ਇਹ ਉਹ ਗੱਲ ਹੈ ਜੋ ਸਾਡੀ ਸਾਂਝ ਨੂੰ ਮਜ਼ਬੂਤ ਬਣਾਉਂਦਾ ਹੈ। ਅਸੀਂ ਕਿੰਨੇ ਕਮਜ਼ੋਰ ਹਾਂ, ਅਸੀਂ ਕਿੰਨੇ ਕੰਗਾਲ ਅਤੇ ਮੰਦਭਾਗੇ ਹਾਂ, ਅਸੀਂ ਕਿੰਨੇ ਪਾਪੀ ਅਤੇ ਭ੍ਰਿਸ਼ਟ ਹਾਂ, ਇਹ ਬੋਲਣ ਦੀ ਬਜਾਏ, ਆਓ ਅਸੀਂ ਉਹਨਾਂ ਭਲੀਆਂ ਗੱਲਾਂ ਨੂੰ ਪ੍ਰਵਾਨ ਕਰੀਏ ਜੋ ਸਾਡੇ ਵਿੱਚ

ਹਨ ਕਿਉਂਕਿ ਅਸੀਂ ਮਸੀਹ ਵਿੱਚ ਹਾਂ।

**ਨੋਟ:** ਅਸੀਂ ਇੱਥੇ ਇਹ ਬਿਆਨ ਨਹੀਂ ਦੇ ਰਹੇ ਹਾਂ, ਕਿ ਪਾਪ ਨੂੰ ਸੰਬੋਧਨ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜਾਂ ਜੇਕਰ ਕੁਝ ਗ਼ਲਤ ਹੈ, ਤਾਂ ਅਸੀਂ ਉਸ ਨੂੰ ਅਣਡਿੱਠਾ ਕਰਕੇ ਸੁਧਾਰ ਨਾ ਲਿਆਈਏ। ਸਾਨੂੰ ਗ਼ਲਤੀਆਂ, ਐਗੁਣਾਂ ਅਤੇ ਅਪਰਾਧਾਂ ਨੂੰ ਮੰਨਣਾ ਚਾਹੀਦਾ ਹੈ ਅਤੇ ਜਿੱਥੇ ਸੁਧਾਰ ਲਿਆਉਣ ਦੀ ਲੋੜ ਹੁੰਦੀ ਹੈ, ਉੱਥੇ ਸੁਧਾਰ ਲਿਆਉਣਾ ਚਾਹੀਦਾ ਹੈ। ਪਰ ਅਸੀਂ ਇਸ ਨੂੰ ਇਹ ਜਾਣਦੇ ਹੋਇਆ ਕਰਦੇ ਹਾਂ ਕਿ ਸੁਧਾਰ ਸੰਚਾਲਿਤ ਅਤੇ ਲਿਆਉਣ ਤੋਂ ਬਾਅਦ, ਅਸੀਂ ਆਪਣੇ ਅਤੀਤ ਨੂੰ ਛੱਡਦਿਆਂ ਹੋਇਆਂ ਉਹਨਾਂ ਭਲੀਆਂ ਗੱਲਾਂ ਨੂੰ ਵੇਖਦੇ ਹਾਂ ਜਿਹੜੀਆਂ ਕਿ ਮਸੀਹ ਵਿੱਚ ਸਾਡੇ ਹਰੇਕ ਵਿੱਚ ਹਨ।

# 61
# ਉਹ ਦਾ ਵਚਨ ਤੁਹਾਡੇ ਸੰਸਾਰ ਨੂੰ ਕਾਇਮ ਅਤੇ ਨਿਯਮਿਤ ਕਰ ਸਕਦਾ ਹੈ

**ਇਬਰਾਨੀਆਂ 1:3**
**ਉਹ ਉਸ ਮਹਿਮਾ ਦਾ ਪ੍ਰਕਾਸ਼ ਅਤੇ ਉਸ ਦੀ ਸਖਸ਼ੀਅਤ ਦਾ ਨਕਸ਼ ਹੋ ਕੇ, ਆਪਣੇ ਸਮਰੱਥਾ ਦੇ ਵਚਨ ਨਾਲ ਸਭਨਾਂ ਵਸਤਾਂ ਨੂੰ ਸੰਭਾਲ ਕੇ ਅਤੇ ਪਾਪਾਂ ਨੂੰ ਸਾਫ਼ ਕਰ ਕੇ, ਸਰਬ ਉੱਚ ਸਥਾਨ ਵਿੱਚ ਅੱਤ ਮਹਾਨ ਪਰਮੇਸ਼ਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।**

ਜਿਸ ਤਰ੍ਹਾਂ ਕਿ ਅਸੀਂ ਪਹਿਲਾਂ ਹੀ ਪੁਰਾਣੇ ਨੇਮ ਦੀਆਂ ਅਨੇਕਾਂ ਉਦਾਹਰਨਾਂ ਵਿੱਚ ਵੇਖਿਆ ਹੈ, ਇੱਥੇ ਇੱਕ ਵਾਰ ਫਿਰ, ਇਬਰਾਨੀਆਂ ਦੀ ਪੱਤ੍ਰੀ ਦੀ ਆਇਤ ਸਾਨੂੰ ਸਿਖਾਉਂਦੀ ਹੈ, ਕਿ ਸਾਰੀਆਂ ਵਸਤਾਂ, ਸਾਰਾ ਬ੍ਰਹਿਮੰਡ ਪਰਮੇਸ਼ਰ ਦੇ ਵਚਨ ਦੀ ਸਮਰੱਥਾ ਦੁਆਰਾ ਸੰਭਲਿਆ, ਕਾਇਮ, ਨਿਯਮਿਤ ਅਤੇ ਇੱਕ ਸਥਾਨ ਵਿੱਚ ਰੱਖਿਆ ਹੋਇਆ ਹੈ।

ਉਸੇ ਸਰਬ-ਸ਼ਕਤੀਮਾਨ ਪਰਮੇਸ਼ਰ ਨੇ ਸਾਨੂੰ ਧਰਤੀ ਉੱਤੇ ਸਾਡੇ ਜੀਵਨ ਲਈ ਆਪਣਾ ਵਚਨ ਦਿੱਤਾ ਹੈ। ਯਕੀਕਨ, ਉਹਨਾਂ ਦਾ ਵਚਨ ਜਿਹੜਾ ਉਹਨਾਂ ਨੇ ਸਾਨੂੰ ਦਿੱਤਾ ਹੈ ਸਾਡੇ "ਛੋਟੇ ਸੰਸਾਰਾਂ" ਨੂੰ ਚੰਗੀ ਤਰਤੀਬ ਵਿੱਚ ਅਤੇ ਚੰਗੀ ਤਰ੍ਹਾਂ ਚੱਲਣ ਵਿੱਚ ਸੰਭਾਲ, ਕਾਇਮ ਅਤੇ ਨਿਜਮਿਤ ਰੱਖ ਸਕਦਾ ਹੈ।

ਕੁੰਜੀ ਇਹ ਹੈ ਕਿ ਅਸੀਂ ਵਚਨ ਨੂੰ ਲੈਣਾ ਹੈ ਜਿਹੜਾ ਉਹਨਾਂ ਨੇ ਸਾਨੂੰ ਪਵਿੱਤਰ-ਗ੍ਰੰਥ ਵਿੱਚ ਲਿਖਤੀ ਰੂਪ ਵਿੱਚ ਦਿੱਤਾ ਹੈ ਅਤੇ ਸਾਡੇ ਸੰਸਾਰਾਂ ਨੂੰ ਪ੍ਰਾਪਤ ਕਰਨ ਦੇ ਲਈ ਦਿੱਤਾ । ਇੱਕ ਅਸੀਂ ਉਹ ਤਰੀਕੇ ਨਾਲ ਕਰਦੇ ਹਾਂ ਜੋ ਕਿ ਅਸੀਂ ਮੁਢੋਂ ਅਖੀਰ ਤੱਕ ਪਵਿੱਤਰ-ਗ੍ਰੰਥ ਵਿੱਚ ਵੇਖਿਆ ਹੈ, ਉਹ ਇਹ ਹੈ ਕਿ ਅਸੀਂ ਉਹਨਾਂ ਦੇ ਵਚਨ ਵਿੱਚ ਵਿਸ਼ਵਾਸ ਕਰਨਾ ਤੇ ਉਹਨਾਂ ਦੇ ਵਚਨ ਨੂੰ ਆਪਣੇ ਸੰਸਾਰ ਵਿੱਚ ਬੋਲਣਾ।

ਇਹ ਜਾਣੋ ਕਿ ਪਰਮੇਸ਼ਰ ਦੇ ਵਚਨ ਵਿੱਚ ਤੁਹਾਡੇ ਸੰਸਾਰ ਨੂੰ ਸੰਭਾਲਣ ਅਤੇ ਨਿਯਮਿਤ ਕਰਨ ਦੀ ਕਾਫ਼ੀ ਤੋਂ ਵਧੀਕ ਸਮਰੱਥਾ ਹੈ। ਅਜਿਹਾ ਸਮਾਂ ਹੋ

ਸਕਦਾ ਹੈ ਜਦੋਂ ਵਸਤਾਂ ਖਿੰਡ ਦੀਆਂ ਹੋਈਆਂ ਲੱਗਣ। ਹੋ ਸਕਦਾ ਹੈ ਕਿ ਜਦੋਂ ਵਸਤਾਂ ਹੱਥੋਂ ਬਾਹਰ ਜਾਂਦੀਆਂ ਜਾਂ ਕਾਬੂ ਤੋਂ ਬਾਹਰ ਹੁੰਦੀਆਂ ਲੱਗਣ। ਪਰਮੇਸ਼ਰ ਦੇ ਵਚਨ ਦੀ ਸਮਰੱਥਾ ਵਿੱਚ ਯਕੀਨ ਰੱਖੋ। ਪਰਮੇਸ਼ਰ ਦੇ ਵਚਨ ਨੂੰ ਤੁਹਾਡੇ ਜੀਵਨ, ਵਰਤਮਾਨ, ਭਵਿੱਖ ਅਤੇ ਤੁਹਾਡੇ ਹਾਲਾਤ ਅਤੇ ਪਰਿਸਥਿਤੀਆਂ ਉੱਤੇ ਬੋਲੋ। ਪਰਮੇਸ਼ਰ ਦੇ ਵਾਅਦਿਆਂ ਨੂੰ ਬੋਲੋ। ਇਹ ਘੋਸ਼ਣਾ ਕਰੋ, ਕਿ ਤੁਹਾਡੇ ਸੰਸਾਰ ਵਿੱਚ ਹਰੇਕ ਗੱਲ ਪਰਮੇਸ਼ਰ ਦੇ ਵਚਨ ਦੇ ਅਧੀਨ ਹੈ ਅਤੇ ਪਰਮੇਸ਼ਰ ਦੇ ਵਚਨ ਅਨੁਸਾਰ ਪੂਰੀ ਹੋਵੇਗੀ। ਆਪਣੇ ਵਿਸ਼ਵਾਸ ਨੂੰ ਬੋਲੋ। ਤੁਸੀਂ ਪਰਮੇਸ਼ਰ ਦੇ ਵਚਨ ਦੀ ਸਮਰੱਥਾ ਨੂੰ ਤੁਹਾਡੇ ਜੀਵਨ ਵਿੱਚ ਕੰਮ ਕਰਦਿਆਂ ਵੇਖੋਗੇ।

# 62
# ਪ੍ਰਭੂ ਯਿਸੂ ਮਸੀਹ ਸਾਡੇ ਇਕਰਾਰ ਦੇ ਪ੍ਰਧਾਨ ਜਾਜਕ ਹਨ

**ਇਬਰਾਨੀਆਂ 3:1**
**ਉਪਰੰਤ ਹੇ ਪਵਿੱਤਰ ਭਰਾਵੋ, ਸਵਰਗੀ ਸੱਦੇ ਦੇ ਭਾਈਵਾਲੋ, ਤੁਸੀਂ ਸਾਡੇ ਇਕਰਾਰ ਦੇ ਰਸੂਲ ਅਤੇ ਪ੍ਰਧਾਨ ਜਾਜਕ ਯਿਸੂ ਵੱਲ ਧਿਆਨ ਕਰੋ।**

ਅਸੀਂ 34 ਅਧਿਆਇ ਵਿੱਚ ਸਮਝਾਇਆ ਹੈ ਕਿ ਸ਼ਬਦ “ਇਕਰਾਰ” (ਯੂਨਾਨੀ *‘ਹੋਮੋਲੋਗੀਆ’*) ਦਾ ਅਰਥ ਹੈ “ਉਸੇ ਤਰ੍ਹਾਂ ਆਖਣਾ” ਜਾਂ “ਸ਼ਬਦਾਂ ਵਿੱਚ ਸਹਿਮਤ ਹੋਣਾ।” ਨਵੇਂ ਨੇਮ ਵਿੱਚ ਇਸ ਇਕਰਾਰ ਦਾ ਪ੍ਰਸੰਗ ਉਹ ਹੈ ਜੋ ਅਸੀਂ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਨਾਲ ਸਹਿਮਤ ਹੋ ਕੇ ਆਖਦੇ ਹਾਂ। ਜਦੋਂ ਅਸੀਂ ਉਸੇ ਗੱਲ ਨੂੰ ਆਖਦੇ ਹਾਂ ਜਿਹੜੀ ਪਰਮੇਸ਼ਰ ਨੇ ਆਖੀ ਹੈ ਜਾਂ ਜਦੋਂ ਅਸੀਂ ਪਰਮੇਸ਼ਰ ਦੇ ਸ਼ਬਦਾਂ ਨਾਲ ਸਹਿਮਤ ਹੁੰਦੇ, ਤਾਂ ਅਸੀਂ ਇਕਰਾਰ ਕਰ ਰਹੇ ਹੁੰਦੇ ਹਾਂ।

ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਸਾਨੂੰ ਪ੍ਰਭੂ ਯਿਸੂ ਮਸੀਹ ਵੱਲ ਇਸ਼ਾਰਾ ਕਰਦਿਆਂ ਦੱਸਿਆ ਹੈ, ਕਿ ਉਹ ਰਸੂਲ (ਮੋਹਰੀ, ਉਹ ਜਿਹੜਾ ਅੱਗੇ-ਅੱਗੇ ਆਉਂਦਾ) ਹੈ, ਅਤੇ ਉਹ ਸਾਡੇ ਇਕਰਾਰ ਦਾ ਪ੍ਰਧਾਨ ਜਾਜਕ (ਉਹ ਜਿਹੜਾ ਪ੍ਰਤਿਨਿਧੀ ਕਰਦਾ) ਹੈ। ਉਸ ਵਿਸ਼ਵਾਸ ਦੀ ਜਿਸ ਦਾ ਅਸੀਂ ਇਕਰਾਰ ਜਾਂ ਅੰਗੀਕਾਰ ਕਰਦੇ ਹਾਂ, ਪ੍ਰਭੂ ਯਿਸੂ ਮਸੀਹ ਸਵਰਗ ਉਸ ਵਿਸ਼ਵਾਸ ਦੀ ਵਿਚੋਲਗੀ ਕਰ ਰਹੇ ਹਨ। ਇਸ ਦਾ ਅਰਥ ਹੈ, ਕਿ ਜਦੋਂ ਅਸੀਂ ਪਰਮੇਸ਼ਰ ਦੇ ਵਚਨ ਅਨੁਸਾਰ ਅਤੇ ਜੋ ਪਰਮੇਸ਼ਰ ਨੇ ਆਖਿਆ ਹੈ ਉਸ ਵਿੱਚ ਸਹਿਮਤ ਹੋ ਕੇ ਬੋਲਦੇ ਹਾਂ, ਤਾਂ ਪ੍ਰਭੂ ਯਿਸੂ ਮਸੀਹ ਇਸ ਦੀ ਹਾਮੀ ਭਰਦਿਆਂ ਹੋਇਆਂ ਪਿਤਾ ਦੇ ਅੱਗੇ ਇਸ ਨੂੰ ਪ੍ਰਸਤੁਤ ਕਰਦੇ ਹਨ।

ਯਾਦ ਰੱਖੋ, ਪ੍ਰਭੂ ਯਿਸੂ ਮਸੀਹ ਸਾਡੇ ਇਕਰਾਰ ਦੇ ਪ੍ਰਧਾਨ ਜਾਜਕ ਹਨ। ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੋ ਕੇ ਬੋਲੋ। ਆਪਣੇ ਵਿਸ਼ਵਾਸ ਨੂੰ ਬੋਲੋ।

# 63
# ਆਪਣੇ ਇਕਰਾਰ ਉੱਤੇ ਪੱਕੇ ਰਹੀਏ

**ਇਬਰਾਨੀਆਂ 4:14**
**ਸੋ ਜਦੋਂ ਸਾਡਾ ਇੱਕ ਮਹਾਂ ਜਾਜਕ ਹੈ ਜਿਹੜਾ ਅਕਾਸ਼ਾਂ ਤੋਂ ਪਾਰ ਲੰਘ ਗਿਆ ਅਰਥਾਤ ਪਰਮੇਸ਼ਰ ਦਾ ਪੁੱਤਰ ਯਿਸੂ, ਤਾਂ ਆਓ ਅਸੀਂ ਆਪਣੇ ਕੀਤੇ ਹੋਏ ਇਕਰਾਰ ਉੱਤੇ ਪੱਕਿਆਂ ਰਹੀਏ।**

**ਇਬਰਾਨੀਆਂ 10:23**
**ਅਸੀਂ ਆਸ ਦੇ ਸੱਚੇ ਇਕਰਾਰ ਨੂੰ ਤਕੜਾਈ ਨਾਲ ਫੜੀ ਰਖੀਏ ਕਿਉਂਕਿ ਜਿਸ ਨੇ ਵਾਅਦਾ ਕੀਤਾ ਹੈ ਉਹ ਵਫ਼ਾਦਾਰ ਹੈ।**

ਕਿਉਂਕਿ ਮਹਾਨ ਪ੍ਰਧਾਨ ਜਾਜਕ ਵਜੋਂ ਸਾਡੇ ਕੋਲ ਪ੍ਰਭੂ ਯਿਸੂ ਮਸੀਹ ਹਨ, ਤਾਂ ਸਾਡੇ ਉਸ ਇਕਰਾਰ ਨੂੰ – ਜਿਸ ਦੀ ਅਸੀਂ ਪਰਮੇਸ਼ਰ ਦੇ ਵਚਨ ਨਾਲ ਸਹਿਮਤ ਹੋ ਕੇ ਘੋਸ਼ਣਾ ਕਰਦੇ ਹਾਂ ਤਕੜਾਈ ਨਾਲ ਫੜੀ (ਬਲ ਦੀ ਵਰਤੋਂ ਰਾਹੀਂ ਥੰਮ੍ਹ ਕੇ ਰੱਖੀਏ, ਫਿਸਲਣ ਨਾ ਦੇਣ ਲਈ ਕੱਸ ਕੇ ਫੜੀ) ਰੱਖੀਏ। ਇਸ ਤੋਂ ਅੱਗੇ, ਅਸੀਂ ਜਾਣਦੇ ਹਾਂ ਕਿ ਜਿਨ੍ਹਾਂ ਨੇ ਵਾਅਦਾ ਕੀਤਾ ਹੈ ਉਹ ਵਫ਼ਾਦਾਰ ਹਨ। ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਨਹੀਂ ਹੋਣਗੇ। ਇਸ ਲਈ, ਅਸੀਂ ਬਿਨਾਂ ਕਿਸੇ ਸੰਕੋਚ ਤੋਂ ਆਪਣੇ ਵਿਸ਼ਵਾਸ ਦੇ ਇਕਰਾਰ ਨੂੰ ਤਕੜਾਈ ਨਾਲ ਫੜੀ ਰੱਖਦੇ ਹਾਂ।

ਜਦੋਂ ਪਰਮੇਸ਼ਰ ਅਤੇ ਉਹਨਾਂ ਦੇ ਵਚਨ ਬਾਰੇ ਸਾਡੇ ਵਿਸ਼ਵਾਸ ਨੂੰ ਚੁਣੌਤੀ ਦੇਣ ਵਾਲੀਆਂ ਗੱਲਾਂ ਹੋਣ, ਤਾਂ ਸਾਨੂੰ ਬਿਨਾਂ ਡੋਲੇ ਤਕੜਾਈ ਨਾਲ ਸਾਡੇ ਇਕਰਾਰ ਨੂੰ ਫੜੀ ਰੱਖਣਾ ਚਾਹੀਦਾ ਹੈ। ਪਰਮੇਸ਼ਰ ਅਤੇ ਉਹਨਾਂ ਦੀ ਵਚਨ ਦੀ ਸਹਿਮਤੀ ਵਿੱਚ ਰਹਿੰਦੇ ਹੋਏ, ਆਪਣੇ ਵਿਸ਼ਵਾਸ ਨੂੰ ਬੋਲਦੇ ਰਹੋ।

ਜਦੋਂ ਪਰਮੇਸ਼ਰ ਦੇ ਵਚਨਾਂ ਨੂੰ ਪੂਰਿਆਂ ਹੁੰਦੇ ਵੇਖਣ ਵਿੱਚ ਦੇਰ ਲੱਗ ਰਹੀ ਹੋਵੇ, ਤਾਂ ਸਾਨੂੰ ਬਿਨਾਂ ਡੋਲੇ ਆਪਣੇ ਇਕਰਾਰ ਨੂੰ ਤਕੜਾਈ ਨਾਲ ਫੜੀ ਰੱਖਣਾ ਚਾਹੀਦਾ ਹੈ। ਪਰਮੇਸ਼ਰ ਅਤੇ ਉਹਨਾਂ ਦੀ ਵਚਨ ਦੀ ਸਹਿਮਤੀ ਵਿੱਚ ਰਹਿੰਦੇ ਹੋਏ, ਆਪਣੇ ਵਿਸ਼ਵਾਸ ਨੂੰ ਬੋਲਦੇ ਰਹੋ।

ਜਦੋਂ ਪਰਿਸਥਿਤੀਆਂ ਵਿਗੜਦੀਆਂ ਲੱਗ ਰਹੀਆਂ ਹੋਣ, ਤਦ ਸਾਨੂੰ ਤਕੜਿਆਂ ਹੋ ਕੇ ਬਿਨਾਂ ਡੋਲੇ ਆਪਣੇ ਇਕਰਾਰ ਨੂੰ ਤਕੜਾਈ ਨਾਲ ਫੜ ਕੇ ਰੱਖਣਾ ਚਾਹੀਦਾ ਹੈ। ਸਵਰਗ ਵਿੱਚ ਸਾਡੇ ਕੋਲ ਮਹਾਨ ਜਾਜਕ ਹੈ, ਜੋ ਆਪਣੇ ਵਾਅਦਿਆਂ ਪ੍ਰਤੀ ਵਫ਼ਾਦਾਰ ਹੈ ਅਤੇ ਸਾਡੇ ਇਕਰਾਰ ਦੀ ਵਿਚੋਲਗੀ ਕਰਦਾ ਹੈ। ਪਰਮੇਸ਼ਰ ਅਤੇ ਉਹਨਾਂ ਦੇ ਵਚਨ ਵਿੱਚ ਸਹਿਮਤ ਰਹੋ ਅਤੇ ਆਪਣੇ ਵਿਸ਼ਵਾਸ ਨੂੰ ਬੋਲਦੇ ਰਹੋ।

# 64
# ਉਹ ਦੇ ਵਚਨਾਂ ਨੇ ਸੰਸਾਰ ਨੂੰ ਸਾਜਿਆ

**ਇਬਰਾਨੀਆਂ 11:3**
**ਵਿਸ਼ਵਾਸ ਨਾਲ ਅਸੀਂ ਜਾਣਦੇ ਹਾਂ ਕਿ ਜਗਤ ਪਰਮੇਸ਼ਰ ਦੇ ਵਚਨ ਨਾਲ ਰਚਿਆ ਗਿਆ ਅਤੇ ਜੋ ਕੁਝ ਵਿਖਾਈ ਦਿੰਦਾ ਹੈ, ਉਹ ਵੇਖੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ।**

ਵਿਸ਼ਵਾਸ ਦੁਆਰਾ, ਅਸੀਂ ਜਾਣਦੇ ਹਾਂ ਕਿ ਸਾਰੇ ਸੰਸਾਰ ਨੂੰ ਪਰਮੇਸ਼ਰ ਦੇ ਵਚਨ ਰਾਹੀਂ ਸਾਜਿਆ ਗਿਆ (ਬਣਾਇਆ ਗਿਆ, ਰਚਿਆ ਗਿਆ, ਨਿਰਮਾਣ ਕੀਤਾ ਗਿਆ, ਅਤੇ ਆਕਾਰ ਦਿੱਤਾ ਗਿਆ) ਹੈ। ਵਿਖਾਈ ਦੇਣ ਵਾਲਾ ਕੁਦਰਤੀ ਸੰਸਾਰ ਨਾ ਵਿਖਾਈ ਦੇਣ ਆਤਮਿਕ ਖੇਤਰ ਵਿੱਚੋਂ ਨਿੱਕਲਿਆਂ ਹੈ। ਪਰਮੇਸ਼ਰ ਨੇ ਸਾਰੀਆਂ ਵਸਤਾਂ ਨੂੰ ਆਪਣੇ ਵਚਨ ਰਾਹੀਂ ਬਣਾਇਆ ਹੈ, ਅਤੇ ਉਹਨਾਂ ਨੇ ਉਸ ਨੂੰ ਜੋ ਹੋਂਦ ਰਹਿਤ ਸੀ ਹੋਂਦ ਵਿੱਚ ਲਿਆਂਦਾ। ਕੁਦਰਤੀ, ਵੇਖੇ ਜਾਣ ਵਾਲੇ ਸੰਸਾਰ ਵਿੱਚ ਹਰੇਕ ਵਸਤੂ ਪਰਮੇਸ਼ਰ ਅਤੇ ਪਰਮੇਸ਼ਰ ਦੇ ਵਚਨ ਦੇ ਅਧੀਨ ਹੈ।

ਇਸ ਲਈ, ਆਓ ਅਸੀਂ ਵਸਤਾਂ ਨੂੰ ਇਸ ਤਰੀਕੇ ਨਾਲ ਵੇਖੀਏ। ਸਾਡੇ ਵਿੱਚੋਂ ਹਰੇਕ ਕੋਲ ਸਾਡੇ ਆਪਣੇ ਸੰਸਾਰ ਹਨ ਜਿਨ੍ਹਾਂ ਵਿੱਚ ਅਸੀਂ ਰਹਿੰਦੇ ਹਾਂ। “ਸਾਡੇ ਸੰਸਾਰ” ਦੁਆਰਾ, ਅਸੀਂ ਆਪਣੀ ਨਿੱਜੀ ਜ਼ਿੰਮੇਵਾਰੀ ਅਤੇ ਪ੍ਰਭਾਵ ਦੇ ਖੇਤਰਾਂ – ਸਾਡੇ ਘਰ, ਪਰਿਵਾਰ, ਪੇਸ਼ਾ, ਕਾਰੋਬਾਰ, ਸੇਵਕਾਈ ਦੇ ਖੇਤਰ, ਆਦਿ ਦਾ ਜ਼ਿਕਰ ਕਰ ਰਹੇ ਹਾਂ। ਅਜਿਹੀਆਂ ਵਸਤਾਂ ਹਨ ਜਿਨ੍ਹਾਂ ਦੀ ਸਾਡੇ ਸੰਸਾਰ ਵਿੱਚ ਹੋਂਦ ਨਹੀਂ ਹੈ। ਤੁਹਾਡੇ ਸੰਸਾਰ ਵਿੱਚ ਜਿਨ੍ਹਾਂ ਵਸਤਾਂ ਦੀ ਹੋਂਦ ਨਹੀਂ ਹੈ, ਪਰਮੇਸ਼ਰ ਆਪਣੇ ਵਚਨ ਦੀ ਸਮਰੱਥਾ ਰਾਹੀਂ ਉਹਨਾਂ ਵਸਤਾਂ ਨੂੰ ਹੋਂਦ ਵਿੱਚ ਲਿਆ ਸਕਦੇ ਹਨ। ਉਹਨਾਂ ਦਾ ਵਚਨ ਸਾਡੇ ਸੰਸਾਰ ਨੂੰ ਬਣਾ ਸਕਦਾ, ਸਾਜ ਸਕਦਾ, ਨਿਰਮਾਣ ਕਰ ਸਕਦਾ ਅਤੇ ਆਕਾਰ ਦੇ ਸਕਦਾ ਹੈ। ਜਿਸ ਤਰ੍ਹਾਂ ਕਿ ਅੱਜ ਤੁਸੀਂ ਆਪਣੇ ਸੰਸਾਰ ਵੱਲ ਵੇਖ ਰਹੇ ਹੋ, ਸ਼ਾਇਦ ਹੋ ਸਕਦਾ ਹੈ, ਇਹ ਬੇਡੋਲ, ਵਿਰਾਨ, ਹਨ੍ਹੇਰੇ ਨਾਲ ਭਰਿਆ ਅਤੇ ਖਾਲੀ ਲੱਗ ਰਿਹਾ ਹੋਵੇ। ਸ਼ਾਇਦ ਹੋ ਸਕਦੇ ਹੈ, ਤੁਸੀਂ ਬਹੁਤ ਸਾਰੀਆਂ ਵਸਤਾਂ ਦੀ ਇੱਛਾ ਕਰਦਿਆਂ ਇਹ ਵੇਖਿਆ ਹੋਵੇ ਕਿ ਉਹਨਾਂ ਦਾ ਪਰਮੇਸ਼ਰ ਦੇ ਵਚਨ ਵਿੱਚ ਵਾਅਦਾ ਕੀਤਾ ਗਿਆ ਹੈ, ਪਰ ਉਹ ਵਸਤਾਂ ਤੁਹਾਡੇ ਸੰਸਾਰ ਵਿੱਚ ਹੋਂਦ ਰਹਿਤ ਹਨ। ਕੀ ਤੁਸੀਂ ਵਿਸ਼ਵਾਸ ਕਰਦੇ

ਹੋ ਕਿ ਪਰਮੇਸ਼ਰ ਦੇ ਵਚਨ ਵਿੱਚ ਤੁਹਾਡੇ ਸੰਸਾਰ ਨੂੰ ਸਾਜਣ ਦੀ ਸਮਰੱਥਾ ਹੈ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੇ ਸੰਸਾਰ ਵਿੱਚ ਪਰਮੇਸ਼ਰ ਦਾ ਵਚਨ ਹੋਂਦ ਰਹਿਤ ਵਸਤਾਂ ਨੂੰ ਹੋਂਦ ਵਿੱਚ ਲਿਆ ਸਕਦਾ ਹੈ? ਪਰਮੇਸ਼ਰ ਦੇ ਵਚਨ ਨੂੰ ਤਕੜਾਈ ਨਾਲ ਫੜੀ ਰੱਖੋ। ਪਰਮੇਸ਼ਰ ਦਾ ਵਚਨ ਸਚਿਆਈ ਹੈ। ਪਰਮੇਸ਼ਰ ਦਾ ਵਚਨ ਜਿਉਂਦਾ ਅਤੇ ਸਮਰੱਥਾ ਨਾਲ ਭਰਿਆ ਹੋਇਆ ਹੈ। ਪਰਮੇਸ਼ਰ ਦੇ ਵਚਨ ਉੱਤੇ ਵਿਸ਼ਵਾਸ ਕਰੋ। ਆਪਣੇ ਸੰਸਾਰ ਉੱਤੇ ਪਰਮੇਸ਼ਰ ਦੇ ਵਚਨ ਨੂੰ ਬੋਲੋ। ਪਰਮੇਸ਼ਰ ਦਾ ਵਚਨ ਤੁਹਾਡੇ ਸੰਸਾਰ ਨੂੰ ਬਣਾਏ, ਸਾਜੇ, ਨਿਰਮਾਣਿਤ ਕਰੇ ਅਤੇ ਆਕਾਰ ਦੇਵੇ। ਆਪਣੇ ਵਿਸ਼ਵਾਸ ਨੂੰ ਬੋਲੋ।

# 65
# ਪਰਮੇਸ਼ਰ ਨੇ ਆਖਿਆ ਹੈ, ਇਸ ਕਰਕੇ ਅਸੀਂ ਹੌਸਲੇ ਨਾਲ ਆਖਦੇ ਹਾਂ

**ਇਬਰਾਨੀਆਂ ਨੂੰ 13:5,6**
**5 ਤੁਸੀਂ ਮਾਇਆ ਦੇ ਲੋਭ ਤੋਂ ਰਹਿਤ ਰਹੋ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸੰਤੋਖ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।**
**6 ਇਸ ਕਰਕੇ ਅਸੀਂ ਹੌਸਲੇ ਨਾਲ ਆਖਦੇ ਹਾਂ, - ਪ੍ਰਭੂ ਮੇਰਾ ਸਹਾਇਕ ਹੈ, ਮੈਂ ਨਾ ਡਰਾਂਗਾ, ਮਨੁੱਖ ਮੇਰਾ ਕੀ ਕਰੇਗਾ?**

ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਕੋਲ ਇੱਕ ਸਰਲ ਤਰਕ ਹੈ, ਕਿ ਸਾਨੂੰ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ। ਕਿਉਂਕਿ ਪਰਮੇਸ਼ਰ ਨੇ ਆਖਿਆ ਹੈ, ਅਸੀਂ ਹੌਸਲੇ ਨਾਲ ਆਖਦੇ ਹਾਂ। ਅਸੀਂ ਹੌਸਲੇ ਨਾਲ ਪੁਸ਼ਟੀ ਕਰਦੇ ਹਾਂ ਅਤੇ ਉਸ ਵਿੱਚ ਸਹਿਮਤ ਹੁੰਦੇ ਹਾਂ, ਜੋ ਪਰਮੇਸ਼ਰ ਨੇ ਆਪ ਆਖਿਆ ਹੈ।

ਪਰਮੇਸ਼ਰ ਨੇ ਆਖਿਆ ਹੈ, *"ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ।"* ਇਸ ਲਈ, ਅਸੀਂ ਹੌਸਲੇ ਨਾਲ ਆਖਦੇ ਹਾਂ, ਪ੍ਰਭੂ ਮੇਰਾ ਸਹਾਇਕ ਹੈ, ਮੈਂ ਨਾ ਡਰਾਂਗਾ।"

ਪਰਮੇਸ਼ਰ ਨੇ ਆਖਿਆ ਹੈ, *"ਕਿ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ ਹਾਂ।"* ਇਸ ਲਈ, ਅਸੀਂ ਹੌਸਲੇ ਨਾਲ ਆਖਦੇ ਹਾਂ, "ਕਿ ਉਸ ਨੇ ਮੇਰੇ ਰੋਗਾਂ ਨੂੰ ਲੈ ਲਿਆ ਹੈ ਅਤੇ ਮੇਰੀਆਂ ਸਾਰੀਆਂ ਪੀੜ੍ਹਾਂ ਨੂੰ ਚੁੱਕ ਲਿਆ ਹੈ, ਅਤੇ ਉਸ ਦੇ ਮਾਰ ਖਾਣ ਤੋਂ ਮੈਂ ਨਰੋਇਆਂ ਕੀਤਾ ਗਿਆ ਹਾਂ।"

ਪਰਮੇਸ਼ਰ ਨੇ ਆਖਿਆ ਹੈ, "ਕਿ ਮੈਂ ਪਾਣੀ ਦੇ ਨਦੀਆਂ ਉੱਤੇ ਲਾਏ ਹੋਏ ਰੁੱਖ ਵਰਗਾ ਹੋਵਾਂਗਾ।" ਇਸ ਲਈ, ਅਸੀਂ ਹੌਸਲੇ ਨਾਲ ਆਖਦੇ ਹਾਂ, "ਕਿ ਮੈਂ ਰੁੱਤ ਸਿਰ ਆਪਣਾ ਫਲ ਦਿੰਦਾ ਹਾਂ, ਮੇਰੇ ਪੱਤੇ ਨਹੀਂ ਕੁਮਲਾਉਂਦੇ ਹਨ ਅਤੇ ਜੋ ਕੁਝ ਮੈਂ ਕਰਾਂਗਾ ਸੋ ਸਫ਼ਲ ਹੋਵੇਗਾ।"

ਅਸੀਂ ਇਸ ਵਿੱਚ ਹੋਰ ਅਜਿਹੇ ਸ਼ਬਦਾਂ ਨੂੰ ਜੋੜ ਸਕਦੇ ਹਾਂ।

ਹਰੇਕ ਹਾਲਾਤ ਵਿੱਚ, ਜੋ ਕੁਝ ਵੀ ਪਰਮੇਸ਼ਰ ਨੇ ਆਖਿਆ ਹੈ ਹਮੇਸ਼ਾ ਉਸ ਨੂੰ ਹੌਸਲੇ ਨਾਲ ਆਖਣ ਦਾ ਅਭਿਆਸ ਬਣਾਓ। ਆਪਣੇ ਵਿਸ਼ਵਾਸ ਨੂੰ ਹੌਸਲੇ ਨਾਲ ਬੋਲੋ ਕਿਉਂਕਿ ਜੋ ਪਰਮੇਸ਼ਰ ਨੇ ਆਖਿਆ ਹੈ ਤੁਸੀਂ ਜਾਣਦੇ ਹੋ, ਇਸ ਲਈ, ਤੁਸੀਂ ਉਹਨਾਂ ਨਾਲ ਸਹਿਮਤੀ ਵਿੱਚ ਬੋਲ ਸਕਦੇ ਹੋ। ਪਰਮੇਸ਼ਰ ਤੁਹਾਨੂੰ ਨਿਰਾਸ਼ ਨਹੀਂ ਕਰਨਗੇ।

ਦੋ ਮਨੁੱਖ ਤਾਂ ਹੀ ਇਕੱਠੇ ਚੱਲ ਸਕਦੇ ਹਨ, ਜਦ ਉਹ ਸਹਿਮਤ ਹੁੰਦੇ ਹਨ (ਆਮੋਸ 3:3)। ਅਸੀਂ ਪਰਮੇਸ਼ਰ ਦੇ ਨਾਲ ਉਸ ਸਮੇਂ ਹੀ ਚੱਲ ਸਕਾਂਗੇ ਜਦੋਂ ਅਸੀਂ ਉਹਨਾਂ ਨਾਲ ਸਹਿਮਤ ਹੋਵਾਂਗੇ। ਅਸੀਂ ਪਰਮੇਸ਼ਰ ਦੇ ਵਚਨ ਨਾਲ ਸਹਿਮਤੀ ਰਾਹੀਂ ਪਰਮੇਸ਼ਰ ਨਾਲ ਸਹਿਮਤ ਹੁੰਦੇ ਹਾਂ। ਪਰਮੇਸ਼ਰ ਬੋਲੇ ਹਨ, ਅਤੇ ਇਸ ਲਈ, ਅਸੀਂ ਉਦੇਸ਼ ਅਤੇ ਹੌਸਲੇ ਨਾਲ ਉਹਨਾਂ ਨਾਲ ਸਹਿਮਤੀ ਵਿੱਚ ਬੋਲਦੇ ਹਾਂ।

# 66
# ਆਪਣੀ ਜੀਭ ਨੂੰ ਵੱਸ ਵਿੱਚ ਰੱਖੋ, ਆਪਣੀ ਸਾਰੀ ਸ਼ਖਸੀਅਤ ਨੂੰ ਵੱਸ ਵਿੱਚ ਰੱਖੋ

**ਯਾਕੂਬ 1:26**
**ਜੇ ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝੇ ਅਤੇ ਆਪਣੀ ਜੀਭ ਨੂੰ ਲਗਾਮ ਨਾ ਦੇਵੇ ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਉਸ ਮਨੁੱਖ ਦੀ ਭਗਤੀ ਵਿਅਰਥ ਹੈ।**

**ਯਾਕੂਬ 3:1-6**
**1 ਹੇ ਮੇਰੇ ਭਰਾਵੋ, ਤੁਹਾਡੇ ਵਿੱਚੋਂ ਬਹੁਤੇ ਉਪਦੇਸ਼ਕ ਨਾ ਹੋਣ ਕਿਉਂ ਜੋ ਤੁਸੀਂ ਜਾਣਦੇ ਹੋ, ਕਿ ਅਸੀਂ ਜਿਹੜੇ ਉਪਦੇਸ਼ਕ ਹਾਂ ਜ਼ਿਆਦਾ ਸਜ਼ਾ ਪਾਵਾਂਗੇ।**
**2 ਇਸ ਲਈ ਕਿ ਅਸੀਂ ਸਾਰੇ ਬਹੁਤ ਭੁੱਲਣਹਾਰ ਹਾਂ। ਜੇ ਕੋਈ ਵਚਨ ਵਿੱਚ ਨਾ ਭੁੱਲੇ ਤਾਂ ਉਹ ਸਿੱਧ ਇਨਸਾਨ ਹੈ ਅਤੇ ਸਾਰੇ ਸਰੀਰ ਨੂੰ ਵੀ ਲਗਾਮ ਦੇ ਸਕਦਾ ਹੈ।**
**3 ਜਦੋਂ ਅਸੀਂ ਘੋੜਿਆਂ ਨੂੰ ਆਪਣੇ ਵੱਸ ਵਿੱਚ ਕਰਨ ਲਈ ਉਹਨਾਂ ਦਿਆਂ ਮੂੰਹਾਂ ਵਿੱਚ ਲਗਾਮਾਂ ਦਿੰਦੇ ਹਾਂ, ਤਾਂ ਉਹਨਾਂ ਦੇ ਸਾਰੇ ਸਰੀਰ ਨੂੰ ਵੀ ਮੋੜ ਲੈਂਦੇ ਹਾਂ।**
**4 ਵੇਖੋ, ਜਹਾਜ਼ ਵੀ ਭਾਵੇਂ ਬਹੁਤ ਵੱਡੇ ਹੁੰਦੇ ਹਨ ਅਤੇ ਤੇਜ ਅਨ੍ਹੇਰੀਆਂ ਨਾਲ ਚਲਾਏ ਜਾਂਦੇ ਹਨ ਤਾਂ ਵੀ ਛੋਟੇ ਜਿਹੇ ਪਤਵਾਰ ਨਾਲ ਜਿੱਧਰ ਮਾਂਝੀ ਦਾ ਜੀ ਕਰੇ ਮੋੜੇ ਜਾਂਦੇ ਹਨ।**
**5 ਇਸੇ ਤਰ੍ਹਾਂ ਜੀਭ ਵੀ ਇੱਕ ਛੋਟਾ ਜਿਹਾ ਅੰਗ ਹੈ ਪਰ ਵੱਡੀਆਂ-ਵੱਡੀਆਂ ਗੱਲਾਂ ਮਾਰਦੀ ਹੈ, ਵੇਖੋ ਕਿੰਨ੍ਹਾਂ ਵੱਡਾ ਜੰਗਲ ਇੱਕ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ!**
**6 ਜੀਭ ਵੀ ਇੱਕ ਅੱਗ ਹੈ! ਸਾਡਿਆਂ ਅੰਗਾਂ ਵਿੱਚ ਪਾਪ ਦਾ ਜਗਤ ਜੀਭ ਹੈ, ਜਿਹੜੀ ਸਾਰੇ ਸਰੀਰ ਨੂੰ ਦਾਗ ਲਾਉਂਦੀ ਅਤੇ ਜੀਵਨ-ਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ!**

ਇੱਕ "ਸਿੱਧ ਮਨੁੱਖ" ਅਰਥਾਤ, ਉਹ ਮਨੁੱਖ ਜੋ ਪੂਰੀ ਤਰ੍ਹਾਂ ਵਧਿਆ ਹੋਇਆ ਅਤੇ ਪਰਿਪੱਕ ਹੈ, ਆਤਮਿਕ ਤੌਰ ਤੇ ਬੋਲਾਂ, ਤਾਂ ਉਹ ਮਨੁੱਖ ਜੋ ਆਪਣੀ ਜੀਭ ਨੂੰ ਵੱਸ ਵਿੱਚ ਰੱਖ ਸਕਦਾ ਹੈ। ਜਦੋਂ ਅਸੀਂ ਆਪਣੇ ਸ਼ਬਦਾਂ ਉੱਤੇ ਧਿਆਨ ਰੱਖਣ ਅਤੇ ਜੀਭਾਂ ਨੂੰ ਲਗਾਮ ਪਾਉਣ ਦੇ ਯੋਗ ਹੋ ਜਾਂਦੇ ਹਾਂ, ਤਾਂ ਅਸੀਂ ਆਪਣੇ ਸਮੁੱਚੇ ਸਰੀਰ ਨੂੰ ਵੱਸ ਵਿੱਚ ਰੱਖਣ ਦੇ ਯੋਗ ਹੋ ਜਾਵਾਂਗੇ ਜਾਂ ਅਸੀਂ ਆਪਣੇ ਸਮੁੱਚੇ ਸਰੀਰ ਉੱਤੇ ਹਕੂਮਤ ਕਰਨ ਦੇ ਯੋਗ ਹੋ ਜਾਵਾਂਗੇ ਜਾਂ *"ਆਪਣੇ ਆਪ ਨੂੰ ਹਰੇਕ ਤਰੀਕੇ ਨਾਲ ਕਾਬੂ ਕਰਨ ਲਈ"* (ਦਿ ਪੈਸ਼ਨ ਟਰਾਂਸਲੇਸ਼ਨ)।

ਇਹ ਸਾਡੀ ਜੀਭ ਨੂੰ ਵੱਸ ਵਿੱਚ ਰੱਖਣ ਦੇ ਯੋਗ ਹੋਣ ਜਾਂ ਜੋ ਅਸੀਂ ਬੋਲਦੇ ਹਾਂ ਉਸ ਨੂੰ ਵੱਸ ਵਿੱਚ ਰੱਖਣ ਦੇ ਮਹੱਤਵ ਨੂੰ ਵਿਖਾਉਂਦਾ ਹੈ। ਸਾਡੇ ਸ਼ਬਦਾਂ ਨੂੰ ਵੱਸ ਵਿੱਚ ਰੱਖਣ ਲਈ ਸਭ ਤੋਂ ਵਧੀਆ ਅਨੁਸ਼ਾਸਨਾਂ ਵਿੱਚੋਂ ਇੱਕ ਅਨੁਸ਼ਾਸਨ ਇਹ ਹੈ, ਕਿ ਅਸੀਂ ਇਹ ਹਮੇਸ਼ਾ ਪੁਸ਼ਟੀ ਕਰੀਏ, ਕਿ ਜੋ ਵੀ ਅਸੀਂ ਬੋਲੀਏ ਉਹ ਪਰਮੇਸ਼ੁਰ ਨੂੰ ਪਸੰਦ ਹੋਵੇ। ਉਹ ਬੋਲੋ ਜੋ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਚੰਗਾ ਹੋਵੇ। ਉਹ ਬੋਲੋ ਜੋ ਪਰਮੇਸ਼ੁਰ ਨੂੰ ਵਡਿਆਈ ਦੇਵੇ। ਉਹ ਬੋਲੋ ਜੋ ਪਰਮੇਸ਼ੁਰ ਦੇ ਵਚਨ ਨਾਲ ਸਹਿਮਤੀ ਰੱਖਦਾ ਹੋਵੇ। ਆਪਣੇ ਵਿਸ਼ਵਾਸ ਨੂੰ ਬੋਲੋ। ਜੇਕਰ ਅਸੀਂ ਇਹ ਕਰਾਂਗੇ, ਤਾਂ ਅਸੀਂ ਹਰੇਕ ਢੰਗ ਨਾਲ ਆਪਣੇ ਆਪ ਨੂੰ ਵੱਸ ਵਿੱਚ ਰੱਖਣ ਦੇ ਯੋਗ ਹੋਵਾਂਗੇ।

ਆਪਣੀ ਜੀਭ ਨੂੰ ਸਿਖਾਉਣ ਦਾ ਇੱਕ ਤਰੀਕਾ ਇਹ ਹੈ, ਕਿ ਅਸੀਂ ਨੀਤ ਨਾਲ ਉਹ ਆਖਣ ਦਾ ਅਭਿਆਸ ਕਰੀਏ ਜੋ ਪਰਮੇਸ਼ੁਰ ਦਾ ਵਚਨ ਆਖਦਾ ਹੈ। ਅਸੀਂ ਪਵਿੱਤਰ-ਗ੍ਰੰਥ ਵਿੱਚ, ਅਜਿਹੇ ਬਹੁਤ ਸਾਰੇ ਆਤਮਿਕ ਅਭਿਆਸਾਂ ਨੂੰ ਵੇਖਦੇ ਹਾਂ। ਉਦਾਹਰਨ ਵਜੋਂ, ਅਸੀਂ ਜਾਣਦੇ ਹਾਂ ਕਿ ਅਸੀਂ ਪਰਮੇਸ਼ੁਰ ਦੀ ਮਹਿਮਾ ਅਤੇ ਅਰਾਧਨਾ ਦੀਆਂ ਭੇਟਾਂ ਚੜ੍ਹਾਉਂਦੇ ਹਾਂ। ਅਸੀਂ ਜਾਣਦੇ ਹਾਂ ਕਿ ਕਿਸ ਤਰ੍ਹਾਂ ਪ੍ਰਾਰਥਨਾ ਕਰਨੀ ਹੈ ਅਤੇ ਵੱਖ-ਵੱਖ ਪ੍ਰਕਾਰ ਦੀਆਂ ਪ੍ਰਾਰਥਨਾਵਾਂ ਵਿੱਚ ਸ਼ਾਮਲ ਹੋਣਾ ਹੈ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦੇ ਵਚਨ ਨੂੰ ਕਿਸ ਤਰ੍ਹਾਂ ਪੜ੍ਹਨਾ ਹੈ, ਕਿਸ ਤਰ੍ਹਾਂ ਅਧਿਐਨ ਕਰਨਾ ਹੈ, ਅਤੇ ਪਰਮੇਸ਼ੁਰ ਦੇ ਵਚਨ ਉੱਤੇ ਕਿਸ ਤਰ੍ਹਾਂ ਵਿਚਾਰ ਕਰਨਾ ਹੈ। ਠੀਕ ਇਸੇ ਤਰ੍ਹਾਂ, ਸਾਡੇ ਆਤਮਿਕ ਅਨੁਸ਼ਾਸਨ ਦੇ ਹਿੱਸੇ ਵਜੋਂ, ਅਸੀਂ ਵਚਨ ਨੂੰ ਬੋਲਣ ਲਈ ਸਮਾਂ ਕੱਢ ਸਕਦੇ ਹਾਂ। ਇਸ ਕਿਤਾਬ ਦੀ ਸ਼ੁਰੂਆਤ ਵਿੱਚ, ਅਸੀਂ ਜੀਵਨ ਦੇ ਵੱਖ-ਵੱਖ ਖੇਤਰਾਂ ਨੂੰ ਸ਼ੁਰੂ ਤੋਂ ਅੰਤ ਤੱਕ ਸ਼ਾਮਲ ਕਰਦਿਆਂ ਹੋਇਆ, ਵਿਅਕਤੀਗਤ ਵਿਧੀ ਵਿੱਚ ਲਿਖੇ ਗਏ ਪਰਮੇਸ਼ੁਰ ਦੇ ਵਚਨ ਤੋਂ ਘੋਸ਼ਣਾਵਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ। ਪਰਮੇਸ਼ੁਰ ਦੇ ਵਚਨ ਨੂੰ ਤੁਹਾਡੇ ਜੀਵਨ ਉੱਤੇ ਘੋਸ਼ਿਤ ਕਰਨ ਲਈ ਤੁਸੀਂ ਇਸ ਵਿਧੀ ਦੀ ਜਾਂ ਕਿਸੇ ਹੋਰ ਦੀ ਵਰਤੋਂ ਕਰ ਸਕਦੇ ਹੋ। ਇਸ ਨੂੰ ਰੋਜ਼ਾਨਾ ਜਾਂਚਣ ਲਈ ਇੱਕ ਅਰਥਹੀਣ ਰਸਮ ਜਾਂ ਕਿਸੇ ਹੋਰ ਰਿਵਾਜ ਵਜੋਂ ਨਾ ਕਰੋ। ਇਸ ਸਚਿਆਈ ਤੋਂ ਪ੍ਰੇਰਿਤ ਹੋ ਕੇ ਕਰੋ, ਕਿਉਂਕਿ ਤੁਹਾਡੇ ਕੋਲ ਤੁਹਾਡੇ ਵਿਸ਼ਵਾਸ ਦੀ ਮਹੱਤਤਾ ਨੂੰ ਬੋਲਣ ਦਾ ਪਰਕਾਸ਼ ਜਾਂ ਸਮਝ ਹੈ। ਜਦੋਂ ਤੁਸੀਂ ਆਪਣੀ ਜੀਭ ਨੂੰ ਇਸ ਤਰੀਕੇ ਨਾਲ ਸਿੱਖਿਆ ਦੇਵੋਗੇ, ਤਾਂ ਤੁਹਾਡੇ ਲਈ ਆਪਣੇ ਸ਼ਬਦਾਂ ਨੂੰ ਸਾਵਧਾਨੀ ਬੋਲਣਾ

ਅਤੇ ਇਹ ਨਿਸ਼ਚਿਤ ਕਰਨਾ ਸੁਭਾਵਿਕ ਹੋਵੇਗਾ ਕਿ ਤੁਸੀਂ ਪਰਮੇਸ਼ਰ ਦੇ ਵਚਨ ਦੀ ਸਹਿਮਤੀ ਵਿੱਚ ਬੋਲ ਰਹੇ ਹੋ। ਤੁਹਾਡੇ ਲਈ ਆਪਣੇ ਵਿਸ਼ਵਾਸ ਨੂੰ ਬੋਲਣਾ ਸੁਭਾਵਿਕ ਹੋਵੇਗਾ।

# 67
# ਤੁਹਾਡੇ ਸ਼ਬਦ ਅਗਵਾਈ ਕਰਦੇ, ਵੱਸ ਵਿੱਚ ਰੱਖਦੇ ਅਤੇ ਤੁਹਾਡੇ ਜੀਵਨ ਨੂੰ ਅਸੀਸ ਦਿੰਦੇ ਹਨ

**ਯਾਕੂਬ 3:3-6**
**[3] ਜਦੋਂ ਅਸੀਂ ਘੋੜਿਆਂ ਨੂੰ ਆਪਣੇ ਵੱਸ ਵਿੱਚ ਕਰਨ ਲਈ ਉਹਨਾਂ ਦਿਆਂ ਮੂੰਹਾਂ ਵਿੱਚ ਲਗਾਮਾਂ ਦਿੰਦੇ ਹਾਂ, ਤਾਂ ਉਹਨਾਂ ਦੇ ਸਾਰੇ ਸਰੀਰ ਨੂੰ ਵੀ ਮੋੜ ਲੈਂਦੇ ਹਾਂ।**
**[4] ਵੇਖੋ, ਜਹਾਜ਼ ਵੀ ਭਾਵੇਂ ਬਹੁਤ ਵੱਡੇ ਹੁੰਦੇ ਹਨ ਅਤੇ ਤੇਜ ਅਨ੍ਹੇਰੀਆਂ ਨਾਲ ਚਲਾਏ ਜਾਂਦੇ ਹਨ ਤਾਂ ਵੀ ਛੋਟੇ ਜਿਹੇ ਪਤਵਾਰ ਨਾਲ ਜਿੱਧਰ ਮਾਂਝੀ ਦਾ ਜੀ ਕਰੇ ਮੋੜੇ ਜਾਂਦੇ ਹਨ।**
**[5] ਇਸੇ ਤਰ੍ਹਾਂ ਜੀਭ ਵੀ ਇੱਕ ਛੋਟਾ ਜਿਹਾ ਅੰਗ ਹੈ ਪਰ ਵੱਡੀਆਂ-ਵੱਡੀਆਂ ਗੱਲਾਂ ਮਾਰਦੀ ਹੈ, ਵੇਖੋ ਕਿੰਨ੍ਹਾਂ ਵੱਡਾ ਜੰਗਲ ਇੱਕ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ!**
**[6] ਜੀਭ ਵੀ ਇੱਕ ਅੱਗ ਹੈ! ਸਾਡਿਆਂ ਅੰਗਾਂ ਵਿੱਚ ਪਾਪ ਦਾ ਜਗਤ ਜੀਭ ਹੈ, ਜਿਹੜੀ ਸਾਰੇ ਸਰੀਰ ਨੂੰ ਦਾਗ ਲਾਉਂਦੀ ਅਤੇ ਜੀਵਨ-ਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ!**

ਪਵਿੱਤਰ ਆਤਮਾ ਦੀ ਅਗਵਾਈ ਹੇਠਾਂ ਲਿਖੀ ਗਈ ਯਾਕੂਬ ਦੀ ਲਿਖਤ ਸਾਡੇ ਦੁਆਰਾ ਬੋਲੇ ਗਏ ਸ਼ਬਦਾਂ ਦੀ ਸਮਰੱਥਾ ਅਤੇ ਪ੍ਰਭਾਵ ਨੂੰ ਪਰਗਟ ਕਰਨ ਲਈ ਸਾਡੇ ਸੰਸਾਰ ਦੀਆਂ ਤਸਵੀਰਾਂ ਦੀ ਵਰਤੋਂ ਕਰਦੀ ਹੈ। ਉਹਨਾਂ ਮਿਸਾਲਾਂ ਨੂੰ ਸਮਝੋ, ਜਿਨ੍ਹਾਂ ਦੀ ਉਸ ਨੇ ਵਰਤੋਂ ਕੀਤੀ ਹੈ, ਉਹ ਮਿਸਾਲਾਂ ਹਨ - ਘੋੜਿਆਂ ਦੇ ਮੂੰਹਾਂ ਵਿੱਚ ਲਗਾਮਾਂ, ਜਹਾਜ਼ਾਂ ਵਿੱਚ ਪਤਵਾਰ, ਜੰਗਲ ਦੀ ਅੱਗ। ਸਵਾਰ ਇੱਕ ਸ਼ਕਤੀਸ਼ਾਲੀ ਘੋੜੇ ਦੇ ਮੂੰਹ ਵਿੱਚ ਲਗਾਮ ਦੇ ਕੇ ਉਸ ਨੂੰ ਵੱਸ ਵਿੱਚ ਰੱਖਦਾ ਹੈ ਅਤੇ ਜਿਸ ਦਿਸ਼ਾ ਨੂੰ ਮੋੜਨ ਦੀ ਇੱਛਾ ਕਰੇ, ਉਸ ਨੂੰ ਮੋੜ ਲੈਂਦਾ ਹੈ। ਇਸ ਤਰ੍ਹਾਂ ਹੀ, ਅਨ੍ਹੇਰੀਆਂ ਅਤੇ ਲਹਿਰਾਂ ਦੇ ਵਿਚਕਾਰ ਇੱਕ ਵੱਡੇ ਜਹਾਜ਼ ਨੂੰ ਵੀ ਮਾਂਝੀ ਇੱਕ ਛੋਟੇ ਜਿਹੇ ਪਤਵਾਰ ਦੀ ਵਰਤੋਂ ਕਰਕੇ ਅਗਵਾਈ ਕਰਦਾ ਹੈ। ਵੱਡਾ ਜੰਗਲ ਇੱਕ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ। ਸਪਸ਼ਟ ਗੱਲ ਇਹ ਹੈ, ਕਿ ਸਾਡੇ ਸ਼ਬਦ ਛੋਟੇ, ਕਮਜ਼ੋਰ ਅਤੇ ਮਾਮੂਲੀ ਲੱਗ ਸਕਦੇ ਹਨ। ਇਸ ਤੋਂ ਇਲਾਵਾ, ਪਵਿੱਤਰ ਆਤਮਾ ਚਾਹੁੰਦਾ ਹੈ ਕਿ ਅਸੀਂ ਇਹ ਜਾਣੀਏ, ਕਿ ਜਿਹੜੇ ਸ਼ਬਦਾਂ ਨੂੰ ਅਸੀਂ ਬੋਲਦੇ ਹਾਂ ਉਹ ਸਮਰੱਥਾ ਨਾਲ ਭਰੇ ਹੋਏ ਹਨ, ਉਹ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਦੀ ਅਗਵਾਈ, ਨਿਰਦੇਸ਼ਨ ਅਤੇ ਕਾਬੂ ਕਰ ਸਕਦੇ ਹਨ।

ਆਇਤ 6 ਵਿੱਚ, ਯਾਕੂਬ ਇੱਕ ਬੁਰੀ ਜੀਭ ਬਾਰੇ ਲਿਖਦਾ ਹੈ। ਇੱਕ ਬੁਰੀ ਜੀਭ “ਅੱਗ ਲਗਾਉਂਦੀ” ਹੈ ਜਾਂ ਨਰਕ ਵਿੱਚੋਂ ਹੀ ਆਉਣ ਵਾਲੀ ਦੁਸ਼ਟਤਾ ਦੁਆਰਾ ਪ੍ਰੇਰਿਤ ਜਾਂ ਬਲ ਉੱਠਦੀ ਹੈ। ਇੱਥੇ ਬੁਰੀ ਜੀਭ ਨਾਲ ਪੈਣ ਵਾਲੇ ਪ੍ਰਭਾਵ ਉੱਤੇ ਵਿਚਾਰ ਕਰੋ। ਇੱਕ ਬੁਰੀ ਜੀਭ ਮਨੁੱਖ ਦੇ ਪੂਰੇ ਸਰੀਰ ਜਾਂ ਪੂਰੇ ਜੀਵ (ਆਤਮਾ, ਮਨ ਅਤੇ ਸਰੀਰ) ਨੂੰ ਅਪਵਿੱਤਰ ਕਰ ਦਿੰਦੀ ਹੈ। ਇਹ “ਅੱਗ ਲਗਾਉਂਦੀ ਹੈ” ਜਾਂ ਮਨੁੱਖਾਂ ਦੇ ਵਿਅਕਤੀਗਤ ਜੀਵਨ ਦੇ ਪੂਰੇ ਚਾਲਚੱਲਣ ਨੂੰ ਪ੍ਰਭਾਵਿਤ ਕਰਦੀ ਹੈ, ਅਸਰ ਪਾਉਂਦੀ ਹੈ ਅਤੇ ਨਿਰਧਾਰਿਤ ਕਰਦੀ ਹੈ। ਬੁਰੇ ਸ਼ਬਦ ਸਾਡੇ ਪੂਰੇ ਵਿਅਕਤੀ ਅਤੇ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਨੂੰ ਅਪਵਿੱਤਰ ਅਤੇ ਨਾਸ ਕਰ ਦਿੰਦੇ ਹਨ। ਹੁਣ, ਜੇਕਰ ਸਾਡੀ ਜੀਭ ਚੰਗੀ ਹੋਵੇ ਤਾਂ ਕੀ ਹੋਵੇਗਾ - ਇੱਕ ਜੀਭ ਜੋ ਪਰਮੇਸ਼ਰ ਦੇ ਵਚਨ ਦੀ ਅੱਗ ਨਾਲ “ਅੱਗ ਲਗਾ ਦੇਵੇ” (ਪਰਮੇਸ਼ਰ ਦਾ ਵਚਨ ਅੱਗ ਦੀ ਸਮਾਨ ਹੈ, ਯਿਰਮਿਯਾਹ 23:29)। ਇੱਕ ਚੰਗੀ ਜੀਭ ਜੋ ਪਰਮੇਸ਼ਰ ਦੇ ਵਚਨ ਦੀ ਪ੍ਰੇਰਨਾ ਦੇ ਅਨੁਸਾਰ ਸ਼ਬਦਾਂ ਨੂੰ ਬੋਲਦੀ ਹੈ। ਅਜਿਹੇ ਸ਼ਬਦ ਸਾਡੇ ਸਮੁੱਚੇ ਵਿਅਕਤੀ ਨੂੰ ਅਸੀਸ ਦੇਣਗੇ ਅਤੇ ਨਿਰਮਾਣ ਕਰਨਗੇ ਅਤੇ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਨੂੰ ਅਸੀਸ ਦੇਣਗੇ ਅਤੇ ਨਿਰਮਾਣ ਕਰਨਗੇ।

ਸਾਡੇ ਸ਼ਬਦ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਦੀ ਅਗਵਾਈ ਕਰਦੇ ਹਨ, ਸਾਡੇ ਜੀਵਨ ਦੇ ਪੂਰੇ ਚਾਲਚੱਲਣ ਨੂੰ ਵੱਸ ਵਿੱਚ ਰੱਖਦੇ ਹਨ ਅਤੇ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਨੂੰ ਨਿਰਦੇਸ਼ਿਤ ਕਰਦੇ ਹਨ। ਸਾਡੇ ਸ਼ਬਦ ਸਾਡੇ ਸਮੁੱਚੇ ਵਿਅਕਤੀ ਅਤੇ ਸਾਡੇ ਜੀਵਨ ਦੇ ਪੂਰੇ ਚਾਲਚੱਲਣ ਨੂੰ ਅਸੀਸ ਅਤੇ ਨਿਰਮਾਣਿਤ ਕਰ ਸਕਦੇ ਹਨ। ਸ਼ਬਦਾਂ ਨੂੰ ਬੋਲੋ। ਵਿਸ਼ਵਾਸ ਦੇ ਸ਼ਬਦਾਂ ਨੂੰ ਬੋਲੋ। ਜਿਹੜੇ ਸ਼ਬਦਾਂ ਨੂੰ ਤੁਸੀਂ ਬੋਲਦੇ ਹੋ, ਉਹ ਸ਼ਬਦ ਤੁਹਾਡੇ ਜੀਵਨ ਨੂੰ ਅਸੀਸ ਦੇਣ ਅਤੇ ਨਿਰਮਾਣਿਤ ਕਰਨ।

# 68
# ਵਿਸ਼ਵਾਸ ਨੂੰ ਲਗਾਤਾਰ ਬੋਲੋ

**ਯਾਕੂਬ 3:7-12**
**7 ਕਿਉਂਕਿ ਜੰਗਲੀ ਜਾਨਵਰਾਂ ਅਤੇ ਪੰਛੀਆਂ, ਘਿੱਸਰਨ ਵਾਲੇ ਅਤੇ ਜਲ ਜੰਤੂਆਂ ਦੀ ਹਰ ਇੱਕ ਜਾਤੀ ਮਨੁੱਖ ਜਾਤੀ ਦੇ ਵੱਸ ਵਿੱਚ ਹੈ, ਸਗੋਂ ਕੀਤੀ ਵੀ ਗਈ ਹੈ।**
**8 ਪਰ ਜੀਭ ਨੂੰ ਕੋਈ ਮਨੁੱਖ ਵੱਸ ਵਿੱਚ ਨਹੀਂ ਕਰ ਸਕਦਾ। ਉਹ ਇੱਕ ਚੰਚਲ ਬਲਾ ਹੈ, ਉਹ ਨਾਸ ਕਰਨ ਵਾਲੀ ਜ਼ਹਿਰ ਨਾਲ ਭਰੀ ਹੋਈ ਹੈ।**
**9 ਉਸੇ ਨਾਲ ਅਸੀਂ ਪ੍ਰਭੂ ਅਤੇ ਪਿਤਾ ਨੂੰ ਮੁਬਾਰਕ ਆਖਦੇ ਹਾਂ ਅਤੇ ਉਸੇ ਨਾਲ ਮਨੁੱਖਾਂ ਨੂੰ ਸਰਾਪ ਦਿੰਦੇ ਹਾਂ ਜਿਹੜੇ ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਗਏ ਹਨ।**
**10 ਇੱਕੋ ਮੂੰਹ ਵਿੱਚੋਂ ਵਡਿਆਈ ਅਤੇ ਸਰਾਪ ਦੋਵੇਂ ਨਿੱਕਲਦੇ ਹਨ ਹੇ ਮੇਰੇ ਭਰਾਵੋ, ਇਹ ਗੱਲਾਂ ਇਸ ਤਰ੍ਹਾਂ ਨਹੀਂ ਹੋਣੀਆਂ ਚਾਹੀਦੀਆਂ!**
**11 ਭਲਾ, ਇੱਕੋ ਸੋਤੇ ਦੇ ਮੂੰਹ ਵਿੱਚੋਂ ਮਿੱਠਾ ਅਤੇ ਖਾਰਾ ਪਾਣੀ ਨਿੱਕਲ ਸਕਦਾ ਹੈ?**
**12 ਹੇ ਮੇਰੇ ਭਰਾਵੋ, ਕੀ ਇਹ ਹੋ ਸਕਦਾ ਹੈ ਕਿ ਹੰਜ਼ੀਰ ਦੇ ਬੂਟੇ ਨੂੰ ਜ਼ੈਤੂਨ ਦਾ ਫਲ ਜਾਂ ਅੰਗੂਰੀ ਵੇਲ ਨੂੰ ਹੰਜ਼ੀਰ ਲੱਗ ਸਕਦੇ ਹਨ? ਉਸੇ ਤਰ੍ਹਾਂ ਖਾਰੇ ਪਾਣੀ ਵਿੱਚੋਂ ਵੀ ਮਿੱਠਾ ਪਾਣੀ ਨਹੀਂ ਨਿੱਕਲ ਸਕਦਾ।**

ਯਾਕੂਬ, ਪਵਿੱਤਰ ਆਤਮਾ ਰਾਹੀਂ, ਸਾਡੇ ਦੁਆਰਾ ਬੋਲੋ ਜਾਣ ਵਾਲੇ ਸ਼ਬਦਾਂ ਵਿੱਚ ਲਗਾਤਾਰ ਭਲਾ, ਠੀਕ, ਸ਼ੁੱਧ, ਸਪਸ਼ਟ ਹੋਣ ਦੀ ਮਹੱਤਤਾ ਨੂੰ ਸੰਬੋਧਿਤ ਕਰਦਾ ਹੈ। ਸਾਨੂੰ ਹਰ ਸਮੇਂ ਆਪਣੇ ਸ਼ਬਦਾਂ ਨੂੰ ਵੱਸ ਵਿੱਚ ਰੱਖਣਾ ਚਾਹੀਦਾ ਹੈ, ਤਾਂ ਜੋ ਅਸੀਂ ਹਮੇਸ਼ਾ ਜੀਵਨ ਅਤੇ ਅਸੀਸ ਨੂੰ ਬੋਲੀਏ। ਅਸੀਂ ਦੋਗਲੀ ਜੀਭ ਵਾਲੇ ਨਹੀਂ ਹੋਣੇ ਚਾਹੀਦਾ ਹਾਂ, ਕਿ ਅਸੀਂ ਅਸੀਸ ਅਤੇ ਜੀਵਨ ਨੂੰ ਬੋਲਕੇ, ਕਿਸੇ ਹੋਰ ਸਮੇਂ ਵਿੱਚ ਮੌਤ ਅਤੇ ਸਰਾਪਾਂ ਨੂੰ ਬੋਲੀਏ। ਹਮੇਸ਼ਾ, ਹਰੇਕ ਹਾਲਾਤ ਵਿੱਚ, ਲਗਾਤਾਰ ਜੀਵਨ ਅਤੇ ਅਸੀਸ ਨੂੰ ਬੋਲੋ।

ਇਸੇ ਤਰ੍ਹਾਂ ਹੀ, ਸਾਨੂੰ ਵਿਸ਼ਵਾਸ ਨੂੰ ਬੋਲ ਕੇ, ਫਿਰ ਕਿਸੇ ਹੋਰ ਸਮੇਂ ਵਿੱਚ ਡਰ, ਸ਼ੱਕ, ਅਤੇ ਅਵਿਸ਼ਵਾਸ ਨੂੰ ਨਹੀਂ ਬੋਲਣਾ ਚਾਹੀਦਾ ਹੈ। ਹਮੇਸ਼ਾ, ਲਗਾਤਾਰ ਵਿਸ਼ਵਾਸ ਨੂੰ ਬੋਲੋ। ਅਸੀਂ ਅਜਿਹਾ ਤਾਂ ਹੀ ਕਰ ਸਕਾਂਗੇ, ਜੇਕਰ ਅਸੀਂ ਲਗਾਤਾਰ ਆਪਣੇ ਦਿਲਾਂ ਅਤੇ ਦਿਮਾਗਾਂ ਨੂੰ ਪਰਮੇਸ਼ਰ ਦੇ ਵਚਨ ਨਾਲ ਭਰਾਂਗੇ। ਜੇਕਰ ਅਸੀਂ ਲਗਾਤਾਰ ਵਿਸ਼ਵਾਸ ਦੇ ਸ਼ਬਦਾਂ ਨਾਲ ਆਪਣੇ ਆਪ ਨੂੰ ਪੋਸ਼ਣ ਦਿੰਦੇ ਹਾਂ,

ਤਾਂ ਅਸੀਂ ਲਗਾਤਾਰ ਵਿਸ਼ਵਾਸ ਦੇ ਸ਼ਬਦਾਂ ਨੂੰ ਬੋਲਾਂਗੇ।

ਆਪਣੀ ਜੀਭ ਨੂੰ ਲਗਾਮ ਵਿੱਚ ਰੱਖੋ। ਆਪਣੇ ਆਪ ਨੂੰ ਜੀਵਨ, ਅਸੀਸ ਅਤੇ ਹਮੇਸ਼ਾ ਵਿਸ਼ਵਾਸ ਨੂੰ ਬੋਲਣਾ ਦੀ ਸਿੱਖਿਆ ਦਿਓ। ਆਪਣੇ ਵਿਸ਼ਵਾਸ ਨੂੰ ਲਗਾਤਾਰ ਬੋਲੋ।

# 69
# ਸ਼ੈਤਾਨ ਦਾ ਸਾਹਮਣਾ ਕਰੋ

**ਯਾਕੂਬ 4:7**
**ਇਸ ਲਈ ਤੁਸੀਂ ਪਰਮੇਸ਼ਰ ਦੇ ਅਧੀਨ ਹੋ ਜਾਓ। ਪਰ ਸ਼ੈਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ।**

ਅਸੀਂ ਪਰਮੇਸ਼ਰ ਦੀ ਆਗਿਆ ਦੀ ਅਧੀਨਗੀ ਵਿੱਚ ਆਉਂਦੇ ਹਾਂ, ਅਤੇ ਫਿਰ ਸ਼ੈਤਾਨ ਦਾ ਸਾਹਮਣਾ ਕਰਦੇ ਹਾਂ। "ਸਾਹਮਣਾ" ਸ਼ਬਦ ਦਾ ਅਰਥ ਹੈ "ਕਿ ਸ਼ੈਤਾਨ ਜੋ ਸਾਡੇ ਅੱਗੇ ਪੇਸ਼ ਕਰਦਾ ਹੈ, ਅਸੀਂ ਉਸ ਦੇ ਵਿਰੁੱਧ ਖੜ੍ਹੇ ਹੋਣਾ ਹੈ ਅਤੇ ਉਸ ਦਾ ਵਿਰੋਧ ਕਰਨਾ ਹੈ।" ਜਿਸ ਤਰ੍ਹਾਂ ਕਿ ਅਸੀਂ ਨਵੇਂ ਨੇਮ ਦੀ ਆਇਤ ਵਿੱਚ ਵੇਖਦੇ ਹਾਂ, ਅਸੀਂ ਪਰਮੇਸ਼ਰ ਦੇ ਵਚਨ ਨੂੰ ਇਹ ਆਖ ਕੇ ਸ਼ੈਤਾਨ ਦਾ ਸਾਹਮਣਾ ਕਰਦੇ ਹਾਂ, "ਇਹ ਲਿਖਿਆ ਹੈ।" ਆਤਮਾ ਦੀ ਤਲਵਾਰ - ਪਰਮੇਸ਼ਰ ਦੇ ਵਚਨ ਦੀ ਵਰਤੋਂ ਕਰਦੇ ਹੋਏ, ਅਤੇ ਉਸ ਅਧਿਕਾਰ ਤੋਂ ਜਿਹੜਾ ਪ੍ਰਭੂ ਯਿਸੂ ਮਸੀਹ ਵਿੱਚ ਸਾਡੇ ਕੋਲ ਹੈ ਹੁਕਮ ਦੇ ਸ਼ਬਦਾਂ ਨੂੰ ਬੋਲਣਾ। ਜਿਸ ਤਰ੍ਹਾਂ ਕਿ ਇਹ ਸੋਚਣਾ ਕਿ ਪਰਮੇਸ਼ਰ ਦਾ ਵਚਨ ਮਹੱਤਵਪੂਰਨ ਹੈ, ਤਾਂ ਸ਼ੈਤਾਨ ਜੋ ਕੁਝ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਦੇ ਵਿਰੋਧ ਅਤੇ ਹਮਲਾਵਰ ਵਿਰੋਧ ਦੇ ਸਾਡੇ ਹਿੱਸੇ ਵਜੋਂ ਪਰਮੇਸ਼ਰ ਦੇ ਵਚਨ ਨੂੰ ਬੋਲਣਾ ਵੀ ਬਰਾਬਰ ਮਹੱਤਵਪੂਰਨ ਹੈ।

ਜਦੋਂ ਵੈਰੀ ਤੁਹਾਡੇ ਦਿਮਾਗ ਵਿੱਚ ਗ਼ਲਤ ਅਤੇ ਬੁਰਿਆਈ ਦੇ ਵਿਚਾਰਾਂ, ਖਿਆਲਾਂ, ਕਲਪਨਾਵਾਂ, ਵਾਦ-ਵਿਵਾਦਾਂ ਅਤੇ ਤਰਕਾਂ ਨੂੰ ਭਰਦਾ ਹੈ, ਤਾਂ ਇਹ ਮਹੱਤਵਪੂਰਨ ਹੈ, ਕਿ ਇਹ ਤੁਰੰਤ ਤੁਹਾਡੇ ਮਨ ਵਿੱਚ ਆਵੇ, ਕਿ ਪਰਮੇਸ਼ਰ ਦਾ ਵਚਨ ਇਸ ਦੇ ਸੰਬੰਧ ਵਿੱਚ ਕੀ ਆਖਦੇ ਹੈ। ਅਤੇ ਇਹ ਬੋਲਣਾ ਵੀ ਮਹੱਤਵਪੂਰਨ ਹੈ, ਕਿ ਸ਼ੈਤਾਨ ਦੁਆਰਾ ਪੇਸ਼ ਕੀਤੇ ਗਏ ਬੁਰੇ ਵਿਚਾਰ ਬਾਰੇ ਪਰਮੇਸ਼ਰ ਦਾ ਵਚਨ ਕੀ ਆਖਦਾ ਹੈ। ਅਸੀਂ ਬੋਲਦੇ ਹਾਂ, "ਇਹ ਲਿਖਿਆ ਹੈ ... ।"

ਇਹ ਕਰਨ ਵਿੱਚ ਮਜ਼ਬੂਤ ਅਤੇ ਜੁਝਾਰੂ ਬਣੋ। ਆਪਣੇ ਵਿਸ਼ਵਾਸ ਵਿੱਚ ਮਜ਼ਬੂਤ ਹੋ ਕੇ ਸ਼ੈਤਾਨ ਦਾ ਸਾਹਮਣਾ ਕਰੋ (1 ਪਤਰਸ 5:9)। ਆਪਣੇ ਵਿਸ਼ਵਾਸ

ਨੂੰ ਬੋਲੋ। ਜਿੰਨੀ ਵਾਰੀ ਉਹ ਮੁੜ ਕੇ ਆਵੇ ਹੈ, ਆਪਣੇ ਵਿਸ਼ਵਾਸ ਨੂੰ ਬੋਲਦੇ ਰਹੋ। ਸ਼ੈਤਾਨ ਨੂੰ ਪਤਾ ਲੱਗੇ, ਕਿ ਤੁਸੀਂ ਆਪਣੇ ਜੀਵਨ ਵਿੱਚ ਉਸ ਨੂੰ ਪੈਰ ਨਹੀਂ ਜਮਾਉਣ ਦੇਵੋਗੇ।

# 70
# ਅਸੀਸ ਦੇ ਸ਼ਬਦਾਂ ਨੂੰ ਵੰਡੋ

**1 ਪਤਰਸ 3:8-12**
**[8] ਗੱਲ ਕਾਹਦੀ, ਤੁਸੀਂ ਸੱਭੇ ਇੱਕ ਮਨ ਹੋਵੋ, ਆਪੋ ਵਿੱਚੀਂ ਦਰਦੀ ਬਣੋ, ਭਰਪੱਣ ਦਾ ਪ੍ਰੇਮ ਰੱਖੋ, ਤਰਸਵਾਨ ਅਤੇ ਮਨ ਦੇ ਹਲੀਮ ਹੋਵੋ।**
**[9] ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ ਅਸੀਸ ਦਿਓ ਕਿਉਂ ਜੋ ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ।**
**[10] ਕਿਉਂਕਿ, - ਜਿਹੜਾ ਜੀਵਨ ਨਾਲ ਪ੍ਰੇਮ ਰੱਖਣਾ, ਅਤੇ ਭਲੇ ਦਿਨ ਵੇਖਣੇ ਚਾਹੁੰਦਾ ਹੈ, ਉਹ ਆਪਣੀ ਜੀਭ ਨੂੰ ਬੁਰਿਆਈ ਤੋਂ, ਅਤੇ ਆਪਣੇ ਬੁੱਲਾਂ ਨੂੰ ਮਕਰ ਬੋਲਣ ਤੋਂ ਰੋਕ ਰੱਖੇ ।**
**[11] ਉਹ ਬਦੀ ਤੋਂ ਹਟ ਜਾਵੇ ਅਤੇ ਨੇਕੀ ਕਰੇ, ਮਿਲਾਪ ਨੂੰ ਲੱਭੇ ਅਤੇ ਉਹ ਦਾ ਪਿੱਛਾ ਕਰੇ ।**
**[12] ਕਿਉਂ ਜੋ ਪ੍ਰਭੂ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਹਨਾਂ ਦੀ ਦੁਹਾਈ ਵੱਲ ਹਨ। ਪ੍ਰਭੂ ਦਾ ਮੂੰਹ ਕੁਕਰਮੀਆਂ ਦੇ ਵਿਰੁੱਧ ਹੈ।**

ਭਾਂਵੇ ਜਦੋਂ ਸਾਨੂੰ ਸਰਾਪ ਦਿੱਤਾ ਜਾਵੇ ਜਾਂ ਸਾਡੇ ਨਾਲ ਗ਼ਲਤ ਕੀਤਾ ਜਾਵੇ, ਤਾਂ ਇੱਕ ਤਰੀਕਾ ਨਾਲ ਅਸੀਂ ਉਸ ਨੂੰ ਅਸੀਸ ਵਜੋਂ ਵਾਪਸ ਕਰ ਸਕਦੇ ਹਾਂ, ਉਹ ਤਰੀਕਾ ਹੈ ਅਸੀਸ ਨੂੰ ਬੋਲ ਕੇ। ਪ੍ਰਭੂ ਯਿਸੂ ਨੇ ਸਾਨੂੰ ਸਿਖਾਇਆ ਹੈ, *"ਕਿ ਜੋ ਤੁਹਾਨੂੰ ਸਤਾਉਣ ਉਹਨਾਂ ਲਈ ਪ੍ਰਾਰਥਨਾ ਕਰੋ"* (ਮੱਤੀ 5:44)। ਇਸ ਲਈ, ਅਸੀਂ ਨੀਤ ਨਾਲ ਉਹਨਾਂ ਉੱਤੇ ਅਤੇ ਉਹਨਾਂ ਲਈ ਅਸੀਸ ਦੇ ਸ਼ਬਦ ਬੋਲਦੇ ਹਾਂ, ਭਾਵੇਂ ਕਿ ਉਹਨਾਂ ਨੇ ਸਾਡੇ ਨਾਲ ਕੁਝ ਗ਼ਲਤ ਕੀਤੇ ਹੋਵੇ। ਇਹ ਇੱਕ ਚੋਣ ਹੈ ਜੋ ਅਸੀਂ ਕਰਦੇ ਹਾਂ। ਆਪਣੀ ਜੀਭ ਨੂੰ ਵੱਸ ਵਿੱਚ ਰੱਖਣ ਦੀ ਚੋਣ ਕਰੋ ਅਤੇ ਇਸ ਨੂੰ ਬੁਰਿਆਈ ਵਾਲੇ ਸ਼ਬਦਾਂ ਨੂੰ ਬੋਲਣ ਦੀ ਆਗਿਆ ਨਾ ਦਿਓ। ਇਸ ਦੀ ਬਜਾਏ, ਅਸੀਸ ਦੇ ਸ਼ਬਦਾਂ ਨੂੰ ਵੰਡਣ ਲਈ ਵਿਚਾਰਪੂਰਨ ਚੋਣ ਕਰੋ। ਪਰਮੇਸ਼ਰ ਦੇ ਅੱਗੇ ਜਾਓ ਅਤੇ ਆਖੋ, "ਪਿਤਾ ਜੀ, ਪ੍ਰਭੂ ਯਿਸੂ ਦੇ ਨਾਮ ਵਿੱਚ, ਮੈਂ ਫਲਾਣੇ-ਫਲਾਣੇ ਉੱਤੇ ਅਸੀਸ ਨੂੰ ਬੋਲਦਾ ਹਾਂ। ਭਾਵੇਂ ਕਿ ਉਹਨਾਂ ਨੇ ਮੈਨੂੰ ਦੁਖੀ ਕੀਤਾ ਹੋਵੇ, ਮੈਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਹਨਾਂ ਦੇ ਜੀਵਨ ਉੱਤੇ ਅਸੀਸ ਨੂੰ ਬੋਲਦਾ ਹਾਂ। ਜੀਵਨ ਦੇ ਹਰੇਕ ਖੇਤਰ ਵਿੱਚ ਉਹਨਾਂ ਨਾਲ ਸਾਰਾ ਕੁਝ ਠੀਕ ਰਹੇ। ਉਹ ਫਲਦਾਇਕ ਅਤੇ ਅਸੀਸਵੰਤ ਹੋਣ।"

ਇੱਕ ਵਾਰ ਜਦੋਂ ਤੁਸੀਂ ਨਿੱਜੀ ਤੌਰ ਤੇ ਉਹਨਾਂ ਉੱਤੇ ਅਸੀਸ ਦੇ ਸ਼ਬਦਾਂ ਨੂੰ

ਦਿੰਦੇ ਹੋ, ਤਾਂ ਚੁਗਲੀ ਨਾ ਕਰੋ ਅਤੇ ਦੂਸਰਿਆਂ ਨੂੰ ਨਾ ਦੱਸੋ ਕਿ ਉਹ ਤੁਹਾਡੇ ਨਾਲ ਕਿੰਨੇ ਮਤਲਬੀ ਰਹੇ ਹਨ ਅਤੇ ਉਹਨਾਂ ਨੇ ਤੁਹਾਡੇ ਨਾਲ ਕਿਸ ਤਰ੍ਹਾਂ ਗ਼ਲਤ ਕੀਤਾ ਜਾਂ ਕਿਸ ਤਰ੍ਹਾਂ ਤੁਹਾਨੂੰ ਦੁੱਖੀ ਕੀਤਾ ਹੈ। ਆਪਣੀ ਜੀਭ ਨੂੰ ਬੁਰਿਆਈ ਦੇ ਸ਼ਬਦ ਬੋਲਣ ਤੋਂ ਰੋਕੋ। ਅਸੀਸ ਵੰਡਣ ਨਾਲ, ਤੁਸੀਂ ਆਪਣੇ ਆਪ ਨੂੰ ਅਸੀਸ ਪ੍ਰਾਪਤ ਕਰਨ ਵਾਲੇ ਜਾਂ ਅਸੀਸ ਦੀ ਵਿਰਾਸਤ ਬਣਾ ਲੈਂਦੇ ਹੋ। ਯਹੋਵਾਹ ਦੀਆਂ ਨਜ਼ਰਾਂ ਤੁਹਾਡੇ ਉੱਤੇ ਹਨ। ਉਹ ਇਹ ਨਿਸ਼ਚਿਤ ਕਰਨਗੇ ਕਿ ਤੁਹਾਡਾ ਜੀਵਨ ਚੰਗਾ ਹੋਵੇ ਅਤੇ ਤੁਸੀਂ ਭਲੇ ਦਿਨ ਵੇਖੋ। ਹਮੇਸ਼ਾ ਅਸੀਸ ਦੇ ਸ਼ਬਦਾਂ ਨੂੰ ਵੰਡੋ। ਵਿਸ਼ਵਾਸ ਵਿੱਚ ਅਸੀਸ ਦੇ ਸ਼ਬਦਾਂ ਨੂੰ ਬੋਲੋ।

# 71
# ਸ਼ਬਦ ਜਿੱਤ ਲਈ ਤੁਹਾਡੇ ਵਿਸ਼ਵਾਸ ਨੂੰ ਪ੍ਰਕਾਸ਼ਿਤ ਕਰਦੇ ਹਨ

**1 ਯੂਹੰਨਾ 5:1,4**
**[1] ਹਰ ਕੋਈ ਜਿਹੜਾ ਯਿਸੂ ਨੂੰ ਮਸੀਹ ਕਰਕੇ ਮੰਨਦਾ ਹੈ, ਉਹ ਪਰਮੇਸ਼ਰ ਤੋਂ ਜੰਮਿਆ ਹੋਇਆ ਹੈ ਅਤੇ ਹਰ ਕੋਈ ਜਿਹੜਾ ਜਨਮ ਦੇਣ ਵਾਲੇ ਨੂੰ ਪਿਆਰ ਕਰਦਾ ਹੈ ਉਹ ਉਸ ਨੂੰ ਵੀ ਪਿਆਰ ਕਰਦਾ ਹੈ, ਜੋ ਉਸ ਤੋਂ ਜੰਮਿਆ ਹੈ।**
**[4] ਕਿਉਂ ਜੋ ਹਰੇਕ ਜਿਹੜਾ ਪਰਮੇਸ਼ਰ ਤੋਂ ਜੰਮਿਆ ਹੈ ਉਹ ਸੰਸਾਰ ਉੱਤੇ ਜਿੱਤ ਪਾਉਂਦਾ ਹੈ ਅਤੇ ਜਿੱਤ ਇਹ ਹੈ ਜਿਸ ਨੇ ਸੰਸਾਰ ਉੱਤੇ ਜਿੱਤ ਪਾਈ ਅਰਥਾਤ ਸਾਡਾ ਵਿਸ਼ਵਾਸ।**

ਵਿਸ਼ਵਾਸ ਦੁਆਰਾ ਪ੍ਰਭੂ ਯਿਸੂ ਮਸੀਹ ਵਿੱਚ, ਅਸੀਂ ਪਰਮੇਸ਼ਰ ਤੋਂ ਜੰਮੇ ਹੋਏ ਹਾਂ। ਸਾਡੇ ਵਿੱਚ ਪਰਮੇਸ਼ਰ ਦਾ ਜੀਵਨ ਅਤੇ ਸੁਭਾਅ ਹੈ। ਅਸੀਂ ਪਰਮੇਸ਼ਰ ਦੇ ਪੁੱਤਰ ਅਤੇ ਧੀਆਂ ਹਾਂ। ਅਤੇ ਕਿਉਂ ਜੋ ਅਸੀਂ ਪਰਮੇਸ਼ਰ ਤੋਂ ਜੰਮੇ ਹੋਏ ਹਾਂ, ਅਸੀਂ ਜਿੱਤ ਪਾਉਣ ਵਾਲੇ ਹਾਂ। ਸੰਸਾਰ, ਸਰੀਰ ਅਤੇ ਸ਼ੈਤਾਨ ਉੱਤੇ ਜਿੱਤ ਪਾਉਣ ਲਈ ਜੋ ਕੁਝ ਵੀ ਜ਼ਰੂਰੀ ਹੈ, ਅਸੀਂ ਉਸ ਨਾਲ ਭਰੇ ਹੋਏ ਹਾਂ। ਅਤੇ ਪਵਿੱਤਰ-ਗ੍ਰੰਥ ਵਿੱਚ ਇਹ ਸਪਸ਼ਟ ਹੈ, ਕਿ ਪਰਮੇਸ਼ਰ ਵਿੱਚ ਸਾਡੇ ਵਿਸ਼ਵਾਸ ਦੇ ਪ੍ਰਯੋਗ ਰਾਹੀਂ ਅਸੀਂ ਜਿੱਤ ਪਾਉਂਦੇ ਹਾਂ। ਜੇਕਰ ਅਸੀਂ ਜਿੱਤ ਪਾਉਣ ਵਾਲਾ, ਜੇਤੂ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ, ਤਾਂ ਸਾਡਾ ਵਿਸ਼ਵਾਸ ਵਿੱਚ ਚੱਲਣਾ ਜ਼ਰੂਰੀ ਹੈ। ਅਸੀਂ ਆਪਣੇ ਜੀਵਨ ਨੂੰ ਕੇਵਲ ਆਪਣੀ ਸਵੈ-ਇੱਛਾ ਦੀ ਸਮਰੱਥਾ ਜਾਂ ਆਪਣੀ ਸਿਆਣਪ ਦੀ ਸਮਰੱਥਾ ਨਾਲ ਜਿੱਤ ਪਾਉਣ ਵਾਲੇ ਅਤੇ ਜੇਤੂ ਵਜੋਂ ਬਤੀਤ ਨਹੀਂ ਕਰਦੇ। ਪਰਮੇਸ਼ਰ ਨੇ ਆਖਿਆ ਹੈ ਜਿਸ ਤਰੀਕੇ ਨਾਲ ਅਸੀਂ ਸੰਸਾਰ ਉੱਤੇ ਜਿੱਤ ਪਾਈ, ਉਹ ਵਿਸ਼ਵਾਸ ਦੁਆਰਾ ਹੈ।

ਵਿਸ਼ਵਾਸ ਦੇ ਮੁੱਖ ਸਿਧਾਂਤਾਂ ਵਿੱਚੋਂ ਇੱਕ ਸਿਧਾਂਤ ਜਿਸ ਨੂੰ ਅਸੀਂ ਪਵਿੱਤਰ-ਗ੍ਰੰਥ ਵਿੱਚ ਮੁਢੋਂ ਅਖੀਰ ਤੀਕ ਵੇਖਦੇ ਹਾਂ, ਉਸ ਸਿਧਾਂਤ ਨੂੰ ਵਿਸ਼ੇਸ਼ ਤੌਰ ਤੇ ਇਸ ਕਿਤਾਬ ਵਿੱਚ ਜ਼ਾਹਰ ਕੀਤਾ ਗਿਆ ਹੈ, ਉਹ ਸਿਧਾਂਤ ਇਹ ਹੈ, ਕਿ ਵਿਸ਼ਵਾਸ ਬੋਲਦਾ ਹੈ। ਵਿਸ਼ਵਾਸ ਸ਼ਬਦਾਂ ਰਾਹੀਂ ਪਰਗਟ ਹੁੰਦਾ ਹੈ। ਸਾਨੂੰ ਵਿਸ਼ਵਾਸ ਦੇ ਸ਼ਬਦਾਂ ਨੂੰ ਜ਼ਰੂਰ ਬੋਲਣਾ ਚਾਹੀਦਾ ਹੈ, ਉਹ ਸ਼ਬਦਾਂ ਨੂੰ ਜਿਹੜੇ ਪਰਮੇਸ਼ਰ

ਵਿੱਚ, ਉਹਨਾਂ ਦੇ ਵਚਨ ਵਿੱਚ ਅਤੇ ਉਸ ਸਭ ਕੁਝ ਵਿੱਚ, ਜੋ ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਸਥਾਪਿਤ ਕੀਤਾ ਹੈ, ਸਾਡੇ ਵਿਸ਼ਵਾਸ ਨੂੰ ਪਰਗਟ ਕਰਦੇ ਹਨ। ਅਜਿਹਾ ਕਰਨਾ ਉਹਨਾਂ ਤਰੀਕਿਆਂ ਵਿੱਚੋਂ ਇੱਕ ਹੈ, ਜਿਸ ਨਾਲ ਅਸੀਂ ਜਿੱਤ ਪਾਉਂਦੇ ਹਾਂ ਅਤੇ ਸੰਸਾਰ, ਸਰੀਰ ਅਤੇ ਸ਼ੈਤਾਨ ਉੱਤੇ ਜੇਤੂ ਬਣਦੇ ਹਾਂ।

ਆਪਣੇ ਵਿਸ਼ਵਾਸ ਨੂੰ ਬੋਲੋ। ਇਹ ਜਿੱਤ ਪਾਉਣ ਵਾਲੇ ਅਤੇ ਜੇਤੂ ਜੀਵਨ ਨੂੰ ਬਤੀਤ ਕਰਨ ਦੀ ਇੱਕ ਕੁੰਜੀ ਹੈ।

# 72

# ਅਸੀਂ ਪਰਮੇਸ਼ਰ ਤੋਂ ਹਾਂ, ਇਸ ਲਈ ਇਸ ਤਰ੍ਹਾਂ ਬੋਲਦੇ ਹਾਂ ਜਿਵੇਂ ਅਸੀਂ ਪਰਮੇਸ਼ਰ ਤੋਂ ਬੋਲਦੇ ਹਾਂ

**1 ਯੂਹੰਨਾ 4:4-6**

**4 ਹੇ ਬੱਚਿਓ, ਤੁਸੀਂ ਤਾਂ ਪਰਮੇਸ਼ਰ ਤੋਂ ਹੋ ਅਤੇ ਉਹਨਾਂ ਨੂੰ ਜਿੱਤ ਲਿਆ ਹੈ, ਕਿਉਂਕਿ ਜਿਹੜਾ ਤੁਹਾਡੇ ਵਿੱਚ ਹੈ ਸੋ ਉਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ।**

**5 ਉਹ ਸੰਸਾਰ ਤੋਂ ਹਨ ਇਸ ਕਰਕੇ ਸੰਸਾਰਕ ਗੱਲਾਂ ਬੋਲਦੇ ਹਨ ਅਤੇ ਸੰਸਾਰ ਉਹਨਾਂ ਦੀ ਸੁਣਦਾ ਹੈ।**

**6 ਅਸੀਂ ਪਰਮੇਸ਼ਰ ਤੋਂ ਹਾਂ। ਜਿਹੜਾ ਪਰਮੇਸ਼ਰ ਨੂੰ ਜਾਣਦਾ ਹੈ, ਉਹ ਸਾਡੀ ਸੁਣਦਾ ਹੈ। ਜੋ ਕੋਈ ਪਰਮੇਸ਼ਰ ਵੱਲੋਂ ਨਹੀਂ, ਉਹ ਸਾਡੀ ਨਹੀਂ ਸੁਣਦਾ। ਇਸ ਤੋਂ ਅਸੀਂ ਸਚਿਆਈ ਦੇ ਆਤਮਾ ਅਤੇ ਧੋਖੇ ਦੇ ਆਤਮਾ ਨੂੰ ਜਾਣ ਲੈਂਦੇ ਹਾਂ।**

ਰਸੂਲ ਯੂਹੰਨਾ ਦੋ ਪ੍ਰਕਾਰ ਦੇ ਲੋਕਾਂ ਵਿੱਚ ਅੰਤਰ ਨੂੰ ਦੱਸਦਾ ਹੈ। ਉਹ ਲੋਕ ਜਿਹੜੇ, *"ਸੰਸਾਰ ਤੋਂ ਹਨ"* ਅਤੇ ਉਹ ਲੋਕ ਜਿਹੜੇ *"ਪਰਮੇਸ਼ਰ ਤੋਂ"* ਹਨ। ਉਹ ਦੱਸਦਾ ਹੈ, ਕਿ ਜਿਹੜੇ ਲੋਕ ਸੰਸਾਰ ਤੋਂ ਹਨ ਉਹਨਾਂ ਦੀ ਪਛਾਣ ਇਸ ਰਾਹੀਂ ਕੀਤੀ ਜਾਂਦੀ ਹੈ – *"ਕਿ ਉਹ ਸੰਸਾਰਕ ਗੱਲਾਂ ਬੋਲਦੇ ਹਨ।"* ਉਹ ਸੰਸਾਰਕ ਭਾਸ਼ਾ ਨੂੰ ਬੋਲਦੇ ਹਨ, ਅਤੇ ਸੰਸਾਰਕ ਮੁੱਦਿਆ ਦੀ ਗੱਲ ਬੋਲਦੇ ਹਨ, ਅਤੇ ਇਸ ਸੰਸਾਰ ਦੀ ਆਤਮਾ ਨੂੰ ਪਰਗਟ ਕਰਦੇ ਹਨ। ਇਸ ਕਰਕੇ, ਸੰਸਾਰ ਉਹਨਾਂ ਦੀ ਸੁਣਦਾ ਹੈ। ਪ੍ਰੰਤੂ, ਅਸੀਂ ਜਿਹੜੇ *"ਪਰਮੇਸ਼ਰ ਤੋਂ"* ਹਾਂ, ਭਾਵ ਅਸੀਂ ਜਿਹੜੇ *"ਪਰਮੇਸ਼ਰ ਤੋਂ"* ਬੋਲਦੇ ਹਾਂ, ਸਾਨੂੰ ਉਹ ਲੋਕ ਜਿਹੜੇ ਪਰਮੇਸ਼ਰ ਨੂੰ ਜਾਣਦੇ ਹਨ ਸੁਣਦੇ, ਅਤੇ ਸਮਝਦੇ ਅਤੇ ਸਾਡੀਆਂ ਉਹਨਾਂ ਗੱਲਾਂ ਵੱਲ ਧਿਆਨ ਦਿੰਦੇ ਹਨ, ਜਿਨ੍ਹਾਂ ਨੂੰ ਅਸੀਂ ਬੋਲਦੇ ਹਾਂ।

ਅਸੀਂ *"ਪਰਮੇਸ਼ਰ ਤੋਂ"* ਹਾਂ ਇਸ ਲਈ ਅਸੀਂ *"ਪਰਮੇਸ਼ਰ ਤੋਂ"* ਬੋਲਦੇ ਹਾਂ। ਅਸੀਂ ਇੱਕ ਵੱਖਰੀ ਭਾਸ਼ਾ ਨੂੰ ਬੋਲਦੇ ਹਾਂ। ਅਸੀਂ ਪਰਮੇਸ਼ਰ ਦੇ ਵਚਨ ਦੀ ਭਾਸ਼ਾ ਨੂੰ ਬੋਲਦੇ ਹਾਂ। ਅਸੀਂ ਪਰਮੇਸ਼ਰ ਦੇ ਵਚਨ ਦੀ ਸਚਿਆਈ ਦੇ ਅਨੁਸਾਰ ਬੋਲਦੇ ਹਾਂ।

ਯਾਦ ਰੱਖੋ, ਤੁਸੀਂ *"ਪਰਮੇਸ਼ਰ ਤੋਂ"* ਹੋ। ਜਦੋਂ ਤੁਸੀਂ ਉਹਨਾਂ ਲੋਕਾਂ ਦੇ ਆਲੇ-ਦੁਆਲੇ ਹੁੰਦੇ ਹੋ ਜਿਹੜੇ *"ਸੰਸਾਰ ਤੋਂ" ਹਨ, ਤਾਂ ਤੁਸੀਂ "ਸੰਸਾਰ ਤੋਂ"* ਆਦੀ ਹੋਣ ਅਤੇ ਬੋਲਣ ਦਾ ਦਬਾਅ ਮਹਿਸੂਸ ਕਰੋਗੇ। ਪਰ ਤੁਹਾਨੂੰ ਇਸ ਸੰਸਾਰ ਦੇ ਦਬਾਅ ਅੱਗੇ ਨੀਵਿਆਂ ਹੋਣ ਦੀ ਲੋੜ ਨਹੀਂ ਹੈ। ਤੁਸੀਂ ਪਰਮੇਸ਼ਰ ਤੋਂ ਹੋ। ਤੁਸੀਂ ਇੱਕ ਜੇਤੂ ਹੋ। ਤੁਸੀਂ ਧੋਖੇ ਦੀ ਆਤਮਾ, ਇਸ ਯੁੱਗ ਦੀ ਆਤਮਾ, ਉਹ ਆਤਮਾ ਜੋ ਮਸੀਹ ਦੇ ਵਿਰੁੱਧ ਹੈ, ਉਸ ਆਤਮਾ ਨੂੰ ਜਿੱਤ ਲਿਆ ਹੈ। ਜਿਹੜਾ ਤੁਹਾਡੇ ਵਿੱਚ ਹੈ ਸੋ ਉਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ। ਤੁਹਾਨੂੰ ਸੰਸਾਰ ਜਾਂ *"ਸੰਸਾਰ ਤੋਂ"* ਬੋਲੀ ਜਾਣ ਵਾਲੀ ਭਾਸ਼ਾ ਨਾਲ ਸਹਿਮਤੀ ਕਰਨ ਦੀ ਕੋਈ ਲੋੜ ਨਹੀਂ ਹੈ। ਤੁਸੀਂ ਆਪਣੇ ਸ਼ਬਦਾਂ ਦੀ ਚੋਣ ਕਰੋ। ਤੁਸੀਂ *"ਪਰਮੇਸ਼ਰ ਤੋਂ"* ਬੋਲੋ। ਤੁਸੀਂ ਪਰਮੇਸ਼ਰ ਦੇ ਵਚਨ ਨਾਲ ਇਕਸਾਰ ਹੋ ਕੇ ਬੋਲੋ। ਆਪਣੇ ਵਿਸ਼ਵਾਸ ਨੂੰ ਬੋਲੋ।

# 73

# ਅਸੀਂ ਲੇਲੇ ਦੇ ਲਹੂ ਅਤੇ ਸਾਡੀ ਗਵਾਹੀ ਦੇ ਵਚਨ ਦੁਆਰਾ ਜਿੱਤ ਪਾਉਂਦੇ ਹਾਂ

**ਪਰਕਾਸ਼ ਦੀ ਪੋਥੀ 12:11**
**ਅਤੇ ਉਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਗਵਾਹੀ ਦੇ ਵਚਨ ਦੇ ਕਾਰਨ ਉਹ ਨੂੰ ਜਿੱਤ ਲਿਆ ਅਤੇ ਮਰਨ ਤੱਕ ਆਪਣੀ ਜਾਨ ਨੂੰ ਪਿਆਰਾ ਨਾ ਸਮਝਿਆ।**

ਸ਼ੈਤਾਨ ਸਾਡਾ ਵਿਰੋਧੀ ਹੈ। ਸ਼ੈਤਾਨ ਅਤੇ ਉਸ ਦੇ ਦੁਸ਼ਟ ਦੂਤਾਂ ਨੂੰ ਹਰਾ ਦਿੱਤਾ ਗਿਆ ਹੈ ਅਤੇ ਸ਼ਕਤੀਹੀਣ ਕਰ ਦਿੱਤਾ ਗਿਆ ਹੈ। ਉਹਨਾਂ ਦੇ ਕਮਜ਼ੋਰ ਅਧਿਕਾਰ ਦੀ ਅਵਸਥਾ ਵਿੱਚ ਉਹਨਾਂ ਕੋਲ ਸਿਰਫ਼ ਝੂਠ, ਧੋਖੇ, ਦੋਸ਼ਾਂ ਅਤੇ ਡਰਾਉਣ-ਧਮਕਾਉਣ ਦੀ ਵਰਤੋਂ ਕਰਕੇ ਦਿਮਾਗੀ ਖੇਡਾਂ ਖੇਡਣ ਦੀ ਯੋਗਤਾ ਹੈ। ਇਸ ਲਈ ਸ਼ੈਤਾਨ ਨੂੰ ਭਰਾਵਾਂ ਉੱਤੇ ਦੋਸ਼ ਲਗਾਉਣ ਵਾਲਾ ਕਿਹਾ ਜਾਂਦਾ ਹੈ, ਸਾਡੇ ਮਨਾਂ ਉੱਤੇ ਉਸ ਦੇ ਦੋਸ਼ਾਂ ਨੂੰ ਭਾਰ ਪਾਉਣ ਦਾ ਕਾਰਨ ਬਣਾਉਣ ਲਈ, ਉਹ ਇਸ ਹੱਦ ਤੱਕ ਜਾਂਦਾ ਹੈ, ਕਿ ਪਰਮੇਸ਼ਰ ਦੇ ਸਾਹਮਣੇ ਸਾਡੇ ਮਨਾਂ ਵਿੱਚ ਦੋਸ਼ ਲਗਾਵੇ। ਉਹ ਕੋਸ਼ਿਸ਼ ਕਰਦਾ ਹੈ, ਕਿ ਅਸੀਂ ਪਰਮੇਸ਼ਰ ਦੇ ਸਾਹਮਣੇ ਬੇਕਾਰ, ਅਪਰਾਧੀ ਅਤੇ ਪਿਆਰ ਤੋਂ ਰਹਿਤ ਮਹਿਸੂਸ ਕਰੀਏ।

ਵਿਰੋਧੀ ਅਤੇ ਉਸ ਦੇ ਦੋਸ਼ਾਂ ਉੱਤੇ ਜਿੱਤ ਪਾਉਣ ਲਈ, ਸਾਨੂੰ ਵਿਸ਼ਵਾਸੀਆਂ ਨੂੰ ਰਸੂਲ ਯੂਹੰਨਾ ਪਰਕਾਸ਼ ਦੀ ਪੋਥੀ 12 ਵਿੱਚ, ਇੱਕ ਸਮਰੱਥਾ ਨਾਲ ਭਰੀ ਕੁੰਜੀ ਬਾਰੇ ਦੱਸਦਾ ਹੈ। ਅਸੀਂ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਗਵਾਹੀ ਦੇ ਵਚਨ ਦੇ ਕਾਰਨ ਸ਼ੈਤਾਨ ਉੱਤੇ ਜਿੱਤ ਪਾਉਂਦੇ ਹਾਂ। ਅਸੀਂ ਇਸ ਵਿੱਚ ਵਿਸ਼ਵਾਸ ਕਰਦੇ ਹਾਂ, ਜੋ ਸਾਡੇ ਲਈ ਪ੍ਰਭੂ ਯਿਸੂ ਮਸੀਹ ਦੇ ਲਹੂ ਨੇ ਕੀਤਾ ਹੈ, ਅਤੇ ਸਾਡੀ ਗਵਾਹੀ ਦੀ ਘੋਸ਼ਣਾ ਕਰਦੇ ਹਾਂ, ਅਰਥਾਤ, ਅਸੀਂ ਇਹ ਘੋਸ਼ਣਾ ਕਰਦੇ ਹਾਂ, ਕਿ ਪ੍ਰਭੂ ਯਿਸੂ ਮਸੀਹ ਦੇ ਲਹੂ ਨੇ ਸਾਡੇ ਲਈ ਨਿੱਜੀ ਤੌਰ ਤੇ ਕੀ ਕੀਤਾ ਹੈ। ਸਾਡੀ ਗਵਾਹੀ ਦੇ ਵਚਨ ਨੂੰ ਬੋਲਦਿਆਂ ਹੋਇਆ, ਅਸੀਂ ਜ਼ਰੂਰ ਇਸ ਦੀ ਘੋਸ਼ਣਾ ਕਰਨੀ ਹੈ, ਕਿ ਪ੍ਰਭੂ ਯਿਸੂ ਮਸੀਹ ਦੇ ਲਹੂ ਨੇ ਸਾਡੇ ਲਈ ਕੀ ਕੀਤਾ ਹੈ। ਅਸੀਂ ਆਪਣੇ ਮੂੰਹ ਨਾਲ ਦੱਸਦਿਆਂ ਹੋਇਆ ਇਹ ਘੋਸ਼ਣਾ ਕਰਨੀ ਹੈ, ਕਿ ਪ੍ਰਭੂ ਯਿਸੂ ਮਸੀਹ

ਨੇ ਆਪਣੀ ਸਲੀਬੀ ਮੌਤ ਦੁਆਰਾ ਸਾਡੇ ਲਈ ਕੀ ਪੂਰਾ ਕੀਤਾ ਹੈ ਅਤੇ ਇਹ ਵੀ ਕਿ ਅਸੀਂ ਉਹਨਾਂ ਦੇ ਪੂਰੇ ਕੀਤੇ ਹੋਏ ਕੰਮ ਵਿੱਚ ਵਿਸ਼ਵਾਸ ਕਰਦੇ ਹਾਂ। ਸਾਡੀ ਇਹ ਘੋਸ਼ਣਾ ਕਿ ਲੇਲੇ ਦੇ ਲਹੂ ਨੇ ਸਾਡੇ ਲਈ ਕੀ ਕੀਤਾ ਹੈ, ਸਾਡੇ ਵਿਰੋਧੀ ਨੂੰ ਕੁਚਲਦੀ ਹੈ। ਪ੍ਰਭੂ ਯਿਸੂ ਮਸੀਹ ਨੇ ਆਪਣੀ ਸਲੀਬੀ ਮੌਤ ਦੁਆਰਾ ਤੁਹਾਡੇ ਲਈ ਜੋ ਵੀ ਕੀਤਾ ਹੈ, ਉਸ ਵਿੱਚ ਆਪਣੇ ਵਿਸ਼ਵਾਸ ਦੀ ਘੋਸ਼ਣਾ ਕਰੋ। ਆਪਣੇ ਵਿਸ਼ਵਾਸ ਨੂੰ ਬੋਲੋ।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ ‘ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***“ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ”*** (ਰੋਮੀਆਂ 6:23)। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **apcwo.org/locations** ਜਾਂ ਸਾਨੂੰ **contact@apcwo.org** 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

**ਕਿਸ਼ੋਰਾਂ ਲਈ**
**ਵਿਅਕਤੀਗਤ ਤਬਦੀਲੀਆਂ**
**ਰਿਸ਼ਤਿਆਂ ਦੀਆਂ ਚੁਣੌਤੀਆਂ**
**ਵਿੱਦਿਅਕ ਘੱਟ ਪ੍ਰਾਪਤੀਆਂ**
**ਕੰਮਕਾਜੀ ਮੁੱਦੇ**
**ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**
**ਮਾਪੇ / ਬੱਚੇ / ਭੈਣ–ਭਰਾ / ਹਾਣੀ**
**ਵਿਹਾਰ ਵਿੱਚ ਗੜਬੜੀਆਂ**
**ਸ਼ਖਸੀਅਤ ਸੰਬੰਧੀ ਗੜਬੜੀਆਂ**
**ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ**
**ਤਨਾਅ / ਸਦਮਾ**
**ਸ਼ਰਾਬਖੋਰੀ / ਨਸ਼ਾਖੋਰੀ**
**ਆਤਮਿਕ ਮੁੱਦੇ**
**ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore – 560043, Karnataka, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।


**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*
"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ **apcbiblecollege.org/elearn** 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਮੁੱਢੋਂ ਅਖੀਰ ਤੱਕ ਪਵਿੱਤਰ-ਗ੍ਰੰਥ ਵਿੱਚ, ਪਰਮੇਸ਼ਰ ਆਪਣੇ ਲੋਕਾਂ ਨੂੰ ਉਹਨਾਂ ਦੇ ਵਚਨ ਨੂੰ ਬੋਲਣ ਦੀ ਹਿਦਾਇਤ ਦਿੰਦੇ ਹਨ। ਪਰਮੇਸ਼ਰ ਦੇ ਵਚਨ ਵਿਸ਼ਵਾਸ ਨਾਲ ਸਾਡੇ ਮੂੰਹੋਂ ਨਿਕਲੇ ਸ਼ਬਦਾਂ ਦੇ ਰੂਪ ਵਿੱਚ ਸਾਡੇ ਦਿਲਾਂ ਅੰਦਰ ਅਤੇ ਕੁਦਰਤੀ ਖੇਤਰ ਵਿੱਚ ਸਿਰਜਣਾਤਮਿਕ ਅਤੇ ਚਮਤਕਾਰ ਕਰਨ ਵਾਲੀ ਸਮਰੱਥਾ ਨੂੰ ਪ੍ਰਦਾਨ ਕਰਦੇ ਹਨ। ਸਾਡੇ ਮੂੰਹੋਂ ਨਿਕਲੇ ਸ਼ਬਦਾਂ ਵਜੋਂ ਬੋਲਿਆ ਗਿਆ ਉਹਨਾਂ ਦਾ ਵਚਨ ਵੈਰੀ ਦੇ ਵਿਰੁੱਧ ਸਾਡਾ ਹਥਿਆਰ ਬਣ ਜਾਂਦਾ ਹੈ।

ਅਸੀਂ ਆਪਣੇ ਵਰਤਮਾਨ ਅਤੇ ਭਵਿੱਖ ਉੱਤੇ ਪਰਮੇਸ਼ਰ ਦੇ ਵਚਨ ਨੂੰ ਬੋਲਣ ਰਾਹੀਂ ਆਪਣੇ ਸੰਸਾਰ ਨੂੰ ਆਕਾਰ ਦੇ ਸਕਦੇ ਹਾਂ। ਹਮੇਸ਼ਾ ਅਤੇ ਸਾਰੇ ਹਾਲਾਤਾਂ ਵਿੱਚ ਸਾਨੂੰ ਵਿਸ਼ਵਾਸ ਨਾਲ ਭਰੇ ਸ਼ਬਦਾਂ ਨੂੰ ਬੋਲਣਾ ਸਿੱਖਣਾ ਚਾਹੀਦਾ ਹੈ। ਵਿਸ਼ਵਾਸ ਨਾਲ ਬੋਲਣਾ ਕਿਸੇ ਪਹਾੜ ਦੀ ਹੋਂਦ ਜਾਂ ਪਰਚੱਲਤ ਤੂਫ਼ਾਨ ਦੀ ਭਿਆਨਕਤਾ ਤੋਂ ਇਨਕਾਰ ਕਰਨਾ ਨਹੀਂ ਹੈ। ਇਸ ਦੇ ਬਦਲੇ, ਵਿਸ਼ਵਾਸ ਪਹਾੜ ਨੂੰ ਬੋਲਦਾ ਹੈ ਅਤੇ ਉਸ ਦੇ ਰਾਹ ਵਿੱਚ ਖੜ੍ਹੇ ਰਹਿਣ ਦੇ ਅਧਿਕਾਰ ਤੋਂ ਵਾਂਝਿਆਂ ਕਰਦਾ ਹੈ। ਵਿਸ਼ਵਾਸ ਹਵਾਵਾਂ ਅਤੇ ਤੂਫਾਨਾਂ ਨੂੰ ਬੋਲਦਾ ਹੈ ਕਿ ਉਹਨਾਂ ਨੂੰ ਤਬਾਹੀ ਮਚਾਉਣ ਦੇ ਉਹਨਾਂ ਦੇ ਅਧਿਕਾਰ ਤੋਂ ਵਾਂਝਿਆਂ ਕਰ ਦੇਵੇ ਅਤੇ ਉਹ ਇਸ ਦੇ ਬਦਲੇ, ਉਸ ਸ਼ਾਂਤੀ ਅਤੇ ਚੈਨ ਨੂੰ ਰਾਹ ਦਿੰਦਾ ਹੈ ਜੋ ਪਰਮੇਸ਼ਰ ਪ੍ਰਦਾਨ ਕਰਦੇ ਹਨ। ਵਿਸ਼ਵਾਸ ਬਿਮਾਰੀ ਨੂੰ ਹੁਕਮ ਦਿੰਦਿਆਂ ਹੋਇਆ ਬੋਲਦਾ ਹੈ ਕਿ ਉਹ ਚੰਗਿਆਈ ਅਤੇ ਸੰਪੂਰਨਤਾ ਨੂੰ ਜਿਹੜੀ ਪਰਮੇਸ਼ਰ ਤੋਂ ਆਉਂਦੀ ਹੈ ਰਾਹ ਦੇਵੇ।

ਇਹ ਕਿਤਾਬ ਤੁਹਾਨੂੰ ਇਸ ਬਾਈਬਲ ਦੀ ਸਚਿਆਈ ਵਿੱਚ ਸਥਾਪਿਤ ਕਰੇਗੀ ਅਤੇ ਤੁਹਾਨੂੰ ਹਰ ਸਮੇਂ ਤੁਹਾਡੇ ਵਿਸ਼ਵਾਸ ਨੂੰ ਬੋਲਣ ਦੀ ਪ੍ਰੇਰਨਾ ਦੇਵੇਗੀ!

All Peoples Church & World Outreach
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org